ISSN: 2277-9930
68
ਜਨਵਰੀ–ਜੂਨ 2021

# ਪ੍ਰਤਿਮਾਨ

ਮੁੱਲ: 50/–



# ਅਲਵਿਦਾ : ਮਹਿੰਦਰ ਸਾਥੀ

ਜੋਸ਼ ਦਾ ਇੱਕ ਜ਼ਲਜ਼ਲਾ ਅੱਜ ਸਾਡੀਆਂ ਬਾਹਾਂ 'ਚ ਹੈ
ਜਾਏਗੀ ਢਹਿ ਹਰ ਕੰਧ ਉਹ ਸਾਡੇ ਜੋ ਰਾਹਾਂ 'ਚ ਹੈ

ਤਪਦੀਆਂ ਤਵੀਆਂ ਤੇ ਠੰਡੇ ਬੁਰਜਾਂ ਤੋਂ ਜੋ ਨਾ ਝੁਕੇ
ਅੱਜ ਸਾਡੀ ਪਰਖ ਵੀ ਇਹ ਉਨ੍ਹਾਂ ਦੇ ਰਾਹਾਂ 'ਚ ਹੈ

ਦੁਨੀਆ ਨੇ ਕਹਿ ਕਹਿ ਨਸ਼ੇੜੀ ਬੱਦੂ ਕੀਤਾ ਜੋ ਪੰਜਾਬ
ਤੱਕ ਲਿਆ ਨਾ ਜ਼ੋਰ ਕਿੰਨਾ ਉਸਦੀਆਂ ਬਾਹਾਂ 'ਚ ਹੈ

ਬਾਜ਼ ਆ ਜ਼ਾਲਮ ਜ਼ੁਲਮ ਤੋਂ ਤਖ਼ਤ ਤੇਰਾ ਉੱਡ 'ਜੂ
ਇੱਕ ਝੱਖੜ ਅੱਜ ਮਜਲੂਮਾਂ ਦੀਆਂ ਆਹਾਂ 'ਚ ਹੈ

ਕਾਫ਼ਲੇ ਉਹ ਮੰਜਲਾਂ ' ਤੇ ਪਹੁੰਚਦੇ ਨੇ ਲਾਜ਼ਮੀ
ਹੋਸ਼ ਮੱਥਿਆਂ ਵਿੱਚ ਜਿਨ੍ਹਾਂ ਦੇ ਜੋਸ਼ ਇੱਕ ਸਾਹਾਂ 'ਚ ਹੈ

ਤੈਨੂੰ ਮਿਲ ਕੇ ਦਿੱਲੀਏ ਨੀ! ਫ਼ਰਿ ਮਿਲਾਂਗੇ ਉਨ੍ਹਾਂ ਨੂੰ
ਤੇਰਾ ਅੱਜ ਕੱਲ੍ਹ ਬਹਿਣ-ਉੱਠਣ ਜਿਹੜਿਆਂ ਸ਼ਾਹਾਂ 'ਚ ਹੈ

...

ਇਉਂ ਸੰਵੇਦਨਾ ਮੁਕ ਰਹੀ ਹੈ ਮਨੁੱਖ 'ਚੋਂ
ਜਿਵੇਂ ਪੱਤੇ ਤੇ ਸ਼ਾਖਾਂ ਟੁੱਟ ਜਾਣ ਰੁੱਖ ਤੋਂ
ਸਿਆਸਤ, ਧਰਮ, ਪਿਆਰ, ਜਿਸ ਲਈ ਨੇ ਫੈਸ਼ਨ
ਇਹ ਇਸ ਦੌਰ ਦਾ ਆਧੁਨਿਕ ਆਦਮੀ ਹੈ

ਨਾ ਸੀ ਸ਼ੌਕ ਸਾਡਾ, ਨਾ ਸਾਡੀ ਸੀ ਆਦਤ
ਤੇਰੇ ਜ਼ੁਲਮਾਂ ਸਾਨੂੰ ਸਿਖਾਈ ਬਗਾਵਤ
ਅਸਾਡਾ ਤਾਂ ਇਕ ਸ਼ੌਕ ਬਸ ਵੰਝਲੀ ਸੀ
ਇਹ ਬੰਦੂਕ ਤਾਂ ਬੇਵਸੀ ਨੇ ਫੜੀ ਹੈ

ਸੀ ਆਪਣੀ ਮੁਹੱਬਤ ਦਾ ਅੰਜਾਮ ਹੋਇਆ
ਗਿਆ ਫੁੱਲ ਸੀ ਰਸਮਾਂ ਦੇ ਨੇਜ਼ੇ ਪਰੋਇਆ
ਮੈਂ ਕਾਤਿਲ ਰਿਵਾਜਾਂ ਦੇ ਸੰਗ ਲੜ ਰਿਹਾ ਹਾਂ
ਲੜਦਿਆਂ ਗੁਜਰ ਗਈ ਅਧੀਓਂ ਵਧ ਸਦੀ ਹੈ

ਭਲਾ ਉਮਰ ਦਾ ਬੀਤ ਚੁੱਕਿਐ ਦੁਪਹਿਰਾ
ਪਰ ਅੱਖਾਂ 'ਚ ਸੁਪਨਾ ਹੈ ਸੂਹਾ ਸੁਨਹਿਰਾ
ਉਦਾਸੀ ਹੈ ਸੁਪਨੇ ਨੂੰ ਸਚ ਕਰ ਸਕੇ ਨੇ

ਤਸੱਲੀ ਹੈ ਸਾਡੀ ਵਫ਼ਾ ਨਾ ਵਿਕੀ ਹੈ
ਅਸੀਂ ਵੇਖੀਆਂ, ਝੱਲੀਆਂ ਤਲਖੀਆਂ ਜੋ
ਐ ! ਦੁਨੀਆਂ ਤੇਰੀ ਵਿਚ ਪੇਸ਼ ਨੇ ਉਹ
ਇਹ ਮੁੜ੍ਹਕੇ ਤੇ ਨਿਰਦੋਸ਼ ਰੱਤ ਦੀ ਹੈ ਖੁਸ਼ਬੋ
ਨਹੀਂ 'ਸਾਥੀ' ਦਾਅਵਾ ਕੀ ਇਹ ਸ਼ਾਇਰੀ ਹੈ

...

ਅਜੇ ਮੁੱਕੀ ਨਹੀਂ ਯਾਰੋ ! ਨਿਆਂ ਦੀ ਜੰਗ ਜਾਰੀ ਹੈ
ਪਏ ਨੇ ਤਿੜਕਦੇ ਪਿੰਜਰੇ , ਪਰਾਂ ਦੀ ਜੰਗ ਜਾਰੀ ਹੈ

ਸਬਰ ਹੈ ਪਰਖਦੀ ਦਿੱਲੀ ਤੇ ਮੇਰਾ ਹੌਸਲਾ ਮੌਸਮ
ਇਹ ਮੇਰੇ ਨਾਲ ਦੋ ਦੋ ਦੁਸ਼ਮਣਾਂ ਦੀ ਜੰਗ ਜਾਰੀ ਹੈ

ਸਿੰਘਾਸਣ ਝੂਠ 'ਤੇ ਅਸਵਾਰ, ਤੇ ਸੱਚ ਦਾ ਸਿਦਕ ਸ਼ਸਤਰ ਹੈ
ਨਤੀਜਾ ਵਕਤ ਦੱਸੇਗਾ, ਦੁਹਾਂ ਦੀ ਜੰਗ ਜਾਰੀ ਹੈ

ਜਿਨ੍ਹਾਂ ਦਾ ਵਿਰਸਾ ਕੁਰਬਾਨੀ, ਦਲੇਰੀ,ਸਬਰ ਤੇ ਸਿਦਕ ਐ,
ਉਨ੍ਹਾਂ ਹੀ ਯੋਧਿਆਂ ਤੇ ਹੁਕਮਰਾਂ ਦੀ ਜੰਗ ਜਾਰੀ ਹੈ

ਜਦੋਂ ਤੱਕ ਲੋਕਾਂ ਦੀ ਜਿੱਤ ਹੁੰਦੀ ਨੀਂ ਇਹ ਚਲਦੀ ਰਹਿਣੀ ਹੈ
ਜਨਾਬ ਇਹ ਲੋਕਾਂ ਦੀ ਤੇ ਲੋਟੂਆਂ ਦੀ ਜੰਗ ਜਾਰੀ ਹੈ

ਇਹ ਮਹਿਲਾਂ ਵਾਲੇ ਜਿਹੜੇ ਖੇਤ,ਘਰ ਨੇ ਖੋਹਣ ਨੂੰ ਫਿਰਦੇ
ਉਨ੍ਹਾਂ ਖੇਤਾਂ , ਉਨ੍ਹਾਂ ਜਾਗੇ ਘਰਾਂ ਦੀ ਜੰਗ ਜਾਰੀ ਹੈ

ਜਿਹੜੇ ਚਾਨਣ ਦੇ ਦੁਸ਼ਮਣ ਨੇ, ਜਿਹੜੇ ਹੱਕਾਂ ਦੇ ਕਾਤਲ ਨੇ
ਉਨ੍ਹਾਂ ਦੇ ਨਾਲ ਮੇਰੇ ਨਗ਼ਮਿਆਂ ਦੀ ਜੰਗ ਜਾਰੀ ਹੈ

ਸਲਾਮ ਉਹਨਾਂ ਨੂੰ ਮੇਰਾ ! ਉਹਨਾਂ ਨੂੰ ਮੇਰਾ ਸਜਦਾ ਹੈ
ਕਿ ਅੱਜ ਦੇ ਹਿਟਲਰਾਂ ਦੇ ਸੰਗ ਜਿਨ੍ਹਾਂ ਦੀ ਜੰਗ ਜਾਰੀ ਹੈ

ਇਹ ਸੱਚੇ ਦਿਲ ਨੇ ਇੱਕ ਪਾਸੇ, ਸ਼ੈਤਾਨੀ ਸਿਰ ਨੇ ਇਕ ਪਾਸੇ
ਇਹ ਸੱਚੇ ਦਿਲ ਤੇ ਸ਼ੈਤਾਨਾਂ ਸਿਰਾਂ ਦੀ ਜੰਗ ਜਾਰੀ ਹੈ

ਅਸਾਡੀ ਜੰਗ ਰੋਟੀ ਦੀ, ਉਨ੍ਹਾਂ ਦੀ ਜੰਗ ਲੋਟੀ ਦੀ
ਤੂੰ 'ਸਾਥੀ' ਕਿਸ ਦਾ ਏਂ ? ਇਹ ਦੋ ਧਿਰਾਂ ਦੀ ਜੰਗ ਜਾਰੀ ਹੈ

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਜੂਨ 2021 ਅੰਕ 68

ISSN: 2277-9930

RNI No. PUNPUN/2006/16230

**ਸੰਪਾਦਕ (ਆਨਰੇਰੀ)**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in

**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ, ਸੁਰਿੰਦਰ ਗੀਤ (ਕੈਨੇਡਾ)

**TITLE PAINTING BY**

APALA VATSA

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਤਕਰਾ


### ਸੰਪਾਦਕੀ

ਇਹਨਾਂ ਉਦਾਸ ਸਮਿਆਂ ਵਿੱਚ / 2

### ਵਿਸ਼ੇਸ਼ ਲੇਖ

'ਪਗੜੀ ਸੰਭਾਲ ਜੱਟਾ' ਲਹਿਰ-ਅਤੀਤ ਅਤੇ ਸਮਕਾਲ / ਹਰਵਿੰਦਰ ਭੰਡਾਲ / 3

### ਕਹਾਣੀਆਂ / ਮਿੰਨੀ ਕਹਾਣੀਆਂ

ਦਰਸ਼ਨ ਜੋਗਾ / 14, ਕਮਲੇਸ਼ ਭਾਰਤੀ, ਹਰਭਗਵਾਨ ਚਾਵਲਾ, ਵਰਿੰਦਰ ਭਾਟੀਆ, ਸੁਨੀਤਾ ਤਿਆਗੀ / 26, ਹਰਪ੍ਰੀਤ ਰਾਣਾ / 38, ਸ਼ਰਨਪ੍ਰੀਤ ਕੌਰ / 43

### ਜੀਵਨ ਯਾਦਾਂ: ਗੁਰਨਾਮ ਢਿੱਲੋਂ / 22

### ਕਵਿਤਾ / ਗ਼ਜ਼ਲ / ਗੀਤ

ਰਮਨ ਸੰਧੂ / 10, ਸੁਰਿੰਦਰ ਗੀਤ / 11, ਦਰਸ਼ਨ ਬੁਲੰਦਵੀ / 12, ਭੁਪਿੰਦਰ ਸੱਗੂ / 13, ਗੁਰਤੇਜ ਕੋਹਾਰਵਾਲਾ, ਸ਼ਮਸ਼ੇਰ ਮੋਹੀ, ਦੀਪਕ ਧਲੇਵਾਂ / 20, ਗੁਰਚਰਨ ਸੱਗੂ / 21, ਮਦਨ ਵੀਰਾ, ਜਗਦੀਪ ਸਿੱਧੂ, ਜਸਬੀਰ ਧੀਮਾਨ / 24, ਹਰਸਿਮਰਤ ਕੌਰ, ਗਗਨ ਮੀਤ / 25, ਸੁਰਜੀਤ ਸਿੰਘ ਕਾਉਂਕੇ, ਕੁਲਵਿੰਦਰ ਚਾਵਲਾ / 27, ਗੁਰਪ੍ਰੀਤ, ਉਮੇਸ਼ ਘਈ, ਪ੍ਰੋ. ਵੀਨਾ ਚਾਲੀਆ / 28, ਅਮਰਜੀਤ ਸਿੰਘ ਅਮਨੀਤ, ਜਗਰੂਪ ਸਿੰਘ, ਡਾ. ਨਰਿੰਦਰ ਨਿਰਛਲ, ਸੁਖਵੀਰ ਕੌਰ ਸੁਖਨ / 29, ਮਲਵਿੰਦਰ, ਨਵਦੀਪ ਮੁੰਡੀ, ਸੁਰਿੰਦਰ ਮਕਸੂਦਪੁਰੀ / 33, ਵਿਨੋਦ ਪਦਰਜ, ਦਿਵੇਸ਼ ਪਥ ਸਰੀਆ, ਦੀਪਾ ਕੰਡਪਾਲ / 34

### ਆਲੋਚਨਾ ਨਿਬੰਧ / ਰੀਵੀਊ

ਰਾਸ਼ਟਰੀ ਮੀਡੀਆ ਵਿਚ ਕਿਸਾਨੀ ਮੁੱਦਿਆਂ ਦੀ ਪੇਸ਼ਕਾਰੀ / ਰਾਜਦੀਪ ਸਿੰਘ ਸਿੱਧੂ / 30, ਮਹਾਂਬਲੀ ਸੂਰਾ:ਇੱਕ ਅਧਿਐਨ / ਸੰਦੀਪ ਕੌਰ / 35, ਸੰਤ ਬਾਬਾ ਅਤਰ ਸਿੰਘ / ਸੁਖਵਿੰਦਰ ਕੌਰ / 39, ਇਕਾਂਤ ਵਿੱਚ ਸ਼ਬਦ / ਧਰਮਪਾਲ ਸਾਹਿਲ / 42, ਮਹਾਂਬਲੀ ਸੂਰਾ ਨਾਵਲ ਦਾ ਨਾਇਕ / ਅਮਨਦੀਪ ਕੌਰ / 44 ਹਰੇ ਇਨਕਲਾਬ ਪਿੱਛੋਂ ਲਾਗੀ ਜਾਤੀ ਦੀ ਸੱਭਿਆਚਾਰਕ ਸਪੇਸ / ਬਲਵੰਤ ਸਿੰਘ / 45



*ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
*ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
*ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਇਨ੍ਹਾਂ ਉਦਾਸ ਸਮਿਆਂ ਵਿਚ

ਪਿਛਲੇ ਕੁਝ ਮਹੀਨਿਆਂ ਦੌਰਾਨ ਕਰੋਨਾ ਦੀ ਦੂਜੀ ਲਹਿਰ ਨੇ ਜੋ ਭਿਆਨਕ ਮੰਜ਼ਰ ਪੇਸ਼ ਕੀਤਾ ਹੈ ਉਸ ਨੇ ਸਾਡੇ ਸਮਾਜਿਕ, ਆਰਥਿਕ ਢਾਂਚੇ ਵਿਚ ਅਨੇਕ ਤਬਦੀਲੀਆਂ ਲੈ ਆਂਦੀਆਂ ਹਨ। ਸਾਂਵੀ ਹੋ ਰਹੀ ਜ਼ਿੰਦਗੀ ਵਿਚ ਤਾਲਾਬੰਦੀ ਦੇ ਨਾਮ ਤੇ ਇਕ ਵਾਰ ਫੇਰ ਖੜੋਤ ਪੈਦਾ ਹੋ ਗਈ ਹੈ। ਬਹੁਤ ਸਾਰੇ ਪਰਿਵਾਰਾਂ ਨੇ ਆਪਣੇ ਅਜੀਜ਼ ਪਰਿਵਾਰਿਕ ਮੈਂਬਰਾਂ, ਦੋਸਤਾਂ, ਮਿੱਤਰ ਪਿਆਰਿਆਂ ਨੂੰ ਗੁਆ ਲਿਆ ਹੈ ਪਰ ਅਜੇ ਵੀ ਇਹ ਬਿਮਾਰੀ ਰੁਕਣ ਦਾ ਨਾਮ ਨਹੀਂ ਲੈ ਰਹੀ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵਾਇਰਸ ਅਜੇ ਹਜ਼ਾਰਾਂ ਰੂਪਾਂ ਵਿਚ ਵਾਰ ਵਾਰ ਮੌਤ ਬਣ ਕੇ ਸਾਡੇ ਵਿਹੜਿਆਂ ਵਿਚ ਦਸਤਕ ਦੇਵੇਗਾ। ਏਸ ਭਿਆਨਕ ਬਿਮਾਰੀ ਨੇ ਜਿਥੇ ਸਾਨੂੰ ਜ਼ਹਿਨੀ ਤੌਰ ਤੇ ਬਦਹਵਾਸ ਅਤੇ ਆਰਥਿਕ ਪੱਧਰ ਤੇ ਪਛਾੜ ਕੇ ਰੱਖ ਦਿੱਤਾ ਹੈ ਉਥੇ ਦੇਸ਼ ਦੀਆਂ ਸਮੁੱਚੀਆਂ ਸਿਹਤ ਸੇਵਾਵਾਂ ਵਿਚਲਾ ਖੋਖਲਾਪਣ ਅਤੇ ਲੁੱਟ ਖਸੁੱਟ ਵੀ ਬਹੁਤ ਹੀ ਬੇਸ਼ਰਮੀ ਨਾਲ ਸਾਡੇ ਸਾਹਮਣੇ ਪੇਸ਼ ਹੋਈ ਹੈ। ਗਰੀਬ ਲੋਕਾਂ ਦੀ ਦਵਾਈਆਂ ਦੇ ਨਾਮ ਤੇ ਲੁੱਟ, ਹਸਪਤਾਲਾਂ ਵਿਚ ਮਹਿੰਗੇ ਮੁੱਲਾਂ ਤੇ ਬੈੱਡ ਮਿਲਣੇ, ਆਕਸੀਜਨ ਦੀ ਬਲੈਕ ਤੇ ਸਭ ਤੋਂ ਵਧ ਸ਼ਮਸ਼ਾਨ ਘਾਟਾਂ ਵਿਚ ਸਸਕਾਰ ਦੇ ਨਾਮ ਤੇ ਲੁੱਟ ਨੇ ਸਾਡੀ ਅਖੌਤੀ ਨੈਤਕਿਤਾ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਯੂ.ਪੀ. ਦੇ ਵਿਚ ਇਕ ਹਸਪਤਾਲ ਵੱਲੋਂ ਬੈੱਡ ਖਾਲੀ ਕਰਵਾਉਣ ਲਈ 22 ਮਰੀਜਾਂ ਦੀ ਆਕਸੀਜਨ ਬੰਦ ਕਰ ਕੇ ਹੱਤਿਆ ਕਰ ਦੇਣ ਦਾ ਮਾਮਲਾ ਜਿੱਥੇ ਡਾਕਟਰਾਂ ਦੀ ਪੈਸੇ ਲਈ ਅੰਨ੍ਹੀ ਹਵਸ ਦਾ ਨਮੂਨਾ ਪੇਸ਼ ਕਰਦਾ ਹੈ, ਉਥੇ ਦੇਸ਼ ਵਿਚਲੀਆਂ ਸਿਹਤ ਸਹੂਲਤਾਂ ਦੇ ਦਿਵਾਲੀਏਪਣ ਨੂੰ ਵੀ ਬਹੁਤ ਬੇਰਹਿਮੀ ਨਾਲ ਉਜਾਗਰ ਕਰਦਾ ਹੈ।

ਇਸੇ ਸਮੁੱਚੇ ਸੰਕਟ ਦੌਰਾਨ ਦੇਸ਼ ਦੇ ਕਿਸਾਨ ਅਜੇ ਵੀ ਬਾਰਡਰਾਂ ਤੇ ਬੈਠੇ ਕੇਂਦਰ ਸਰਕਾਰ ਦੇ ਮੂੰਹ ਵੱਲ ਝਾਕ ਰਹੇ ਹਨ। ਸਰਦੀਆਂ ਤੋਂ ਬਾਅਦ ਅੱਤ ਦੀ ਗਰਮੀ ਸ਼ੁਰੂ ਹੋ ਚੁੱਕੀ ਹੈ। ਤਪਸ਼ ਮੀਂਹ ਝਖੜ ਤੂਫਾਨਾਂ ਦੀ ਮਾਰ ਨੂੰ ਝੱਲਦਾ ਦੇਸ਼ ਦਾ ਅੰਨਦਾਤਾ ਆਪਣੇ ਸਬਰ ਦਾ ਇਮਤਿਹਾਨ ਦੇ ਰਿਹਾ ਹੈ। ਕੁਦਰਤੀ ਆਫਤਾਂ ਨੂੰ ਝੱਲਦਿਆਂ ਸੜਕਾਂ ਕਿਨਾਰੇ ਰਹਿਣਾ ਕਿੰਨਾ ਕਠਿਨ ਹੈ ਇਹ ਸੋਚ ਕੇ ਰੂਹ ਕੰਬ ਜਾਂਦੀ ਹੈ। ਪਰ ਲਗਦਾ ਹੈ ਸਰਕਾਰ ਨੂੰ ਇਸ ਦੀ ਕੋਈ ਚਿੰਤਾ ਨਹੀਂ। ਬੰਦ ਹੋ ਰਹੇ ਕੰਮ ਧੰਦਿਆਂ ਨੇ ਆਮ ਆਦਮੀ ਨੂੰ ਜਿੱਥੇ ਦੋ ਟਾਇਮ ਦੀ ਰੋਟੀ ਤੋਂ ਵੀ ਅਵਾਜ਼ਾਰ ਕੀਤਾ ਹੋਇਆ ਹੈ, ਉਥੇ ਰੋਜ਼ਾਨਾ ਆਮ ਵਰਤੋਂ ਦੀਆਂ ਚੀਜ਼ਾਂ, ਰਸੋਈ ਗੈਸ ਅਤੇ ਤੇਲ ਦੀਆਂ ਕੀਮਤਾਂ ਵਿਚ ਹੋ ਰਹੇ ਵਾਧੇ ਨੇ ਆਮ ਆਦਮੀ ਦਾ ਲੱਕ ਤੋੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਸਕੂਲਾਂ ਵਿਚ ਬੱਚਿਆਂ ਦੀ ਪੜ੍ਹਾਈ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਦੇਸ਼ ਦੁਨੀਆਂ ਦੇ ਇਹ ਸਾਰੇ ਹਾਲਾਤ ਮਨ ਨੂੰ ਬਹੁਤ ਬੇਚੈਨ ਕਰਨ ਵਾਲੇ ਹਨ।

**'ਪ੍ਰਤਿਮਾਨ'** ਦਾ ਇਹ ਅੰਕ ਕਿਸਾਨ ਅੰਦੋਲਨ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਜਾਣਾ ਸੀ ਪਰ ਕੁਝ ਕੁ ਤਕਨੀਕੀ ਕਾਰਨਾਂ ਕਰ ਕੇ ਉਹ ਅੰਕ ਆਉਂਦੇ ਸਮੇਂ ਵਿਚ ਛੇਤੀ ਹੀ ਪ੍ਰਕਾਸ਼ਿਤ ਕੀਤਾ ਜਾਵੇਗਾ। ਆਓ ਰਲ ਕੇ ਦੁਆ ਕਰੀਏ ਕਿ ਸਭ ਕੁਝ ਛੇਤੀ ਹੀ ਸੁਖਾਵਾਂ ਹੋ ਜਾਵੇ ਅਤੇ ਜ਼ਿੰਦਗੀ ਸਹਿਜ ਆਪਣੀ ਤੋਰੇ ਤੁਰ ਪਵੇ। ਤੁਹਾਡੇ ਸੁਖ ਸੁਨੇਹਿਆਂ ਦੀ ਉਡੀਕ ਰਹੇਗੀ।

**ਅਮਰਜੀਤ ਕੌਂਕੇ**

# 'ਪਗੜੀ ਸੰਭਾਲ ਜੱਟਾ' ਲਹਿਰ-ਅਤੀਤ ਅਤੇ ਸਮਕਾਲ / ਹਰਵਿੰਦਰ ਭੰਡਾਲ



'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓ'- ਇੱਕ ਸਦੀ ਤੋਂ ਉੱਪਰ ਅਰਸਾ ਬੀਤਣ ਪਿੱਛੋਂ ਇੱਕ ਵਾਰ ਫ਼ਿਰ ਇਹ ਗੀਤ ਫਿਜ਼ਾਵਾਂ ਵਿੱਚ ਗੂੰਜ ਰਿਹਾ ਹੈ। ਪੋਹ-ਮਾਘ ਦੇ ਬਰਫ਼ੀਲੇ ਸਿਆਲ ਵਿੱਚ, ਵਾਹੀ ਬੀਜੀ ਕਰਨ ਵਾਲ਼ੇ ਆਪਣੇ ਖੇਤਾਂ ਨੂੰ ਛੱਡ ਦਿੱਲੀ ਦੀਆਂ ਸਰਹੱਦਾਂ ਬਾਹਰ ਬੈਠੇ ਹਨ। ਉਹਨਾਂ ਲਈ ਇਹ ਹੋਂਦ ਬਚਾਉਣ ਦੀ ਲੜਾਈ ਹੈ। ਨਵ-ਉਦਾਰੀਵਾਦ ਦੇ ਬੁਲਡੋਜ਼ਰ ਹੱਥੋਂ ਆਪਣੀ ਵਾਹੀ ਬੀਜੀ ਦੇ ਖਾਨਦਾਨੀ ਕੰਮ ਨੂੰ ਬਚਾਉਣ ਦੀ ਆਖਰੀ ਲੜਾਈ। ਪੰਜਾਬ ਦੇ ਕਿਸਾਨਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਵਿੱਚ ਹੋਰ ਰਾਜਾਂ ਦੇ ਕਿਸਾਨ ਵੀ ਸ਼ਾਮਿਲ ਹੋ ਚੁੱਕੇ ਹਨ। ਕਿਸਾਨਾਂ ਤੋਂ ਇਲਾਵਾ ਸਮਾਜ ਦੇ ਹੋਰ ਤਬਕੇ ਵੀ ਇਸ ਵਿੱਚ ਸ਼ਾਮਿਲ ਹੋ ਗਏ ਹਨ। ਹੌਲ਼ੀ ਹੌਲ਼ੀ ਇਹ ਰਾਸ਼ਟਰੀ ਅੰਦੋਲਨ ਬਣ ਗਿਆ ਹੈ। ਇਸੇ ਲਈ ਇਸ ਨੇ ਅਜ਼ਾਦੀ ਲਈ ਲੜੇ ਗਏ ਰਾਸ਼ਟਰੀ ਸੰਘਰਸ਼ ਦੀਆਂ ਸਿਮਰਤੀਆਂ ਵੀ ਜਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਤੀਤ ਵੱਲ ਮੁੜਦਿਆਂ ਅਸੀਂ ਨਕਸਲਬਾੜੀ, ਮੁਜ਼ਾਰਾ ਲਹਿਰ, ਤਿਭਾਗਾ, ਤਿਲੰਗਾਨਾ, ਮੋਪਲਾ ਆਦਿ ਤੋਂ 1907 ਦੇ 'ਪਗੜੀ ਸੰਭਾਲ ਜੱਟਾ' ਸੰਘਰਸ਼ ਤੱਕ ਪਹੁੰਚਦੇ ਹਾਂ। ਹਾਲ ਹੀ ਦੇ ਵਰ੍ਹਿਆਂ ਵਿੱਚ ਲੱਖਾਂ ਕਿਸਾਨਾਂ ਦੇ ਕਾਫ਼ਲੇ ਵੱਲੋਂ ਲਹੂ ਲਿਬੜੀਆਂ ਫਟੀਆਂ ਨੰਗੀਆਂ ਅੱਡੀਆਂ ਨਾਲ਼ ਮੁੰਬਈ ਤੱਕ ਦਾ ਮਾਰਚ ਸਾਡੇ ਚੇਤਿਆਂ ਵਿੱਚ ਉਸੇ ਤਰ੍ਹਾਂ ਤਾਜ਼ਾ ਹੈ।

ਅਜੋਕੇ ਸਮਿਆਂ ਵਿੱਚ ਵਾਹੀ-ਬੀਜੀ ਅਜਿਹੀ ਆਰਥਿਕ ਸਰਗਰਮੀ ਬਣ ਗਈ ਹੈ, ਜਿਸ ਦੀ ਮਹਿਮਾ ਸਭ ਕਰਦੇ ਹਨ ਪ੍ਰੰਤੂ ਅਪਨਾਉਣਾ ਕੋਈ ਨਹੀਂ ਚਾਹੁੰਦਾ। ਮਹਿਮਾ ਪਿੱਛੇ 'ਉੱਤਮ ਖੇਤੀ' ਦਾ ਸੱਭਿਆਚਾਰਕ ਉਦਰੇਵਾਂ ਹੋ ਸਕਦਾ ਹੈ। ਇਸ ਤੋਂ ਛੁਟਕਾਰਾ ਪਾਉਣ ਦੀ ਇੱਛਾ ਇਸ ਨਾਲ਼ ਜੁੜੀਆਂ ਵਿਹਾਰਕ ਮੁਸ਼ਕਿਲਾਂ ਵਿੱਚੋਂ ਉਪਜਦੀ ਹੈ। ਆਮ ਸਧਾਰਨ ਬੰਦੇ ਦੀ ਨਜ਼ਰ ਵਿੱਚ ਕਿਸਾਨ ਦਾ ਬਿੰਬ ਸਾਦ-ਮੁਰਾਦੇ ਜਿਹੇ ਵਿਅਕਤੀ ਦਾ ਹੁੰਦਾ ਹੈ, ਜੋ ਸਾਰਾ ਦਿਨ ਪੈਲ਼ੀਆਂ ਵਿੱਚ ਮਿੱਟੀ ਨਾਲ਼ ਮਿੱਟੀ ਹੋ ਕੇ ਕੰਮ ਕਰਦਾ ਹੈ। ਆਮ ਨਜ਼ਰ ਨੂੰ ਅਜੇ ਵੀ ਕਿਸਾਨ ਦੀ ਉਹ ਮੂਰਤ ਹੀ ਪੋਂਹਦੀ ਹੈ ਜਿਸ ਵਿੱਚ ਉਸ ਨੇ ਬਲ਼ਦਾਂ ਪਿੱਛੇ ਤੁਰਦਿਆਂ ਹਲ਼ ਦਾ ਮੰਨਾ ਫੜਿਆ ਹੁੰਦਾ ਹੈ। ਟਰੈਕਟਰ-ਕੰਬਾਈਨਾਂ ਵਾਲ਼ਾ ਕਿਸਾਨ ਓਪਰਾ ਲਗਦਾ ਹੈ। ਸਮਾਜ ਦੀ ਸਮੂਹਕ ਨਜ਼ਰ ਅੰਦਰ ਕਿਸਾਨ ਦਾ ਬਿੰਬ ਇਸੇ ਤਰ੍ਹਾਂ ਜਾਮ ਹੋਇਆ ਪਿਆ ਹੈ। ਇਹ ਬਿੰਬ ਸਾਮੰਤੀਕ੍ਰਿਤ ਸਮਾਜ ਵਿੱਚ ਰਵਾਇਤੀ ਤਰੀਕਿਆਂ ਨਾਲ਼ ਵਾਹੀ ਬੀਜੀ ਕਰਨ ਵਾਲ਼ੇ ਕਿਸਾਨ ਦਾ ਹੈ।

ਇਹੀ ਕਿਸਾਨ ਆਪਣੀ ਹੋਂਦ ਲਈ ਲੜਦਾ ਸਮੇਂ ਸਮੇਂ ਆਪਣੇ ਹਲ ਦੇ ਮੁੰਨੇ ਨੂੰ ਉਸੇ ਤਰ੍ਹਾਂ ਛੱਡਦਾ ਰਿਹਾ ਹੈ ਜਿਵੇਂ ਅੱਜ ਉਸ ਨੇ ਆਪਣਾ ਟਰੈਕਟਰ-ਟਰਾਲੀ ਖੇਤਾਂ ਵਿੱਚੋਂ ਕੱਢ ਦਿੱਲੀ ਦੀਆਂ ਹੱਦਾਂ ਉੱਤੇ ਲਿਆ ਖੜ੍ਹਾ ਕੀਤਾ ਹੈ। ਅਤੀਤ ਤੇ ਸਮਕਾਲ਼ ਦੀ ਤੁਲਨਾ ਕਰਦਿਆਂ ਦਿਸਦਾ ਹੈ ਕਿ ਅਜੋਕੇ ਕਿਸਾਨ ਸੰਘਰਸ਼ ਦੀਆਂ ਬਹੁਤ ਸਾਰੀਆਂ ਤੰਦਾਂ ਅਤੀਤ ਵਿਚਲੇ 'ਪਗੜੀ ਸੰਭਾਲ਼ ਜੱਟਾ' ਸੰਘਰਸ਼ ਨਾਲ਼ ਇੰਨ ਬਿੰਨ ਮੇਲ਼ ਖਾਂਦੀਆਂ ਹਨ। ਇਹਨਾਂ ਸਾਂਝੀਆਂ ਤੰਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਅਸੀਂ ਸਮਕਾਲੀ ਸੰਘਰਸ਼ ਦੇ ਭਵਿੱਖ ਬਾਰੇ ਵੀ ਅੰਦਾਜ਼ਾ ਲਾ ਸਕਦੇ ਹਾਂ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਉਸ ਪੰਜਾਬੀ ਪ੍ਰਸੰਗ ਦੀ ਲੋੜ ਪਵੇਗੀ, ਜਿਸ ਵਿੱਚੋਂ 'ਪਗੜੀ ਸੰਭਾਲ਼ ਜੱਟਾ' ਲਹਿਰ ਦੇ ਬੀਜ ਫੁੱਟੇ ਸਨ।

***

ਬਰਤਾਨਵੀ ਬਸਤੀਵਾਦੀਆਂ ਨੇ ਪੰਜਾਬ ਉੱਤੇ ਆਪਣੇ ਕਬਜ਼ੇ ਪਿੱਛੋਂ ਪੰਜਾਬੀ ਅਰਥਚਾਰੇ ਦੇ ਆਪਣੇ ਅਜ਼ਾਦ ਵਿਕਾਸ ਨੂੰ ਰੋਕ ਕੇ ਇਸ ਨੂੰ ਬਸਤੀਵਾਦੀ ਸਾਮਰਾਜ ਦੀਆਂ ਲੋੜਾਂ ਨਾਲ਼ ਬੰਨ੍ਹ ਦਿੱਤਾ। ਇਸ ਨੇ ਖੇਤ ਅਤੇ ਖੇਤੀ ਨੂੰ ਤਰਤੀਬ ਦੇਣ ਦੀ ਕੋਸ਼ਿਸ਼ ਕਰਦਿਆਂ ਐਨ ਯੂਰਪੀ ਤਸੱਵੁਰ ਨੂੰ ਆਪਣਾ ਮਾਡਲ ਬਣਾਇਆ ਤੇ ਏਥੇ ਵੀ ਯੂਰਪੀ ਸਾਮੰਤਵਾਦ ਦੀ ਤਰਜ਼ ਉੱਤੇ ਹੀ ਮਾਲਕੀ ਹੱਕ ਨਿਸ਼ਚਤ ਕੀਤੇ। ਫ਼ਲਸਰੂਪ ਖੇਤੀ ਅਰਥਚਾਰੇ ਅੰਦਰ ਆਪਣੀਆਂ ਹੀ ਲੀਹਾਂ ਉੱਤੇ ਹੋਇਆ ਉਦੋਂ ਤੱਕ ਦਾ ਸਥਾਨਕ ਵਿਕਾਸ ਅਰਥਹੀਣ ਹੋ ਗਿਆ। ਸੀ। ਅੰਗਰੇਜ਼ਾਂ ਲਈ ਪੰਜਾਬ ਦੋ ਲੋੜਾਂ ਪੂਰੀਆਂ ਕਰਨ ਵਾਲ਼ਾ ਰਾਜ ਸੀ। ਇਹਨਾਂ ਵਿੱਚੋਂ ਪਹਿਲੀ ਲੋੜ ਖੇਤੀ ਨਾਲ਼ ਜੁੜੀ ਸੀ। ਇੰਗਲੈਂਡ ਵਿਚਲੀ ਉਦਯੋਗਿਕ ਕ੍ਰਾਂਤੀ ਦੀ ਭੱਠੀ ਮਘਦੀ ਰੱਖਣ ਲਈ ਉਸ ਨੂੰ ਫਸਲਾਂ ਦੇ ਰੂਪ ਵਿੱਚ ਕੱਚਾ ਮਾਲ ਲੋੜੀਂਦਾ ਸੀ। ਉਸ ਵੇਲ਼ੇ ਦੇ ਪੰਜਾਬ ਦੇ ਕੇਂਦਰੀ ਇਲਾਕਿਆਂ ਨੂੰ ਛੱਡ ਕੇ ਪੱਛਮੀ ਅਤੇ ਪੂਰਬੀ ਪੰਜਾਬ ਵਿੱਚ ਖੁੱਲ੍ਹੀਆਂ ਪਰ ਬੰਜਰ ਜ਼ਮੀਨਾਂ ਸਨ। ਇਸ ਲਈ ਇਹਨਾਂ ਜ਼ਮੀਨਾਂ ਨੂੰ ਵਾਹੀਯੋਗ ਬਣਾ ਕੇ ਏਥੋਂ ਫ਼ਸਲਾਂ ਲਈਆਂ ਜਾ ਸਕਦੀਆਂ ਸਨ।

ਇਸੇ ਲਈ 1857 ਦੇ ਗ਼ਦਰ ਦੀ ਚੰਗਿਆੜੀ ਮੱਠੀ ਪੈਂਦਿਆਂ ਹੀ ਅੰਗਰੇਜ਼ਾਂ ਨੇ 1859 ਵਿੱਚ ਰਾਵੀ ਦਰਿਆ ਵਿੱਚੋਂ ਪਹਿਲੀ ਨਹਿਰ ਕੱਢ ਦਿੱਤੀ ਸੀ। ਸਰਹੰਦ ਨਹਿਰ 1883 ਵਿੱਚ ਬਣੀ ਤੇ ਝਨਾਂਅ ਤੇ ਜਿਹਲਮ ਵਿੱਚੋਂ ਕ੍ਰਮਵਾਰ 1887 ਅਤੇ 1901 ਵਿੱਚ ਨਹਿਰਾਂ ਕੱਢੀਆਂ ਗਈਆਂ। ਇਹਨਾਂ ਨਹਿਰਾਂ ਨਾਲ਼ 10 ਲੱਖ ਏਕੜ ਜ਼ਮੀਨ ਨੂੰ ਵਾਹੀਯੋਗ ਬਣਾਇਆ ਗਿਆ। ਅੰਗਰੇਜ਼ਾਂ ਲਈ ਕੇਂਦਰੀ ਪੰਜਾਬ ਦੇ ਕਿਸਾਨ ਮਾਡਲ ਕਿਸਾਨ ਸਨ ਕਿਉਂਕਿ ਉਹ ਪਹਿਲਾਂ ਹੀ ਖੇਤੀ ਦੇ ਕੰਮ ਵਿੱਚ

ਨਿਪੁੰਨ ਸਨ। ਉਹਨਾਂ ਅਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫ਼ਿਰੋਜ਼ਪੁਰ ਤੇ ਅੰਬਾਲ਼ਾ ਦੇ ਕਿਸਾਨਾਂ ਨੂੰ ਹੀ ਵਧੇਰੇ ਜ਼ਮੀਨਾਂ ਅਲਾਟ ਕੀਤੀਆਂ। ਬਸਤੀਵਾਦੀ ਹਕੂਮਤ ਨੇ ਇਹਨਾਂ ਜ਼ਮੀਨਾਂ ਲਈ ਪੂਰਨ ਯੋਜਨਾਬੰਦੀ ਤਿਆਰ ਕੀਤੀ ਤੇ ਇਹਨਾਂ ਉੱਤੇ ਨਹਿਰੀ ਕਲੋਨੀਆਂ ਵਸਾਈਆਂ। ਪੰਜਾਬੀ ਦੇ ਪੋਪੂਲਰ ਮੁਹਾਵਰੇ ਵਿੱਚ ਇਹਨਾਂ ਨੂੰ ਬਾਰਾਂ ਕਿਹਾ ਗਿਆ। ਸਾਂਦਲ ਬਾਰ, ਕਿੜਾਣਾ ਬਾਰ, ਗੰਜੀ ਬਾਰ ਤੇ ਨੀਲੀ ਬਾਰ ਪੰਜਾਬ ਦੀਆਂ ਚਾਰ ਮਸ਼ਹੂਰ ਬਾਰਾਂ ਸਨ।

ਪੱਛਮੀ ਪੰਜਾਬ ਦੀਆਂ ਇਹਨਾਂ ਬਾਰਾਂ ਵਿੱਚ ਪਾਣੀ ਦੀ ਕਮੀ ਸੀ। ਪੀਣ ਦੇ ਪਾਣੀ ਲਈ ਲੋਕ ਖੂਹ ਪੁੱਟਦੇ ਸਨ ਤੇ ਉਹਨਾਂ ਖੂਹਾਂ ਦੇ ਆਲ਼ੇ ਦੁਆਲ਼ੇ ਹੀ ਆਰਜ਼ੀ ਪਿੰਡ ਵੱਸਦਾ ਸੀ। ਖੂਹ ਸੁੱਕ ਜਾਣ ਪਿੱਛੋਂ ਉਹ ਪਿੰਡ ਨਵੇਂ ਖੂਹ ਦੁਆਲ਼ੇ ਜਾ ਜੁੜਦਾ ਸੀ। ਉਂਝ ਵੀ ਇਸ ਪੱਛਮੀ ਪੰਜਾਬ ਵਿੱਚ ਫਿਰਤੂ ਕਬੀਲੇ ਹੀ ਰਹਿੰਦੇ ਸਨ ਜਿਹਨਾਂ ਦੀ ਖੇਤੀ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ। ਉਹ ਲੋਕ ਆਪਣੇ ਪਸ਼ੂ ਹੀ ਪਾਲ਼ਦੇ ਸਨ। ਅਬਾਦਕਾਰ ਇਹਨਾਂ ਨੂੰ "ਜਾਂਗਲ਼ੀ" ਕਹਿ ਕੇ ਬੁਲਾਉਂਦੇ ਸਨ। ਇਹਨਾਂ ਦੀ ਨਕਾਰਾਤਮਕ ਪੇਸ਼ਕਾਰੀ ਸੰਤ ਸਿੰਘ ਸੇਖੋਂ ਦੀ 'ਸ਼ਾਹਕਾਰ' ਸਮਝੀ ਜਾਂਦੀ ਸਿਰੇ ਦੀ ਨਸਲਵਾਦੀ ਕਹਾਣੀ 'ਹਲ਼ਵਾਹ' ਵਿੱਚ ਅਤੇ ਸਕਾਰਾਤਮਕ ਚਿਤਰਣ ਡਾ. ਹਰਕੀਰਤ ਸਿੰਘ ਦੀ ਖੂਬਸੂਰਤ ਕਿਤਾਬ 'ਯਾਦਾਂ ਗੰਜੀ ਬਾਰ ਦੀਆਂ' ਵਿੱਚ ਪੜ੍ਹਿਆ ਜਾ ਸਕਦਾ ਹੈ।

ਇਸ ਇਲਾਕੇ ਵਿੱਚ ਔਸਤ ਕੁਦਰਤੀ ਵਰਖਾ ਵੀ ਬਹੁਤ ਘੱਟ ਸੀ। ਅੰਗਰੇਜ਼ਾਂ ਨੇ ਯੂਰਪੀ ਤਰਜ਼ ਦੀਆਂ ਚੌਰਸ ਕਲੋਨੀਆਂ ਕੱਟ ਕੇ ਕੇਂਦਰੀ ਪੰਜਾਬ ਦੇ ਕਿਸਾਨਾਂ ਨੂੰ ਏਥੇ ਅਬਾਦ ਕਰਨਾ ਸ਼ੁਰੂ ਕੀਤਾ। ਆਮ ਕਿਸਾਨ ਨੂੰ ਇੱਕ ਮੁਰੱਬਾ (25 ਏਕੜ) ਤੇ ਜੀਅ ਹਜ਼ੂਰੀਏ ਵਜੋਂ ਸਰਕਾਰ ਨੂੰ ਖੁਸ਼ ਕਰ ਚੁੱਕੇ ਬੰਦੇ ਨੂੰ 4-5 ਮੁਰੱਬੇ ਮਿਲ਼ਦੇ ਸਨ। ਵਫ਼ਾਦਾਰ, ਝੋਲ਼ੀਚੁੱਕ ਜਗੀਰਦਾਰ ਨੂੰ 6 ਤੋਂ 20 ਮੁਰੱਬੇ ਵੀ ਅਲਾਟ ਕੀਤੇ ਜਾਂਦੇ ਸਨ। ਇਹਨਾਂ ਮੁਰੱਬਿਆਂ ਵਿੱਚ ਆਮ ਤੌਰ ਤੇ ਮੁਜ਼ਾਰੇ ਹੀ ਖੇਤੀ ਕਰਦੇ ਸਨ। ਫੌਜ ਵਿੱਚੋਂ ਸੇਵਾ ਮੁਕਤੀ ਵੇਲ਼ੇ ਵੀ ਮੁਰੱਬੇ ਮਿਲ਼ਦੇ ਸਨ। ਆਮ ਸਿਪਾਹੀ ਨੂੰ ਇੱਕ ਤੇ ਅਫ਼ਸਰ ਨੂੰ 5 ਮੁਰੱਬੇ ਅਲਾਟ ਹੁੰਦੇ। ਕੁਝ ਥਾਵਾਂ ਉੱਤੇ ਘੋੜੇ ਤੇ ਖੱਚਰਾਂ ਪਾਲਣ ਦੀ ਸ਼ਰਤ ਉੱਤੇ ਵੀ ਜ਼ਮੀਨ ਦਿੱਤੀ ਜਾਂਦੀ। ਇਹ ਘੋੜੇ ਤੇ ਖੱਚਰਾਂ ਫੌਜ ਦੀ ਲੋੜ ਪੂਰੀ ਕਰਨ ਵਾਸਤੇ ਸਨ। ਨਵੇਂ ਕਾਸ਼ਤਕਾਰਾਂ ਵਿੱਚ ਵਧੇਰੇ ਗਿਣਤੀ ਜੱਟ ਸਿੱਖਾਂ ਦੀ ਹੀ ਸੀ।

ਨਵੇਂ ਅਬਾਦਕਾਰਾਂ ਨੇ ਆਪਣੀ ਮਿਹਨਤ ਅਤੇ ਹੁਨਰ ਨਾਲ਼ ਬੰਜਰ ਜ਼ਮੀਨਾਂ ਨੂੰ ਵਾਹੀਯੋਗ ਬਣਾਇਆ। ਸਰਕਾਰ ਉਹਨਾਂ ਨੂੰ ਇਹਨਾਂ ਜ਼ਮੀਨਾਂ ਵਿੱਚ ਕਣਕ, ਕਪਾਹ ਤੇ ਤੇਲਾਂ ਵਾਲ਼ੇ ਬੀਜ ਬੀਜਣ ਲਈ ਆਖਦੀ ਸੀ। ਸਰਕਾਰ ਨੂੰ ਇਹਨਾਂ ਫਸਲਾਂ ਦੀ ਹੀ ਲੋੜ ਸੀ। ਬਾਰ ਵਿੱਚ ਮਿਲ਼ੀਆਂ ਖੁੱਲ੍ਹੀਆਂ ਜ਼ਮੀਨਾਂ ਨੇ ਇੱਕ ਵਾਰ ਕਿਸਾਨਾਂ ਦੇ ਦਿਲ ਖੁਸ਼ ਕਰ ਦਿੱਤੇ। ਪਰ ਇਹ ਖੁਸ਼ੀ ਬਹੁਤਾ ਚਿਰ ਨਾ ਰਹੀ। ਅੰਗਰੇਜ਼ਾਂ ਦੇ ਬਸਤੀਵਾਦੀ ਅਰਥਚਾਰੇ ਦੇ ਆਪਣੇ ਨੇਮ ਸਨ। ਇਹ ਅਰਥਚਾਰਾ ਬਸਤੀਆਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਡਿਜ਼ਾਈਨ ਨਹੀਂ ਸੀ ਕੀਤਾ ਗਿਆ। ਇਸੇ ਲਈ ਫਸਲਾਂ ਦੀ ਕੀਮਤ ਓਨੀ ਕੁ ਹੀ ਤੈਅ ਕੀਤੀ ਜਾਂਦੀ ਸੀ ਜਿਸ ਨਾਲ਼ ਕਿਸਾਨ ਅਗਲੇ ਵਰ੍ਹੇ ਦੀ ਫ਼ਸਲ ਬੀਜਣ ਯੋਗ ਹੀ ਰਹੇ। ਕਿਸਾਨ ਨੂੰ ਵਾਧੂ ਆਮਦਨ ਲਈ ਘਰ ਦੇ ਇੱਕ ਜੀਅ ਨੂੰ ਫੌਜ ਵਿੱਚ ਵੀ ਭਰਤੀ ਕਰਵਾਉਣਾ ਪੈਂਦਾ ਸੀ। ਇਸ ਤੋਂ ਇਲਾਵਾ ਅੰਗਰੇਜ਼ਾਂ ਨੇ ਕਿਸਾਨਾਂ ਅਤੇ ਹਕੂਮਤ ਦਰਮਿਆਨ ਵਿਚੋਲਗੀ ਕਰਨ ਵਾਲ਼ੀ ਸ਼ਾਹੂਕਾਰ ਜਮਾਤ ਵੀ ਪੈਦਾ ਕਰ ਦਿੱਤੀ ਸੀ। ਇਹ ਜਮਾਤ ਹਰ ਵੇਲ਼ੇ ਕਿਸਾਨ ਨੂੰ ਆਪਣੇ ਕਰਜ਼ੇ ਵਿੱਚ ਫਸਾ ਕੇ ਉਸ ਦੀ ਜ਼ਮੀਨ ਹਥਿਆਉਣ ਦੀਆਂ ਜੁਗਤਾਂ ਹੀ ਸੋਚਦੀ ਸੀ। 'ਤੂਤਾਂ ਵਾਲ਼ਾ ਖੂਹ' ਦਾ ਧੰਨੇ ਸ਼ਾਹ ਇਸ ਜਮਾਤ ਦਾ ਪ੍ਰਤੀਨਿਧ ਪਾਤਰ ਹੈ।

1907 ਦੇ ਨੇੜਲੇ ਅਤੀਤ ਵਿੱਚ ਲੋਕਾਂ ਨੂੰ ਹੋਰ ਆਫ਼ਤਾਂ ਦਾ ਸਾਹਮਣਾ ਵੀ ਕਰਨਾ ਪਿਆ ਸੀ। ਮਹਾਂਮਾਰੀ ਫੈਲਣ ਕਾਰਨ ਪੰਜਾਬ ਦੇ ਹਜ਼ਾਰਾਂ ਲੋਕ ਬਿਊਬੋਨਿਕ ਪਲੇਗ ਨਾਲ਼ ਮਰੇ ਸਨ। 1905 ਅਤੇ 1906 ਦੀਆਂ ਲਗਾਤਾਰ ਦੋ ਫ਼ਸਲਾਂ ਤਬਾਹ ਹੋ ਗਈਆਂ ਸਨ। ਕਪਾਹ ਵਿੱਚੋਂ ਕਿਸਾਨਾਂ ਦੇ ਹੱਥ ਕੁਝ ਵੀ ਨਹੀਂ ਸੀ ਲੱਗਾ। ਉਂਝ ਵੀ ਸੰਸਾਰ ਅਰਥਚਾਰਾ ਸਦੀ ਦੇ ਸ਼ੁਰੂ ਤੋਂ ਹੀ ਮੰਦਵਾੜੇ ਵਿੱਚ ਫਸਿਆ ਹੋਇਆ ਸੀ। ਬਸਤੀਵਾਦੀ ਹਿੱਤਾ ਅਨੁਸਾਰ ਸੰਸਾਰ ਅਰਥਚਾਰੇ ਨਾਲ਼ ਬੱਝ ਜਾਣ ਕਾਰਨ ਪੰਜਾਬ ਦੀ ਖੇਤੀ ਵੀ ਇਸ ਦਾ ਬਰਾਬਰ ਸੇਕ ਮਹਿਸੂਸ ਕਰ ਰਹੀ ਸੀ।

ਅਜਿਹੇ ਆਫ਼ਤਾਂ ਭਰੇ ਸਮਿਆਂ ਵਿੱਚ ਹੀ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਡੈਨਜ਼ਿਲ ਇਬਟਸਨ ਨੇ 28 ਫਰਵਰੀ 1907 ਨੂੰ ਦੋ ਕਾਨੂੰਨ ਪਾਸ ਕਰਕੇ 5 ਮਾਰਚ 1907 ਨੂੰ ਮੁਲਕ ਦੇ ਗਵਰਨਰ ਜਨਰਲ ਨੂੰ ਮਨਜ਼ੂਰੀ ਲਈ ਭੇਜੇ। ਇਹਨਾਂ ਦੇ ਨਾਂ ਸਨ- ਭੋਇੰ ਅਬਾਦਕਾਰੀ ਬਿੱਲ ਤੇ ਪੰਜਾਬ ਇੰਤਕਾਲ ਆਰਜ਼ੀ ਐਕਟ ਬਿੱਲ। ਇਹ ਬਿੱਲ ਬਸਤੀਵਾਦੀ ਹਾਕਮਾਂ ਦੀ ਆਪਣੀ ਕਿਸਾਨ ਰਿਆਇਆ ਪ੍ਰਤੀ ਸਿਰੇ ਦੀ ਸੰਵੇਦਨਹੀਣਤਾ ਪ੍ਰਗਟ ਕਰਨ ਵਾਲ਼ੇ ਸਨ। ਬਸਤੀਵਾਦੀ ਖੁੱਲ੍ਹਦਿਲੀ ਦੇ ਪੱਛਮੀ ਭਰਮਾਂ ਅਤੇ ਮਿੱਥਾਂ ਨੂੰ ਹਮੇਸ਼ਾ ਲਈ ਭੰਗ ਕਰ ਦੇਣ ਵਾਲ਼ੇ।

ਇਹਨਾਂ ਬਿੱਲਾਂ ਨੇ ਪੰਜਾਬ ਦੀ ਹੋਣੀ ਹਮੇਸ਼ਾ ਲਈ ਬਦਲ ਦਿੱਤੀ।

***

ਡੈਨਜ਼ਿਲ ਇਬਟਸਨ ਨਵੀਂ ਤਰ੍ਹਾਂ ਦਾ ਬਰਤਾਨਵੀ ਨੌਕਰਸ਼ਾਹ ਸੀ ਜੋ ਇੰਡੀਅਨ ਪ੍ਰਸ਼ਾਸਨਿਕ ਸੇਵਾ ਦਾ ਇਮਤਿਹਾਨ ਪਾਸ ਕਰਕੇ ਆਇਆ ਸੀ। ਇਹ ਨਵੇਂ ਨੌਕਰਸ਼ਾਹ ਪੁਰਾਣੇ ਫੌਜੀ ਸ਼ਾਸਕਾਂ ਤੋਂ ਵੱਖਰੇ ਤਰੀਕੇ ਨਾਲ਼ ਸੋਚਣ ਵਾਲ਼ੇ ਸਨ। ਮੁਕਾਬਲੇ ਦਾ ਇਮਤਿਹਾਨ ਪਾਸ ਕਰਨ ਕਰਕੇ ਇਹ ਆਪਣੇ ਆਪ ਨੂੰ ਹਰ ਪਾਸਿਉਂ ਹੋਰਨਾਂ ਨਾਲ਼ੋਂ ਉੱਚੇ ਸਮਝਦੇ ਸਨ। ਇਬਟਸਨ ਵੀ ਤਾਨਾਸ਼ਾਹ ਕਿਸਮ ਦਾ

ਨੌਕਰਸ਼ਾਹ ਸੀ। ਸੋਹਨ ਸਿੰਘ ਜੋਸ਼ ਅਨੁਸਾਰ ਉਹ ਕਿਸੇ ਵੱਲੋਂ ਵੀ ਕੀਤੇ ਆਪਣੇ ਵਿਚਾਰਾਂ ਦੇ ਵਿਰੋਧ ਨੂੰ ਸਾਜ਼ਿਸ਼ ਜਾਂ ਧਰੋਹ ਵਜੋਂ ਹੀ ਦੇਖਦਾ ਸੀ। ਇਬਟਸਨ ਨੇ 1901 ਤੋਂ ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ ਵਜੋਂ ਕੰਮ ਕੀਤਾ ਸੀ। ਉਸ ਵੇਲ਼ੇ ਤੋਂ ਹੀ ਉਹ ਗਵਰਨਰ ਜਨਰਲ ਲਾਰਡ ਕਰਜ਼ਨ ਦਾ ਚਹੇਤਾ ਸੀ। ਲਾਰਡ ਕਰਜ਼ਨ ਆਪ ਵੀ ਜ਼ਿਦੀ ਕਿਸਮ ਦਾ ਹਾਕਮ ਸੀ, ਜਿਸ ਨੇ 1905 ਵਿੱਚ ਬੰਗਾਲ ਦੀ ਵੰਡ ਕਰਕੇ ਵੱਡਾ ਵਿਵਾਦ ਪੈਦਾ ਕਰ ਲਿਆ ਸੀ। ਲਾਰਡ ਕਰਜ਼ਨ ਬੰਗਾਲ ਦੀ ਵੰਡ ਕਰਕੇ ਏਥੇ ਪੈਦਾ ਪੈਦਾ ਹੋ ਰਹੀਆਂ ਰਾਸ਼ਟਰਵਾਦੀ ਅਵਾਜ਼ਾਂ ਨੂੰ ਵੀ ਵੰਡਣਾ ਚਾਹੁੰਦਾ ਸੀ। ਪ੍ਰੰਤੂ ਉਸ ਦੇ ਇਸ ਕਦਮ ਦਾ ਬੰਗਾਲ ਦੀ ਅਵਾਮ ਵੱਲੋਂ ਵੱਡਾ ਵਿਰੋਧ ਕੀਤਾ ਗਿਆ। ਇਸ ਵਿਰੋਧ ਦੇ ਬਾਵਜੂਦ ਆਪਣੀ ਗੱਲ ਉੱਤੇ ਅੜਿਆ ਉਹ ਆਖ ਰਿਹਾ ਸੀ, "ਜੋ ਹੋਣਾ ਸੀ, ਉਹ ਹੋ ਚੁੱਕਾ ਹੈ। ਹੁਣ ਇਹਦੇ ਬਾਰੇ ਕੁਝ ਨਹੀਂ ਕੀਤਾ ਜਾ ਸਕਦਾ।" ਇਸ ਦੇ ਬਾਵਜੂਦ ਕਿ ਇਬਟਸਨ ਵੱਲੋਂ ਨਵੇਂ ਕਾਨੂੰਨ ਮਨਜ਼ੂਰੀ ਲਈ ਭੇਜੇ ਜਾਣ ਤੋਂ ਪਹਿਲਾਂ ਹੀ ਉਸ ਨੂੰ ਗਵਰਨਰ ਜਨਰਲ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ, ਇਹਨਾਂ ਕਾਨੂੰਨਾਂ ਪਿੱਛੇ ਦੋਹਾਂ ਦੀ ਸਾਂਝੀ ਸੋਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਨਵੇਂ ਕਾਨੂੰਨ ਬਾਰਾਂ ਵਿਚਲੀ ਜ਼ਮੀਨ ਦੇ ਮਾਲਕਾਨਾ ਹੱਕਾਂ ਨੂੰ ਦੁਬਾਰਾ ਤੋਂ ਤੈਅ ਕਰਨ ਵਾਲ਼ੇ ਸਨ। ਦਰਅਸਲ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਦਿੱਤੀਆਂ ਰਿਆਇਤਾਂ ਨੂੰ ਖ਼ਤਮ ਕਰ ਕੇ ਬਸਤੀਵਾਦੀ ਹਕੂਮਤ ਆਪਣੀ ਆਮਦਨ ਨੂੰ ਹਰ ਸੰਭਵ ਪੱਧਰ ਤੱਕ ਵਧਾਉਣ ਦੀ ਲਾਲਸਾ ਰੱਖਦੀ ਸੀ। ਇਸ ਲਈ ਹੁਣ ਸਰਕਾਰ ਕਿਸਾਨਾਂ ਨਾਲ਼ ਕੀਤੇ ਕੌਂਟਰੈਕਟ ਨੂੰ ਬਦਲਣ ਤੇ ਤੁਲ ਗਈ ਸੀ। ਇਹਨਾਂ ਕਾਨੂੰਨਾਂ ਅਨੁਸਾਰ ਇਹਨਾਂ ਜ਼ਮੀਨਾਂ ਦੀ ਪੱਕੀ ਮਾਲਕੀ ਹਮੇਸ਼ਾ ਸਰਕਾਰ ਦੀ ਹੀ ਰਹਿਣੀ ਸੀ। ਕਿਸਾਨ ਆਪਣੀ ਮਰਜ਼ੀ ਅਨੁਸਾਰ ਨਾ ਇਹਨਾਂ ਨੂੰ ਵੇਚ ਸਕਦੇ ਸਨ ਨਾ ਗਹਿਣੇ ਧਰ ਸਕਦੇ ਸਨ। ਉਹ ਇਹਨਾਂ ਜ਼ਮੀਨਾਂ ਵਿਚਲੇ ਰੁੱਖਾਂ ਨੂੰ ਵੀ ਕੱਟ ਜਾਂ ਵੱਢ ਨਹੀਂ ਸੀ ਸਕਦੇ। ਏਥੋਂ ਤੱਕ ਕਿ ਬਾਲਣ ਵੀ ਇਕੱਠਾ ਨਹੀਂ ਸੀ ਕਰ ਸਕਦੇ। ਇਹਨਾਂ ਸ਼ਰਤਾਂ ਦੀ ਉਲੰਘਣਾ ਦੀ ਸੂਰਤ ਵਿੱਚ ਭਾਰੀ ਜੁਰਮਾਨੇ ਅਤੇ ਦੰਡ ਨਿਸ਼ਚਿਤ ਕੀਤੇ ਗਏ ਸਨ। ਵਾਰਸ ਨਾ ਹੋਣ ਉੱਤੇ ਕਿਸਾਨ ਨੂੰ ਵਸੀਅਤ ਕਰਨ ਦਾ ਅਧਿਕਾਰ ਨਹੀਂ ਸੀ; ਭਾਵ ਜ਼ਮੀਨ ਦੁਬਾਰਾ ਤੋਂ ਸਰਕਾਰ ਦੇ ਹੱਥ ਚਲੀ ਜਾਣੀ ਸੀ। ਸਭ ਤੋਂ ਉੱਪਰ, ਕੋਈ ਕਿਸਾਨ ਆਪਣੇ ਹੱਕ ਦੀ ਲੜਾਈ ਲਈ ਅਦਾਲਤ ਵਿੱਚ ਨਹੀਂ ਸੀ ਜਾ ਸਕਦਾ ਕਿਉਂ ਕਿ ਇਹਨਾਂ ਕਾਨੂੰਨਾਂ ਵਿੱਚ ਅਦਾਲਤਾਂ ਨੂੰ ਝਗੜਿਆਂ ਦਾ ਨਿਪਟਾਰਾ ਕਰਨ ਦਾ ਹੱਕ ਨਹੀਂ ਸੀ ਦਿੱਤਾ ਗਿਆ। ਇਹ ਹੱਕ ਸਿਰਫ਼ ਨੌਕਰਸ਼ਾਹ ਅਧਿਕਾਰੀਆਂ ਕੋਲ਼ ਹੀ ਸੀ।

ਇਸ ਦੇ ਨਾਲ਼ ਹੀ ਪੰਜਾਬ ਦੀ ਹਕੂਮਤ ਨੇ ਬਾਰੀ ਦੁਆਬ ਨਹਿਰੀ ਇਲਾਕੇ ਵਿੱਚ ਨਹਿਰੀ ਪਾਣੀ ਦਾ ਆਬਿਆਨਾ ਵਧਾ ਦਿੱਤਾ। ਗੁਰਦਾਸਪੁਰ, ਅਮ੍ਰਿਤਸਰ, ਲਾਹੌਰ ਦੇ ਇਸ ਇਲਾਕੇ ਵਿੱਚ ਗੁਰਦਾਸਪੁਰ, ਅਮ੍ਰਿਤਸਰ, ਜਲੰਧਰ, ਸਿਆਲਕੋਟ ਤੇ ਹੁਸ਼ਿਆਰਪੁਰ ਦੇ ਵਧੇਰੇ ਅਬਾਦਕਾਰ ਸਨ। ਹਕੂਮਤ ਨੇ ਹਰ ਥਾਂ ਪਾਣੀ ਦਾ ਰੇਟ ਬਰਾਬਰ ਕਰਨ ਦੇ ਬਹਾਨੇ ਲੋਕਾਂ ਉੱਤੇ ਨਵਾਂ ਆਬਿਆਨਾ ਥੋਪਿਆ ਸੀ। ਇਹਨਾਂ ਕਾਨੂੰਨਾਂ ਅਤੇ ਕਦਮਾਂ ਨੇ ਲੋਕਾਂ ਅੰਦਰ ਭਾਰੀ ਰੋਸ ਜਗਾ ਦਿੱਤਾ। 1957 ਤੋਂ ਬਾਅਦ ਹੁਣ ਤੱਕ ਵਧੇਰੇ ਸਮਾਂ ਵਫ਼ਾਦਾਰ ਅਤੇ ਸ਼ਾਂਤ ਰਿਹਾ ਪੰਜਾਬ ਉਬਲਣ ਲੱਗਾ। ਹਕੂਮਤ ਪ੍ਰਤੀ ਨਵੀਂ ਪੈਦਾ ਹੋਈ ਬੇਵਿਸ਼ਵਾਸੀ ਦੀ ਹੱਦ ਇਹ ਅਫ਼ਵਾਹ ਸੀ ਕਿ ਸਰਕਾਰ ਹੁਣ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਏਥੇ ਵੀ ਅਸਾਮ ਵਾਂਗ ਜੰਗਲ਼ ਬੀਜੇਗੀ।

ਹਕੂਮਤ ਵਿਰੁੱਧ ਰੋਸ ਪ੍ਰਗਟਾਉਣ ਲਈ ਪਹਿਲੀ ਕਾਨਫ਼ਰੰਸ 21, 22 ਮਾਰਚ 1907 ਨੂੰ ਲਾਇਲਪੁਰ ਕਰਵਾਈ ਗਈ। ਇਸ ਕਾਨਫਰੰਸ ਵਿੱਚ ਹੀ ਬਾਂਕੇ ਦਿਆਲ ਦੀ ਲਿਖੀ ਉਹ ਕਵਿਤਾ ਪੜ੍ਹੀ ਗਈ ਜਿਸ ਦੇ ਅਧਾਰ ਉੱਤੇ ਹੁਣ ਇਸ ਲਹਿਰ ਦਾ ਨਾਮਕਰਣ ਹੁੰਦਾ ਹੈ। ਰਾਮ ਸਿੰਘ ਮਜੀਠਾ ਨੇ ਇਹ ਅਧੂਰੀ ਕਵਿਤਾ ਆਪਣੀ ਕਿਤਾਬ ਵਿੱਚ ਸਾਂਭੀ ਹੈ। ਬਾਕੀ ਬੋਲ ਕਿਤੇ ਇਤਿਹਾਸ ਵਿੱਚੋਂ ਲੱਭਣੇ ਬਾਕੀ ਹਨ।

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।<br>
ਫ਼ਸਲਾਂ ਨੂੰ ਖਾ ਗਏ ਕੀੜੇ,<br>
ਤਨ ਤੇ ਨੇ ਪਾਟੇ ਲੀੜੇ ਭੁੱਖਾਂ ਨੇ ਖ਼ੂਨ ਨਿਚੋੜੇ,<br>
ਰੋਂਦੇ ਨੇ ਬਾਲ ਇ, ਪਗੜੀ ਸੰਭਾਲ ਜੱਟਾ,<br>
ਪਗੜੀ ਸੰਭਾਲ ਓਇ...<br>
ਬਣਦੇ ਨੇ ਤੇਰੇ ਲੀਡਰ,<br>
ਰਾਜੇ ਤੇ ਖ਼ਾਨ ਬਹਾਦਰ<br>
ਤੈਨੂੰ ਹੀ ਖਾਵਣ ਖ਼ਾਤਿਰ,<br>
ਵਿਛਦੇ ਨੇ ਜਾਲ ਓਇ<br>
ਪਗੜੀ ਸੰਭਾਲ ਜੱਟਾ,<br>
ਪਗੜੀ ਸੰਭਾਲ ਓਇ...<br>
ਹਿੰਦ ਹੈ ਤੇਰਾ ਮੰਦਰ,<br>
ਇਸ ਦਾ ਪੁਜਾਰੀ ਤੂੰ,<br>
ਝੱਲੇਗਾ ਕਦੋਂ ਤੱਕ, ਆਪਣੀ ਖਵਾਰੀ ਤੂੰ,<br>
ਲੜਨੇ ਤੇ ਮਰਨੇ ਦੀ ਕਰਲੈ, ਤਿਆਰੀ ਤੂੰ,<br>
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ...<br>
ਸੀਨੇ ਤੇ ਖਾਨਾ ਏਂ ਤੀਰ,<br>
ਰਾਂਝਾ ਤੂੰ ਦੇਸ ਹੈ ਹੀਰ,<br>
ਸੰਭਲ ਕੇ ਚੱਲ ਤੂੰ ਵੀਰ,<br>
ਪਗੜੀ ਸੰਭਾਲ ਜੱਟਾ...<br>
ਤੁਸੀਂ ਕਿਉਂ ਦੱਬਦੇ ਵੀਰੋ,<br>
ਉੱਠੀ ਪੁਕਾਰ ਓਇ<br>
ਹੋਕੇ ਇੱਕਠੇ ਵੀਰੋ,

ਮਾਰੋ ਲਲਕਾਰ ਓਇ
ਤਾੜੀ ਦੋ ਹੱਥੜ ਵਜੇ ਛਾਤੀਆਂ ਨੂੰ ਤਾਣਿ ਓਇ
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ

ਦੂਸਰੀ ਕਾਨਫ਼ਰੰਸ 21 ਅਪ੍ਰੈਲ ਨੂੰ ਰਾਵਲਪਿੰਡੀ ਵਿੱਚ ਹੋਈ ਜਿਸ ਵਿੱਚ ਅਜੀਤ ਸਿੰਘ ਨੇ ਸਰਕਾਰ ਦੀ ਸਖ਼ਤ ਨੁਕਤਾਚੀਨੀ ਕੀਤੀ। ਡਿਪਟੀ ਕਮਿਸ਼ਨਰ ਰਾਵਲਪਿੰਡੀ ਨੇ ਅਜੀਤ ਸਿੰਘ ਤੇ ਇਸ ਜਲਸੇ ਦੇ ਤਿੰਨ ਪ੍ਰਬੰਧਕ ਵਕੀਲਾਂ ਨੂੰ ਨੋਟਿਸ ਦੇ ਕੇ 2 ਮਈ ਨੂੰ ਪਬਲਿਕ ਪੜਤਾਲ ਲਈ ਆਪਣੀ ਅਦਾਲਤ ਵਿੱਚ ਸੱਦ ਲਿਆ। ਉਸ ਨੇ 6 ਹੋਰ ਬੰਦਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। 2 ਮਈ ਨੂੰ ਲੋਕਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ ਤੇ ਜ਼ਿਲ੍ਹਾ ਕਚਿਹਰੀਆਂ ਵਿੱਚ ਧਰਨੇ ਉੱਤੇ ਬੈਠ ਗਏ। ਉਹ ਇਸ ਪੜਤਾਲ ਨੂੰ ਤੁਰੰਤ ਮਨਸੂਖ ਕਰਨ ਦੀ ਮੰਗ ਕਰ ਰਹੇ ਸਨ। ਸਰਕਾਰੀ ਮੈਗਜ਼ੀਨ, ਅਸਲਾਖਾਨਾ ਤੇ ਰੇਲਵੇ ਵਰਕਸ਼ਾਪਾਂ ਵੀ ਬੰਦ ਹੋ ਗਈਆਂ। ਗੁੱਸੇ ਵਿੱਚ ਆਏ ਲੋਕਾਂ ਨੇ ਅਦਾਲਤ ਦਾ ਸਮਾਨ ਤੇ ਦਰਵਾਜ਼ੇ ਭੰਨ ਦਿੱਤੇ। ਗੋਰਿਆਂ ਦੇ ਘਰਾਂ ਉੱਤੇ ਵੀ ਹਮਲੇ ਹੋਏ। ਪੂਰੇ ਸੂਬੇ ਵਿੱਚ ਬਦਅਮਨੀ ਫੈਲ ਗਈ। ਸਰਕਾਰੀ ਤਸ਼ੱਦਦ ਅਤੇ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਇੱਕਾ ਦੁੱਕਾ ਘਟਨਾਵਾਂ ਤੋਂ ਇਲਾਵਾ ਲੋਕ ਬਿਲਕੁਲ ਸ਼ਾਂਤ ਰਹੇ।

ਹਕੂਮਤ ਨੇ ਇਸ ਲਹਿਰ ਦੇ ਆਗੂਆਂ ਬਾਰੇ ਸਰਕਾਰੀ ਰਿਪੋਰਟ ਵਿੱਚ ਦਰਜ ਕੀਤਾ: 'ਅਜੀਤ ਸਿੰਘ ਬਹੁਤ ਸਖ਼ਤ ਤੇ ਭੜਕਾਊ ਤਕਰੀਰਾਂ ਕਰਨ ਵਾਲ਼ਾ ਹੈ ਤੇ ਉਹਨੇ ਬਹੁਤ ਸਾਰੀਆਂ ਮੀਟਿੰਗਾਂ ਬਰੈਡਲੇ ਹਾਲ ਲਾਹੌਰ ਵਿੱਚ ਸੰਬੋਧਨ ਕੀਤੀਆਂ। ਅਜੀਤ ਸਿੰਘ ਲਾਲਾ ਲਾਜਪਤ ਰਾਏ ਦਾ ਇੱਕ ਬਹੁਤ ਨੇੜੇ ਦਾ ਬੰਦਾ ਹੈ। ਸੂਫ਼ੀ ਅੰਬਾ ਪ੍ਰਸਾਦ ਜਿਹੜਾ ਕਿ ਮੁਰਾਦਾਬਾਦ ਦਾ ਇੱਕ ਜਰਨਲਿਸਟ ਹੈ, ਉਸ ਨੂੰ 1857 ਤੇ 1901 ਵਿੱਚ ਦੋ ਵਾਰ ਸਜ਼ਾ ਹੋ ਚੁੱਕੀ ਹੈ। ਉਹ 1907 ਵਿੱਚ ਲਾਹੌਰ ਆ ਗਿਆ ਤੇ ਉਸ ਨੇ 'ਹਿੰਦੁਸਤਾਨ' ਅਖ਼ਬਾਰ ਦੇ ਸਬ ਐਡੀਟਰ ਦੇ ਤੌਰ ਉੱਤੇ ਤੇ ਫ਼ਿਰ 'ਭਾਰਤ ਮਾਤਾ' ਦੇ ਐਡੀਟਰ ਦੇ ਤੌਰ ਤੇ ਕੰਮ ਕੀਤਾ। ਹਕੂਮਤ ਉਸ ਨੂੰ ਉਸ ਸਾਰੇ ਗਰੁੱਪ ਵਿੱਚੋਂ ਸਿਆਣਾ, ਗਰੁੱਪ ਨੂੰ ਚਲਾਉਣ ਵਾਲ਼ਿਆਂ ਵਿੱਚੋਂ ਅਤੇ ਇਸ ਲਿਹਾਜ਼ ਨਾਲ਼ ਬਹੁਤ ਖਤਰਨਾਕ ਦੁਸ਼ਮਣ ਤੇ ਸਾਰੀ ਤਹਿਰੀਕ ਦਾ ਦਿਮਾਗ ਮੰਨਦੀ ਹੈ।'

ਇਸ ਤਰ੍ਹਾਂ ਦੇ ਹਾਲਾਤ ਵਿੱਚ ਇਬਟਸਨ ਨੇ ਕਰਜ਼ਨ ਤੋਂ ਬਾਅਦ ਨਿਯੁਕਤ ਹੋਏ ਗਵਰਨਰ ਜਨਰਲ ਲਾਰਡ ਮਿੰਟੋ ਨੂੰ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਦੀ ਜਲਾਵਤਨੀ ਦੀ ਜ਼ਰੂਰਤ ਬਾਰੇ ਲਿਖਿਆ। ਇਬਟਸਨ ਇਸ ਤਰ੍ਹਾਂ ਦੀਆਂ ਅੱਤਕਥਨੀ ਰਿਪੋਰਟਾਂ ਭੇਜ ਰਿਹਾ ਸੀ: 'ਇਹ ਇਲਜ਼ਾਮ ਹੈ ਕਿ 'ਹਿੰਦੁਸਤਾਨ' (ਲਾਹੌਰ) 17 ਮਈ 1907 ਅਨੁਸਾਰ 10 ਮਈ ਨੂੰ ਲਾ. ਲਾਜਪਤ ਰਾਏ ਨੇ ਲਾਹੌਰ ਕਿਲ੍ਹੇ ਉੱਤੇ ਹਮਲਾ ਕਰਨ ਲਈ ਇੱਕ ਲੱਖ ਦਹਿਸ਼ਤਗਰਦਾਂ ਦੀ ਅਗਵਾਈ ਕਰਨੀ ਸੀ ਤੇ ਅਜੀਤ ਸਿੰਘ ਨੇ ਉਹਦੀਆਂ ਫੌਜਾਂ ਦਾ ਕਪਤਾਨ ਹੋਣਾ ਸੀ।' ਅਖੀਰ ਦੋਹਾਂ ਨੂੰ ਗ੍ਰਿਫ਼ਤਾਰ ਕਰਕੇ ਅੱਗੜ ਪਿੱਛੜ ਮਾਂਡਲੇ, ਬਰਮਾ ਭੇਜਿਆ ਗਿਆ। ਲਾ. ਲਾਜਪਤ ਰਾਏ ਨੂੰ ਸਾਰੀਆਂ ਸ਼ਾਹੀ ਕੈਦੀ ਵਾਲ਼ੀਆਂ ਸਹੂਲਤਾਂ ਦਿੱਤੀਆਂ ਗਈਆਂ। ਇੱਕ ਖ਼ਤ ਲਿਖ ਕੇ ਬਰਮਾ ਸਰਕਾਰ ਨੂੰ ਸਾਵਧਾਨ ਕੀਤਾ ਗਿਆ ਤਾਂ ਜੋ ਉਹ ਅਜੀਤ ਸਿੰਘ ਨੂੰ ਵੀ ਉਸ ਦੇ ਬਰਾਬਰ ਸਮਝ ਕੇ ਬਰਾਬਰ ਸਹੂਲਤਾਂ ਦੇਣ ਦੀ ਗਲਤੀ ਕਰਨ ਤੋਂ ਬਚ ਸਕੇ।

ਰਾਸ਼ਟਰੀ ਨੇਤਾ ਗੋਪਾਲ ਕ੍ਰਿਸ਼ਨ ਗੋਖਲੇ ਨੇ ਵੀ ਲਾਜਪਤ ਰਾਏ ਦੀ ਵਕਾਲਤ ਵਿੱਚ ਗਵਰਨਰ ਜਨਰਲ ਦੇ ਨਿੱਜੀ ਸਕੱਤਰ ਨੂੰ ਖ਼ਤ ਵਿੱਚ ਲਿਖਿਆ: 'ਅਜੀਤ ਸਿੰਘ ਨਾਲ਼ ਲਾਲਾ ਲਾਜਪਤ ਰਾਏ ਨੂੰ ਨੱਥੀ ਕਰਨਾ ਲਾਲਾ ਲਾਜਪਤ ਰਾਏ ਨਾਲ਼ ਬਹੁਤ ਵੱਡੀ ਬੇਇਨਸਾਫ਼ੀ ਹੈ। ਜਦੋਂ ਮੈਂ ਪਿਛਲੀ ਫਰਵਰੀ ਵਿੱਚ ਲਾਹੌਰ ਵਿੱਚ ਸੀ, ਅਜੀਤ ਸਿੰਘ ਲਾਲਾ ਲਾਜਪਤ ਰਾਏ ਨੂੰ ਬੁਜ਼ਦਿਲ ਤੇ ਸਰਕਾਰੀ ਆਦਮੀ ਆਖ ਕੇ ਬਦਨਾਮ ਕਰ ਰਿਹਾ ਸੀ।'

ਅਖੀਰ ਹਾਲਾਤ ਦੇ ਵਿਸ਼ਲੇਸ਼ਣ ਪਿੱਛੋਂ ਲਾਰਡ ਮਿੰਟੋ ਨੇ ਇਬਟਸਨ ਵੱਲੋਂ ਭੇਜੇ ਬਿੱਲ ਨੂੰ ਵੀਟੋ ਕਰਕੇ ਰੱਦ ਕਰ ਦਿੱਤਾ। ਇਸੇ ਤਰ੍ਹਾਂ ਜ਼ਮੀਨ ਦਾ ਆਬਿਆਨਾ ਵੀ ਘਟਾ ਦਿੱਤਾ। ਰਾਸ਼ਟਰੀ ਆਗੂਆਂ ਤੇ ਸੈਕਟਰੀ ਆਫ਼ ਸਟੇਟ ਦੇ ਦਬਾਅ ਹੇਠ 18 ਨਵੰਬਰ 1907 ਨੂੰ ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਨੂੰ ਰਿਹਾ ਕਰ ਦਿੱਤਾ ਗਿਆ। ਇਹ ਜਲਾਵਤਨੀ ਕੱਟ ਕੇ ਜਿਸ ਦਿਨ ਅਜੀਤ ਸਿੰਘ ਆਪਣੇ ਘਰ ਪਰਤਿਆ, ਉਸੇ ਦਿਨ ਪਰਿਵਾਰ ਵਿੱਚ ਨਵੇਂ ਬੱਚੇ ਦਾ ਜਨਮ ਹੋਇਆ ਸੀ। ਉਸ ਬੱਚੇ ਦਾ ਨਾਂ ਭਗਤ ਸਿੰਘ ਸੀ ਜਿਸ ਨੂੰ ਇਸੇ ਲਈ ਘਰ ਵਾਲ਼ੇ "ਭਾਗਾਂ ਵਾਲ਼ਾ" ਆਖਦੇ ਸਨ। ਬਿੰਬ ਦੇ ਪੱਧਰ ਉੱਤੇ ਇਸ ਨੂੰ ਪੰਜਾਬ ਅੰਦਰ ਚੱਲਣ ਵਾਲ਼ੀਆਂ ਅਗਲੇਰੀਆਂ ਸਾਮਰਾਜ ਵਿਰੋਧੀ ਲਹਿਰਾਂ ਦੀਆਂ 'ਪਗੜੀ ਸੰਭਾਲ ਜੱਟਾ' ਲਹਿਰ ਨਾਲ਼ ਜੁੜਦੀਆਂ ਤੰਦਾਂ ਵਜੋਂ ਵੇਖਿਆ ਜਾ ਸਕਦਾ ਹੈ। ਬਾਅਦ ਦੇ ਕੁਝ ਗਦਰੀਆਂ ਲਈ ਵੀ ਇਹ ਸਿਆਸੀ ਸਿੱਖਿਆ ਦੀ ਪਹਿਲੀ ਲਹਿਰ ਸਿੱਧ ਹੋਈ।

1907 ਵਿੱਚ ਸ਼ੁਰੂ ਹੋਈ ਇਹ ਲਹਿਰ ਬਿੱਲ ਰੱਦ ਹੋਣ ਪਿੱਛੋਂ ਵੀ ਤੁਰੰਤ ਖ਼ਤਮ ਨਹੀਂ ਹੋਈ। ਹਕੂਮਤ ਨੇ ਸਖਤੀ ਕਰਦਿਆਂ ਇਸ ਵਿੱਚ ਸ਼ਮੂਲੀਅਤ ਕਰਨ ਵਾਲ਼ਿਆਂ ਨੂੰ ਦਬਾਉਣਾ ਜਾਰੀ ਰੱਖਿਆ। 1909 ਦੇ ਨਵੰਬਰ ਮਹੀਨੇ ਵਿੱਚ ਵੀ ਸਰਕਾਰ ਲਾਹੌਰ ਵਿੱਚ ਘਰਾਂ, ਬੁਕ ਏਜੰਸੀਆਂ ਅਤੇ ਪ੍ਰੈੱਸਾਂ ਦੀਆਂ ਤਲਾਸ਼ੀਆਂ ਕਰਕੇ ਇਨਕਲਾਬੀ ਦਸਤਾਵੇਜ਼ਾਂ ਤੇ ਕਿਤਾਬਾਂ/ਟਰੈਕਟਾਂ ਨੂੰ ਜ਼ਬਤ ਕਰਨ ਵਿੱਚ ਲੱਗੀ ਹੋਈ ਸੀ। 5 ਨਵੰਬਰ 1909 ਨੂੰ ਵੀ ਕਿਸ਼ਨ ਸਿੰਘ, ਨੰਦ ਲਾਲ, ਈਸ਼ਵਰੀ ਪ੍ਰਸਾਦ ਤੇ ਮੁਨਸ਼ੀ ਰਾਮ ਨੂੰ ਜਲਾਵਤਨੀ ਦੀ ਸਜ਼ਾ ਦਿੱਤੀ ਗਈ।

***

ਪੂਰੇ ਸੰਸਾਰ ਵਿੱਚ ਬਸਤੀਵਾਦ ਦਾ ਇਤਿਹਾਸ ਹਿੰਸਾ, ਜਬਰ ਅਤੇ ਧਾੜਿਆਂ ਨਾਲ਼ ਭਰਿਆ ਪਿਆ ਹੈ। ਬਸਤੀਵਾਦੀਆਂ ਲਈ ਸਥਾਨਕ ਰਿਆਇਆ ਅਰਧ-ਮਨੁੱਖ

ਹੁੰਦੇ ਸਨ, ਜਿਹਨਾਂ ਦੇ ਜਾਨ-ਮਾਲ ਦੀ ਕੋਈ ਕੀਮਤ ਨਹੀਂ ਸੀ। ਪਰ ਇਸ ਦੇ ਬਾਵਜੂਦ ਪੰਜਾਬ ਦੇ ਲੋਕਾਂ ਅੰਦਰ ਬੇਚੈਨੀ ਅਤੇ ਰੋਸ ਨੂੰ ਭਾਂਪ ਕੇ ਲਾਰਡ ਮਿੰਟੋ ਨੇ ਕਾਨੂੰਨ ਰੱਦ ਕਰ ਦਿੱਤੇ। ਕੀ ਉਹ ਅਵਾਮ ਦੀ ਰਾਏ ਦਾ ਸਤਿਕਾਰ ਕਰ ਰਿਹਾ ਸੀ? ਸਵਾਲ ਪੈਦਾ ਹੁੰਦਾ ਹੈ ਕਿ 1907 ਵਿੱਚ ਬਰਤਾਨਵੀ ਹਕੂਮਤ ਨੇ ਕਿਸਾਨਾਂ ਦੀ ਇਸ ਲਹਿਰ ਅੱਗੇ ਝੁਕਣ ਦਾ ਫੈਸਲਾ ਕਿਉਂ ਕੀਤਾ?

1907 ਦੀ ਇਹ ਲਹਿਰ ਕਿਸਾਨੀ ਦੀਆਂ ਮੰਗਾਂ ਲੈ ਕੇ ਸ਼ੁਰੂ ਹੋਈ ਸੀ। ਪ੍ਰੰਤੂ ਇਹ ਕਿਸਾਨੀ ਜਮਾਤ ਤੱਕ ਹੀ ਸੀਮਤ ਨਹੀਂ ਸੀ ਰਹੀ। ਸਮਾਜ ਦੇ ਹੋਰ ਤਬਕਿਆਂ ਖਾਸ ਕਰ ਵਕੀਲਾਂ, ਦੁਕਾਨਦਾਰਾਂ, ਮਜ਼ਦੂਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਇਸ ਵਿੱਚ ਸ਼ਮੂਲੀਅਤ ਕੀਤੀ। ਪੰਜਾਬ ਦੇ ਆਰੀਆ ਸਮਾਜੀਆਂ ਨੇ ਇਸ ਵਿੱਚ ਆਗੂ ਭੂਮਿਕਾ ਵੀ ਨਿਭਾਈ। ਯਾਦ ਰਹੇ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਦੋਵੇਂ ਆਰੀਆ ਸਮਾਜੀ ਸਨ। ਜੇਕਰ ਜਮਾਤ ਦੇ ਪੱਖ ਤੋਂ ਇਸ ਵਿੱਚ ਕਿਸਾਨ, ਮਜ਼ਦੂਰ ਤੇ ਮੱਧਲੀ ਜਮਾਤ ਸ਼ਾਮਿਲ ਸੀ ਤਾਂ ਫ਼ਿਰਕਿਆਂ ਦੇ ਅਧਾਰ ਉੱਤੇ ਦੇਖਦਿਆਂ ਇਸ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਤਿੰਨੋ ਇਕੱਠੇ ਹੋ ਗਏ ਸਨ। ਇੱਕ ਤਰ੍ਹਾਂ ਨਾਲ਼ ਇਹ ਪੰਜਾਬ ਦੀ ਸਾਂਝੀਵਾਲ਼ਤਾ ਨੂੰ ਸਾਕਾਰ ਕਰਦੀ ਪਹਿਲੀ ਸਮੂਹਕ ਲਹਿਰ ਸੀ। ਪੰਜਾਬ ਅੰਦਰ ਅਜਿਹੀ ਸਥਿਤੀ ਪੈਦਾ ਹੋ ਜਾਣੀ ਇਕੱਲੇ ਪੰਜਾਬ ਹੀ ਨਹੀਂ ਸਗੋਂ ਪੂਰੇ ਹਿੰਦੁਸਤਾਨ ਵਿੱਚ ਅੰਗਰੇਜ਼ ਹਕੂਮਤ ਦੀ ਸਲਾਮਤੀ ਲਈ ਖ਼ਤਰੇ ਦੀ ਘੰਟੀ ਸੀ। 1857 ਦੇ ਗਦਰ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੀ ਹਿੰਦੁਸਤਾਨੀ ਸਕੀਮ ਦੇ ਕੇਂਦਰ ਵਿੱਚ ਰੱਖਿਆ ਹੋਇਆ ਸੀ। ਇਸੇ ਲਈ ਉਹਨਾਂ ਦਾ ਪੰਜਾਬ ਪ੍ਰਤੀ ਵਤੀਰਾ ਬਾਕੀ ਹਿੰਦੁਸਤਾਨ ਦੇ ਲੋਕਾਂ ਵੱਲ ਵਤੀਰੇ ਨਾਲੋਂ ਵੱਖਰਾ ਸੀ। ਇਸ ਲਹਿਰ ਨੇ ਉਹਨਾਂ ਦੀ ਸਕੀਮ ਵਿੱਚ ਵੱਡਾ ਖਲਲ ਪਾ ਦਿੱਤਾ ਸੀ।

ਅੰਗਰੇਜ਼ਾਂ ਨੇ ਪੰਜਾਬ ਤੋਂ ਪੂਰੀ ਹੁੰਦੀ ਆਪਣੀ ਦੂਸਰੀ ਲੋੜ, ਫੌਜੀ ਭਰਤੀ ਨੂੰ ਮੁੱਖ ਰੱਖ ਕੇ ਇਹ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਸੀ। 1857 ਵਿੱਚ ਬੰਗਾਲ ਆਰਮੀ ਦੇ ਵਿਦਰੋਹ ਪਿੱਛੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਫੌਜੀ ਭਰਤੀ ਦਾ ਮੁੱਖ ਕੇਂਦਰ ਬਣਾਇਆ। ਖੇਤਰ ਦੇ ਪੱਖ ਤੋਂ ਛੋਟਾ ਹੋਣ ਦੇ ਬਾਵਜੂਦ ਅੰਗਰੇਜ਼ਾਂ ਨੂੰ ਸੱਠ ਫੀਸਦੀ ਫੌਜ ਦੇ ਸਿਪਾਹੀ ਏਥੋਂ ਹੀ ਮਿਲ਼ਦੇ ਸਨ। 1926 ਵਿੱਚ ਇੱਕ ਅੰਗਰੇਜ਼ੀ ਅਖਬਾਰ ਨੇ ਲਿਖਿਆ ਸੀ: 'ਗ਼ਦਰ ਅਤੇ ਗਾਂਧੀ ਦੇ ਉਭਾਰ ਵਿਚਲੇ ਸਮੇਂ ਦੇ ਕਿਸੇ ਵੀ ਪਲ ਹਕੂਮਤੀ ਵਿਚਾਰ ਇਹੋ ਸੀ ਕਿ ਜਦੋਂ ਤੱਕ ਪੰਜਾਬ ਸ਼ਾਂਤ ਹੈ, ਬਰਤਾਨਵੀ ਰਾਜ ਦੀ ਸਲਾਮਤੀ ਬਾਰੇ ਕੋਈ ਗੰਭੀਰ ਚਿੰਤਾ ਕਰਨ ਦੀ ਲੋੜ ਨਹੀਂ ਸੀ...ਹਿੰਦੁਸਤਾਨ ਦੀ ਹਕੂਮਤ ਦਾ ਵਿਚਾਰ ਸੀ ਕਿ ਸਿੱਖ ਵਫ਼ਾਦਾਰੀ ਦਾ ਦੂਸਰਾ ਰੂਪ ਹਨ।'

ਪੰਜਾਬ ਅਤੇ ਖਾਸ ਤੌਰ 'ਤੇ ਸਿੱਖਾਂ ਨੂੰ ਸ਼ਾਂਤ ਅਤੇ ਵਫ਼ਾਦਾਰ ਰੱਖਣ ਲਈ ਅੰਗਰੇਜ਼ਾਂ ਨੇ 1857 ਤੋਂ ਬਾਅਦ ਖਾਸ ਉਪਰਾਲੇ ਕੀਤੇ ਸਨ। ਸਥਾਨਕ ਜਾਤਾਂ, ਕਬੀਲਿਆਂ ਅਤੇ ਫਿਰਕਿਆਂ ਦਾ ਅਧਿਐਨ ਕਰਕੇ ਪੰਜਾਬੀ ਸਮਾਜ ਦੀ ਬਸਤੀਵਾਦੀ ਲੋੜਾਂ ਅਨੁਸਾਰ ਸਮਾਜਿਕ ਇੰਜੀਨਅਰਿੰਗ ਸ਼ੁਰੂ ਕੀਤੀ ਗਈ। ਜਨਗਣਨਾਵਾਂ ਨੂੰ ਜਾਤੀ ਅਤੇ ਫ਼ਿਰਕੇਦਾਰਾਨਾਂ ਪਛਾਣਾਂ ਘੜਨ ਲਈ ਵਰਤਿਆ ਗਿਆ। ਇਹਨਾਂ ਪਛਾਣਾਂ ਦੇ ਆਪਸੀ ਵਿਰੋਧ ਘੜੇ ਅਤੇ ਉਭਾਰੇ ਗਏ ਤਾਂ ਜੋ ਕੋਈ ਵੱਡੀ ਸਮਾਜਿਕ ਏਕਤਾ ਸੰਭਵ ਨਾ ਹੋ ਸਕੇ। ਪੰਜਾਬ ਅੰਦਰ ਕਿਸੇ ਵੀ ਹੀਲੇ ਸਿਆਸੀ ਚੇਤਨਾ ਪੈਦਾ ਨਾ ਹੋਣ ਦੇ ਹਾਲਾਤ ਪੈਦਾ ਕੀਤੇ ਗਏ। ਇਸੇ ਲਈ ਪੰਜਾਬ ਬਾਰੇ ਬਹੁਤ ਦੇਰ ਤੱਕ ਮਸ਼ਹੂਰ ਰਿਹਾ ਕਿ ਇਹ ਸਿਆਸੀ ਤੌਰ 'ਤੇ ਪੱਛੜਿਆ ਰਾਜ ਹੈ।

ਅੰਗਰੇਜ਼ਾਂ ਨੇ ਇਸ ਨੂੰ ਸਿਆਸੀ ਤੌਰ 'ਤੇ ਪੱਛੜਿਆ ਰੱਖਣ ਲਈ ਗਿਣ ਮਿੱਥ ਕੇ ਇਸ ਦੇ ਸਥਾਨਕ ਸਿੱਖਿਆ ਪ੍ਰਬੰਧ ਨੂੰ ਤਬਾਹ ਕੀਤਾ। ਖਾਲਸਾ ਰਾਜ ਤੱਕ ਗੁਰਦੁਆਰੇ, ਮੰਦਰ, ਮਸੀਤਾਂ ਆਦਿ ਧਾਰਮਿਕ ਸਥਾਨ ਸਿੱਖਿਆ ਦੇ ਕੇਂਦਰ ਵੀ ਸਨ। ਬੱਚੇ ਇਹਨਾਂ ਧਾਰਮਿਕ ਸਥਾਨਾਂ ਵਿੱਚ ਸਾਖਰਤਾ ਦੇ ਹੁਨਰ ਸਿੱਖਦੇ ਸਨ। ਖਾਲਸਾ ਰਾਜ ਵਿੱਚ ਸ਼ਹਿਰਾਂ ਅਤੇ ਪਿੰਡਾਂ ਦੇ ਮਰਦ ਹੀ ਨਹੀਂ ਔਰਤਾਂ ਦੀ ਵੱਡੀ ਗਿਣਤੀ ਵੀ ਸਾਖਰ ਸੀ ਕਿਉਂਕਿ ਪਰਿਵਾਰ ਦੇ ਵਡੇਰੇ ਕੁੜੀਆਂ ਨੂੰ ਵੀ ਇਹਨਾਂ ਧਾਰਮਿਕ ਕੇਂਦਰਾਂ ਵਿੱਚ ਭੇਜਣੋਂ ਨਹੀਂ ਸਨ ਝਿਜਕਦੇ। ਅੰਗਰੇਜ਼ਾਂ ਨੇ ਨਵੀਂ 'ਆਧੁਨਿਕ' ਸਿੱਖਿਆ ਪ੍ਰਣਾਲੀ ਦੇ ਨਾਂ ਉੱਤੇ ਗਿਣਤੀ ਦੇ ਸਕੂਲ ਖੋਹਲੇ ਅਤੇ ਪੁਰਾਣੇ ਸਿੱਖਿਆ ਪ੍ਰਬੰਧ ਨੂੰ ਨਸ਼ਟ ਕਰ ਦਿੱਤਾ। ਫਲਸਰੂਪ ਪੰਜਾਬ ਦੀ ਸਾਖਰਤਾ ਦਰ ਬੁਰੀ ਤਰ੍ਹਾਂ ਡਿੱਗ ਪਈ। ਔਰਤਾਂ ਦੀ ਸਾਖਰਤਾ ਉੱਤੇ ਖਾਸ ਅਸਰ ਪਿਆ ਕਿਉਂ ਕਿ ਲੋਕ ਆਪਣੀਆਂ ਕੁੜੀਆਂ ਨੂੰ ਨਵੇਂ 'ਆਧੁਨਿਕ' ਸਕੂਲਾਂ ਵਿੱਚ ਭੇਜਣ ਨੂੰ ਤਿਆਰ ਨਹੀਂ ਸਨ ਹੁੰਦੇ।

ਈਸਟ ਇੰਡੀਆ ਕੰਪਨੀ ਵੇਲ਼ੇ ਹੀ ਇੱਕ ਡਾਇਰੈਕਟਰ ਨੇ ਕਿਹਾ ਸੀ ਕਿ "ਅਸੀਂ ਸਕੂਲ ਕਾਲਜ ਸਥਾਪਤ ਕਰਨ ਦੀ ਆਗਿਆ ਦੇਣ ਦੀ ਮੂਰਖਤਾ ਕਰਕੇ ਅਮਰੀਕਾ ਆਪਣੇ ਹੱਥੋਂ ਗਵਾਇਆ ਹੈ; ਹੁਣ ਅਸੀਂ ਹਿੰਦੁਸਤਾਨ ਵਿੱਚ ਇਹੋ ਮੂਰਖਤਾ ਦੁਹਰਾਉਣ ਦੀ ਗਲਤੀ ਨਹੀਂ ਕਰ ਸਕਦੇ।" ਲੋਕਾਂ ਨੂੰ ਅਨਪੜ੍ਹ ਰੱਖਣ ਦੇ ਆਪਣੇ ਉਦੇਸ਼ ਪ੍ਰਤੀ ਅੰਗਰੇਜ਼ ਏਨੇ ਗੰਭੀਰ ਸਨ ਕਿ ਸਕੂਲ ਜਾਂ ਕਾਲਜ ਖੋਹਲਣ ਦਾ ਯਤਨ ਕਰਨ ਵਾਲ਼ੀਆਂ ਉਹਨਾਂ ਦੀਆਂ ਵਫ਼ਾਦਾਰ ਸੰਸਥਾਵਾਂ ਵੀ ਉਹਨਾਂ ਦੀ ਨਜ਼ਰ ਵਿੱਚ ਸ਼ੱਕੀ ਹੋ ਜਾਂਦੀਆਂ ਸਨ। ਪੰਜਾਬ ਵਿੱਚ ਆਰੀਆ ਸਮਾਜ ਅਤੇ ਚੀਫ਼ ਖਾਲਸਾ ਦੀਵਾਨ ਇਸ ਦੀਆਂ ਉਦਾਹਰਣਾਂ ਹਨ। ਚੀਫ਼ ਖਾਲਸਾ ਦੀਵਾਨ ਵੱਲੋਂ ਸਿੱਖਾਂ ਨੂੰ ਸਿੱਖਿਅਕ ਕਰਨ ਲਈ ਬਣਾਈ ਸ਼ੁੱਧ ਗੈਰ ਸਿਆਸੀ ਸੰਸਥਾ ਸਿੱਖ ਐਜੂਕੇਸ਼ਨਲ ਕਾਨਫਰੰਸ ਬਾਰੇ ਵੀ ਉਹਨਾਂ ਦਾ ਵਿਚਾਰ ਸੀ ਕਿ ਇਹ ਸਿੱਖ ਵਿੱਚ ਸਿੱਖਿਆ ਦੀ ਘਾਟ ਨੂੰ ਦੂਰ ਕਰਨ ਲਈ ਨਹੀਂ ਉਹਨਾ ਅੰਦਰ ਸਿਆਸੀ ਜਾਗਰੂਕਤਾ ਪੈਦਾ ਕਰਨ ਲਈ ਬਣਾਈ ਗਈ ਹੈ। 1907 ਵਿੱਚ ਆਪਣੀ ਅਮ੍ਰਿਤਸਰ ਫੇਰੀ ਦੌਰਾਨ ਗੋਪਾਲ ਕ੍ਰਿਸ਼ਨ ਗੋਖਲੇ ਨੇ ਖਾਲਸਾ ਕਾਲਜ ਵਿੱਚ

ਵੀ ਭਾਸ਼ਣ ਦਿੱਤਾ। ਇਸ ਪਿੱਛੋਂ ਕਾਲਜ ਮੈਨੇਜਮੈਂਟ ਕਮੇਟੀ ਦੇ ਅੰਗਰੇਜ਼ ਪ੍ਰਧਾਨ ਨੇ ਰਿਪੋਰਟ ਵਿੱਚ ਲਿਖਿਆ ਕਿ ਮੇਰੀ ਸੁਚੇਤ ਰਾਏ ਹੈ ਕਿ ਜੋਧ ਸਿੰਘ ਵਰਗਿਆਂ ਨੇ ਧਰੋਹ ਦੀਆਂ ਗੱਲਾਂ ਕੀਤੀਆਂ ਸਨ ਅਤੇ ਇਹਨਾਂ ਗੱਲਾਂ ਸਮੇਂ ਸੀਨੀਅਰ ਵਿਦਿਆਰਥੀ ਵੀ ਹਾਜ਼ਰ ਸਨ। ਹਾਲਾਂਕਿ ਜੋਧ ਸਿੰਘ ਤੇ ਹੋਰ ਵਧੇਰੇ ਲੋਕ ਵਫ਼ਾਦਾਰ ਜਮਾਤ ਦਾ ਹੀ ਹਿੱਸਾ ਸਨ।

ਅੰਗਰੇਜ਼ ਹਕੂਮਤ ਬਾਗੀ ਹੋਏ ਸਿੱਖ ਤੋਂ ਪੈਦਾ ਹੋਣ ਵਾਲ਼ੇ ਖਤਰੇ ਬਾਰੇ ਵੀ ਸਪਸ਼ਟ ਸੀ। ਇਬਟਸਨ ਦੀ ਇਹਨਾਂ ਪੰਜਾਬੀਆਂ ਬਾਰੇ ਰਾਏ ਸੀ ਕਿ "ਪੰਜਾਬੀ ਬੰਦਾ ਸੁਡੌਲ ਹੈ, ਸੁਡੌਲਤਾ ਇਸ ਨੂੰ ਬੰਗਾਲੀ ਵਾਂਗ ਛੇਤੀ ਛੇਤੀ ਤੁਰਨ ਤੋਂ ਰੋਕਦੀ ਹੈ। ਪਰ ਜੇ ਇੱਕ ਵਾਰ ਇਹ ਤੁਰ ਪਏ ਤਾਂ ਸਥਿਤੀ ਵੱਧ ਨਾਜ਼ੁਕ ਬਣ ਜਾਂਦੀ ਹੈ। ਜੇ ਇੱਕ ਵਾਰ ਪੰਜਾਬ ਦੇ ਜੱਟ ਸਿੱਖਾਂ ਦੀ ਵਫ਼ਾਦਾਰੀ ਜੜ੍ਹੋਂ ਹਿੱਲ ਗਈ ਤਾਂ ਬੰਗਾਲ ਵਿੱਚ ਪੈਦਾ ਹੋਣ ਵਾਲ਼ੇ ਕਿਸੇ ਵੀ ਖਤਰੇ ਨਾਲ਼ੋਂ ਵਧੇਰੇ ਖਤਰਨਾਕ ਗੱਲ ਹੋਵੇਗੀ।" 1907 ਦੀ ਸਚਾਈ ਇਹੋ ਸੀ ਕਿ ਨਾ ਸਿਰਫ਼ ਸਿੱਖ ਅਬਾਦਕਾਰਾਂ, ਫੌਜੀ ਸਿਪਾਹੀਆਂ ਦੇ ਮਨਾਂ ਅੰਦਰ ਅੰਗਰੇਜ਼ੀ ਹਕੂਮਤ ਦੇ ਇਰਾਦਿਆਂ ਪ੍ਰਤੀ ਸ਼ੱਕ ਪੈਦਾ ਹੋ ਗਿਆ ਸੀ, ਸਗੋਂ ਇਸ ਲਹਿਰ ਵਿੱਚ ਪੰਜਾਬ ਦੇ ਸਾਰੇ ਤਬਕੇ ਇੱਕ ਮੁੱਠ ਵੀ ਹੋ ਗਏ ਸਨ। ਖੁਦ ਇਬਟਸਨ ਨੇ ਇਸ ਬਾਰੇ ਲਿਖਿਆ, 'ਸਿੱਖਾਂ ਨੂੰ ਕਿਹਾ ਗਿਆ ਕਿ ਗ਼ਦਰ ਦੌਰਾਨ ਤੁਹਾਡੀ ਸਹਾਇਤਾ ਨਾਲ਼ ਹੀ, ਕਿਉਂਕਿ ਤੁਸੀਂ ਮੁਲਕ ਦੇ ਬਾਸ਼ਿੰਦਿਆਂ ਨੂੰ ਗੋਲ਼ੀ ਮਾਰਨ ਲਈ ਤਿਆਰ ਹੋ ਗਏ ਸੀ, ਅੰਗਰੇਜ਼ ਹਿੰਦੁਸਤਾਨ ਉੱਤੇ ਕਬਜ਼ਾ ਬਰਕਰਾਰ ਰੱਖਣ ਵਿੱਚ ਸਫ਼ਲ ਹੋਏ ਸਨ; ਕਿ ਉਹ ਅੰਗਰੇਜ਼ਾਂ ਲਈ ਸੁਡਾਨ, ਸੁਮਾਲੀਆ, ਚੀਨ, ਸਾਰਾਗੜ੍ਹੀ ਤੇ ਹੋਰ ਥਾਵਾਂ ਉੱਤੇ ਲੜੇ, ਅਤੇ ਹੁਣ ਉਹਨਾਂ ਦੇ ਹੱਕ ਖੋਹ ਕੇ ਅਤੇ ਹੱਦੋਂ ਵੱਧ ਟੈਕਸ ਲਾ ਕੇ ਉਹਨਾਂ ਦੇ ਅਹਿਸਾਨ ਦਾ ਚੰਗਾ ਬਦਲਾ ਉਤਾਰਿਆ ਜਾ ਰਿਹਾ ਹੈ।'

ਇਹ ਸ਼ਬਦ ਸਰਕਾਰ ਨੂੰ ਮਿਲ਼ੀਆਂ ਬਹੁਤ ਸਾਰੀਆਂ ਰਿਪੋਰਟਾਂ ਉੱਤੇ ਹੀ ਅਧਾਰਤ ਸਨ ਜਿਹਨਾਂ ਅਨੁਸਾਰ ਲਹਿਰ ਦੇ ਹੋਰ ਫੈਲਣ ਪਿੱਛੋਂ ਹਿੰਦੁਸਤਾਨੀ ਸਿਪਾਹੀਆਂ ਉੱਤੇ ਹੋਰ ਬੁਰਾ ਅਸਰ ਪੈਣਾ ਸੀ; ਜਦ ਕਿ ਪੰਜਾਬੀ ਪਰਿਵਾਰ ਅਤੇ ਸਿਪਾਹੀ ਪਹਿਲਾਂ ਹੀ ਲਹਿਰ ਦੇ ਅਸਰ ਹੇਠ ਆ ਚੁੱਕੇ ਸਨ। ਸਰਕਾਰ ਨੂੰ ਸੱਚੀਆਂ ਝੂਠੀਆਂ ਇਹ ਖੁਫ਼ੀਆ ਰਿਪੋਰਟਾਂ ਵੀ ਪ੍ਰਾਪਤ ਹੋਈਆਂ ਕਿ ਕੁਝ ਲੋਕਾਂ ਵੱਲੋਂ 1907 ਦੇ ਵਰ੍ਹੇ ਗਦਰ ਦੀ ਅਰਧ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਫੌਜ ਵੱਲੋਂ ਇੱਕ ਵਾਰ ਫਿਰ ਵਿਦਰੋਹ ਕਰਨ ਦਾ ਹਕੀਕੀ ਖਤਰਾ ਹੈ। ਇਹਨਾਂ ਸਾਰੀਆਂ ਗੱਲਾਂ ਦੇ ਸਨਮੁਖ ਹੀ ਲਾਰਡ ਮਿੰਟੋ ਨੇ ਵਿਵਾਦਤ ਬਿੱਲ ਰੱਦ ਕਰਨ ਦਾ ਫੈਸਲਾ ਕੀਤਾ ਸੀ। ਉਸ ਵੇਲ਼ੇ ਦੇ ਰਾਸ਼ਟਰੀ ਆਗੂ ਵਿਪਨ ਚੰਦਰ ਪਾਲ ਨੇ ਕੈਕਸਟਨ ਹਾਲ ਲੰਡਨ ਦੀ ਇੱਕ ਮੀਟਿੰਗ ਵਿੱਚ ਕਿਹਾ- ਪੰਜਾਬ ਅਜੇ ਮਰਿਆ ਨਹੀਂ। ਉਹ ਆਪਣੇ ਮਨ ਦੀਆਂ ਅੱਖਾਂ ਨਾਲ਼ ਦੇਖ ਸਕਦਾ ਹੈ ਕਿ ਸਿੱਖ ਤਲਵਾਰ ਉਠਾ ਕੇ ਆਪਣੀ ਜ਼ਿੰਦਗੀ ਵਾਰਦੇ ਹੋਏ ਕਹਿ ਰਹੇ ਹਨ, 'ਮੈਂ ਆਪਣਾ ਸੀਸ ਦਿੱਤਾ ਹੈ, ਪਰ ਆਪਣਾ ਨਿਸ਼ਾਨਾ ਨਹੀਂ ਤਿਆਗਿਆ, ਆਪਣਾ ਈਮਾਨ ਨਹੀਂ ਵੇਚਿਆ।'

***

'ਪਗੜੀ ਸੰਭਾਲ ਜੱਟਾ' ਲਹਿਰ ਦੇ ਇਹਨਾਂ ਵੇਰਵਿਆਂ ਅਤੇ ਤੱਥਾਂ ਵਿੱਚੋਂ ਅਜੋਕੇ ਅੰਦੋਲਨ ਦੀਆਂ ਅਨੇਕਾਂ ਸਾਂਝਾਂ ਲੱਭੀਆਂ ਜਾ ਸਕਦੀਆਂ ਹਨ। ਹਕੂਮਤ ਦੇ ਵਤੀਰੇ ਤੋਂ ਲੈ ਕੇ ਕਾਨੂੰਨਾਂ ਵਿਚਲੀਆਂ ਧਾਰਾਵਾਂ ਤੱਕ ਉਹੋ ਹਨ। ਅਵਾਮ ਦੇ ਸਾਰੇ ਤਬਕੇ ਵੀ 1907 ਵਾਂਗ ਹੀ ਇਕੱਠੇ ਹੋ ਗਏ ਹਨ। ਭਗਤ ਸਿੰਘ ਦੀ ਸ਼ਹੀਦੀ ਸਮੇਂ ਉੱਠੀ ਲਹਿਰ ਪਿੱਛੋਂ ਪਹਿਲੀ ਵਾਰ ਪੂਰਾ ਪੰਜਾਬ ਇਸ ਤਰ੍ਹਾਂ ਦੀ ਇੱਕਜੁਟਤਾ ਵਿੱਚ ਬੱਝਦਾ ਦਿਸ ਰਿਹਾ ਹੈ। ਹੁਣ ਸਿਰਫ਼ ਸਮੇਂ ਅਤੇ ਨਵੇਂ ਨਵ-ਉਦਾਰਵਾਦੀ ਅਰਥਚਾਰੇ ਦੀਆਂ ਜ਼ਰੂਰਤਾਂ ਬਦਲੀਆਂ ਹਨ।

ਅਸਲੀਅਤ ਇਹ ਹੈ ਕਿ ਉਦਯੋਗਿਕ ਸਰਮਾਏ ਦੇ ਦੌਰ ਤੋਂ ਅੱਜ ਤੱਕ, ਇੱਕ ਜਮਾਤ ਵਜੋਂ ਕਿਸਾਨੀ ਨੇ ਖੁਰਨ, ਕਿਰਨ ਦੀ ਅਤਿਅੰਤ ਪੀੜਾ ਹੰਢਾਈ ਹੈ। ਬਸਤੀਵਾਦੀ ਸਮਿਆਂ ਦੇ ਕਾਲਗ੍ਰਸਤ ਕਿਸਾਨਾਂ ਦੀਆਂ ਤਸਵੀਰਾਂ ਸਦੀਵੀ ਸਮੂਹਕ ਯਾਦਦਾਸ਼ਤ ਦਾ ਹਿੱਸਾ ਹਨ। ਬਸਤੀਵਾਦ ਤੋਂ ਅਜ਼ਾਦ ਹੋਏ ਮੁਲਕਾਂ ਅੰਦਰ ਸਿਰਫ਼ ਸੀਮਤ ਸਮੇਂ ਲਈ ਇੱਕ ਜਮਾਤ ਵਜੋਂ ਕਿਸਾਨੀ ਵਧੀ ਫੁੱਲੀ। ਇਸ ਵੇਲ਼ੇ ਕਿਸਾਨੀ ਨੂੰ ਵੱਧ ਤੋਂ ਵੱਧ ਪੈਦਾਵਾਰ ਦੇ ਖਾਸ ਸਰਮਾਏਦਾਰਾਨਾ ਪ੍ਰੋਜੈਕਟ ਦਾ ਹਿੱਸਾ ਬਣਾਇਆ ਗਿਆ। ਇਸ ਲਈ ਕਿਸਾਨੀ ਦੀ ਖੁਸ਼ਹਾਲੀ ਵੀ ਭਾਈਚਾਰਕ ਸਾਂਝਾਂ ਟੁੱਟਣ ਦੇ ਮਹਿੰਗੇ ਮੁੱਲ ਉੱਤੇ ਹੀ ਸੰਭਵ ਹੋ ਸਕੀ। ਹਰੇ ਰੰਗ ਦੀਆਂ ਇਹ ਕ੍ਰਾਂਤੀਆਂ ਕਿਸਾਨਾਂ ਨੂੰ ਪੂਰੇ ਪੈਕੇਜ ਵਜੋਂ ਦਿੱਤੀਆਂ ਗਈਆਂ ਸਨ। ਇਸ ਲਈ ਮੁਨਾਫ਼ੇ ਦੀ ਇੱਛਾ ਦੇ ਨਾਲ਼ ਤਰ੍ਹਾਂ ਦੀਆਂ ਕੀਟ ਨਾਸ਼ਕ ਜ਼ਹਿਰੀਲੀਆਂ ਦਵਾਈਆਂ ਵੀ ਕਿਸਾਨ ਦੇ ਖੇਤਾਂ ਅਤੇ ਮਨ ਦਾ ਹਿੱਸਾ ਬਣੀਆਂ। ਧਰਤੀ ਅਤੇ ਕਿਸਾਨ ਜਲ ਤੋਂ ਮਹਿਰੂਮ ਕਰ ਦਿੱਤੇ ਗਏ।

ਸੰਸਾਰ ਸਰਮਾਏਦਾਰੀ ਦਾ ਅਜੋਕਾ ਨਵ-ਉਦਾਰਵਾਦੀ ਦੌਰ ਖੁੱਲ੍ਹੀ ਮੰਡੀ ਦੀਆਂ ਸ਼ਕਤੀਆਂ ਦੀ ਸਰਵ-ਉੱਚਤਾ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਦਾ ਹੈ। ਇਹਨਾਂ ਸ਼ਕਤੀਆਂ ਨੂੰ ਦੈਵੀ ਮੰਨਿਆ ਜਾ ਰਿਹਾ ਹੈ ਜਿਹਨਾਂ ਕੋਲ਼ ਹਰ ਸੰਕਟ ਦਾ ਹਲ ਹੈ। ਸ਼ੇਅਰ ਬਜ਼ਾਰ ਦਾ ਸਾਨ੍ਹ ਤਾਂ ਹੀ ਫੁੰਕਾਰੇ ਮਾਰਦਾ ਅਗਾਂਹ ਵੱਲ ਦੌੜਦਾ ਰਹਿ ਸਕਦਾ ਹੈ ਜੇਕਰ ਹਰੇਕ ਖੇਤਰ ਨੂੰ ਸਰਮਾਏ ਦੀ ਖੁੱਲ੍ਹੀ ਮੰਡੀ ਦਾ ਰੂਪ ਦਿੱਤਾ ਜਾਵੇ। ਇਸੇ ਲਈ ਮੰਡੀ ਸ਼ਕਤੀਆਂ ਦੇ ਹਮਾਇਤੀ ਅਰਥ-ਸ਼ਾਸਤਰੀ ਬਹੁਤ ਦੇਰ ਤੋਂ ਖੇਤੀ ਸੈਕਟਰ ਪ੍ਰਤੀ ਫ਼ਿਕਰਮੰਦੀ ਜ਼ਾਹਿਰ ਕਰਦਿਆਂ ਇਸ ਨੂੰ ਕਾਰਪੋਰੇਟੀ ਲੋੜਾਂ ਅਨੁਸਾਰ ਢਾਲਣ ਦੀ ਯੋਜਨਾਬੰਦੀ ਪੇਸ਼ ਕਰ ਰਹੇ ਸਨ। ਇਸ ਅਨੁਸਾਰ ਭਾਰਤ ਜਿਹੇ ਮੁਲਕ ਅੰਦਰੋਂ ਖੇਤੀ ਸੈਕਟਰ ਦੀਆਂ ਘੱਟੋ ਘੱਟ ਖਰੀਦ ਮੁੱਲ ਜਿਹੀਆਂ ਖੁੱਲ੍ਹੀ ਮੰਡੀ ਵਿਰੋਧੀ

ਰਵਾਇਤਾਂ ਨੂੰ ਖਤਮ ਕਰਨਾ ਜ਼ਰੂਰੀ ਸੀ। ਇਸ ਨੂੰ ਇੱਕ ਅਜਿਹੇ ਸੈਕਟਰ ਵਜੋਂ ਵੀ ਦੇਖਿਆ ਜਾ ਰਿਹਾ ਸੀ ਜਿਸ ਵਿੱਚ ਲੋੜ ਨਾਲ਼ੋਂ ਵਧੇਰੇ ਕਿਰਤ ਸ਼ਕਤੀ ਦੀ ਸ਼ਮੂਲੀਅਤ ਹੈ। ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਵਾਹੀ-ਬੀਜੀ ਨਾਲ਼ੋਂ ਤੋੜ ਕੇ ਉਹਨਾਂ ਦਾ ਪਲਾਇਨ ਸ਼ਹਿਰਾਂ ਦੀ ਕਿਰਤ ਮੰਡੀ ਵੱਲ ਕੀਤਾ ਜਾਣਾ ਸੀ। ਇਸ ਨਾਲ਼ ਉਦਯੋਗਾਂ ਅਤੇ ਉਸਾਰੀ ਜਿਹੇ ਹੋਰ ਸੈਕਟਰਾਂ ਵਿੱਚ ਵੀ ਸਸਤੀ ਕਿਰਤ ਮੁਹੱਈਆ ਹੋਣੀ ਸੀ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਹਰ ਵਰ੍ਹੇ ਖਰੀਦ ਕੇ ਕੀਤੇ ਜਾਂਦੇ ਅੰਨ੍ਹ-ਭੰਡਾਰਨ ਨੂੰ ਵੀ ਖੁੱਲ੍ਹੀ ਮੰਡੀ ਦੇ ਨੇਮ ਦੇ ਉਲਟ ਮੰਨਿਆ ਗਿਆ ਹੈ। ਸਮਾਜਿਕ ਭਲਾਈ ਨੂੰ ਸਟੇਟ ਦੇ ਨਿਰਦੇਸ਼ਕੀ ਸਿਧਾਂਤ ਵਜੋਂ ਨਕਾਰ ਦੇਣ ਪਿੱਛੋਂ ਅਜਿਹਾ ਮੰਨਣਾ ਬਿਲਕੁਲ ਸੁਭਾਵਕ ਲਗਦਾ ਹੈ। ਇਸ ਅੰਨ੍ਹ ਭੰਡਾਰਨ ਦੇ ਖਤਮ ਹੋਣ ਸਦਕਾ ਕਾਰਪੋਰੇਟਾਂ ਦੇ ਹੱਥ ਕਣਕ ਅਤੇ ਚੌਲ਼ ਦੀਆਂ ਬਹੁਤ ਵੱਡੀਆਂ ਖੇਪਾਂ ਆਉਣੀਆਂ ਹਨ। ਭਾਰਤ ਦੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੇ ਮੂੰਹ ਵਿੱਚੋਂ ਖੋਹ ਕੇ ਇਸ ਭੋਜਨ ਨੂੰ ਯੂਰਪ ਅਤੇ ਅਮਰੀਕਾ ਦੇ ਵੱਡੇ ਫਾਰਮ ਹਾਊਸਾਂ ਵਿੱਚ ਪਲ਼ਦੇ ਜਾਨਵਰਾਂ ਦੀ ਖੁਰਾਕ ਵਜੋਂ ਨਿਰਯਾਤ ਕੀਤਾ ਜਾ ਸਕਦਾ ਹੈ। ਭਾਰਤ ਦੀ ਜਨਤਕ ਵੰਡ ਪ੍ਰਣਾਲੀ ਕੋਈ ਮੁਨਾਫ਼ਾ ਨਹੀਂ ਪੈਦਾ ਕਰਦੀ। ਇਸ ਲਈ ਇਹ ਵੀ ਮੰਡੀ ਵਿਰੋਧੀ ਹੈ। ਇਸ ਲਈ ਇਸ ਨੂੰ ਖਤਮ ਕਰਨਾ ਵੀ ਸਰਮਾਏਦਾਰੀ ਦਾ ਪਵਿੱਤਰ ਕੰਮ ਹੈ। ਭੁੱਖਮਰੀ ਦੇ ਖਾਤਮੇ ਜਾਂ ਮੰਡੀ ਵਿੱਚੋਂ ਮੰਡੀ ਨੂੰ ਚੁਣਨਾ ਹੀ ਨਵ-ਉਦਾਰਵਾਦ ਦਾ ਲਾਜ਼ਮੀ ਫ਼ਰਜ਼ ਹੈ।

ਅਜੋਕੇ ਭਾਰਤ ਦੀ ਇੱਕ ਵੱਡੀ ਤ੍ਰਾਸਦੀ ਹੋਰ ਹੈ। ਇੱਥੇ ਨਵ-ਉਦਾਰਵਾਦ ਦੀਆਂ ਖੁੱਲ੍ਹੀ ਮੰਡੀ ਦੇ ਤਰਕ ਅਨੁਸਾਰੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਪ੍ਰੰਤੂ ਇਸ ਖੁੱਲ੍ਹੀ ਮੰਡੀ ਵਿੱਚ ਖੇਡਣ ਵਾਲ਼ੇ ਖਿਡਾਰੀ ਅੰਬਾਨੀ-ਅਡਾਨੀ ਹੀ ਹਨ। ਇਸ ਵੇਲ਼ੇ ਮੁਲਕ ਅੰਦਰ ਆਰਥਿਕ ਜਮਹੂਰੀਅਤ ਦੀ ਬਜਾਏ ਆਰਥਿਕ ਕੁਲੀਨਤੰਤਰ ਹੈ, ਜੋ ਹੌਲ਼ੀ ਮੁਲਕ ਦੇ ਤਮਾਮ ਆਰਥਿਕ ਸਰੋਤਾਂ ਨੂੰ ਇਹਨਾਂ ਦੇ ਕਬਜ਼ੇ ਵਿੱਚ ਦੇ ਰਿਹਾ ਹੈ। ਇਸੇ ਲਈ ਨਵੀਂ ਵਿਵਸਥਾ ਹੋਰ ਵੀ ਵਹਿਸ਼ੀ ਹੋ ਗਈ ਹੈ। ਨਿਰੰਕੁਸ਼ ਬਹੁਗਿਣਤੀਵਾਦੀ ਸੱਤਾ ਦੇ ਆਰਥਿਕ ਬੁਲਡੋਜ਼ਰ ਹੇਠ ਇਹ ਹਰੇਕ ਜਮਾਤ ਨੂੰ ਪੀਸ ਦੇਣਾ ਚਾਹੁੰਦੀ ਹੈ। ਇਸੇ ਲਈ ਇਹਨਾਂ ਨਵੀਆਂ ਨੀਤੀਆਂ ਨੂੰ ਪਹਿਲਾਂ ਆਰਡੀਨੈਂਸਾਂ ਰਾਹੀਂ ਲਾਗੂ ਕੀਤਾ ਗਿਆ ਅਤੇ ਫਿਰ ਕਰੋਨਾ ਸੰਕਟ ਨੂੰ ਅਵਸਰ ਵਿੱਚ ਬਦਲਦਿਆਂ, ਸਾਰੇ ਪਾਰਲੀਮਾਨੀ ਨੇਮਾਂ ਅਤੇ ਰਵਾਇਤਾਂ ਨੂੰ ਛਿੱਕੇ ਟੰਗ ਕੇ, ਇਹਨਾਂ ਨੂੰ ਕਾਨੂੰਨ ਬਣਾ ਦਿੱਤਾ ਗਿਆ। ਕਿਸੇ ਵੀ ਪੱਧਰ ਉੱਤੇ ਨਾ ਕੋਈ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਨਾ ਕੋਈ ਬਹਿਸ ਮੁਬਾਹਿਸਾ। ਕੁਲੀਨਤੰਤਰ ਅਜਿਹਾ ਹੀ ਹੁੰਦਾ ਹੈ। ਜਮਹੂਰੀਅਤ ਦੇ ਅਰਥਾਂ ਤੋਂ ਉਲਟ। ਬਸਤੀਵਾਦ ਵੀ ਇਸੇ ਤਰ੍ਹਾਂ ਦਾ ਸੀ।

ਪਿਛਲੇ ਕੁਝ ਮਹੀਨਿਆਂ ਅਤੇ ਖਾਸ ਕਰ ਕੁਝ ਦਿਨਾਂ ਦੀਆਂ ਘਟਨਾਵਾਂ ਨੇ ਹਾਕਮ ਵਿਵਸਥਾਵਾਂ ਦੀ ਕਿਸਾਨ ਪ੍ਰਤੀ ਉਸੇ ਤਰ੍ਹਾਂ ਦੀ ਸੰਵੇਦਨਹੀਣਤਾ ਨੂੰ ਸਾਹਮਣੇ ਲਿਆਂਦਾ ਹੈ, ਜਿਸ ਤਰ੍ਹਾਂ ਦੀ 'ਪਗੜੀ ਸੰਭਾਲ ਜੱਟਾ' ਲਹਿਰ ਸਮੇਂ ਸੀ। ਜਿਸ ਦੀ ਸਰਪ੍ਰਸਤ ਹੋਣ ਦਾ ਹਕੂਮਤ ਦਾਅਵਾ ਕਰਦੀ ਹੈ, ਉਸੇ ਦਾ ਗੈਰ-ਮਾਨਵੀ ਦਮਨ ਕਰਨ ਲਈ ਵੀ ਤਿਆਰ ਹੈ। ਇਹ ਦਮਨ ਜਮਹੂਰੀ ਢੰਗ ਨਾਲ਼ ਰੋਸ ਪ੍ਰਗਟ ਕਰ ਰਹੇ ਵਿਅਕਤੀ ਵਜੋਂ ਕਿਸਾਨ ਦਾ ਵੀ ਹੋ ਸਕਦਾ ਹੈ ਅਤੇ ਲੰਬੇ ਸਮੇਂ ਵਿੱਚ ਕਿਸਾਨੀ ਦੀ ਖੁਦਮੁਖਤਿਆਰੀ ਤਬਾਹ ਕਰਕੇ ਇੱਕ ਜਮਾਤ ਵਜੋਂ ਕਿਸਾਨ ਦਾ ਵੀ। ਇਸ ਹਕੂਮਤ ਨੂੰ ਵੀ ਸਿਰਫ਼ ਖੇਤਾਂ ਅਤੇ ਇਸ ਦੀ ਪੈਦਾਵਾਰ ਨੂੰ ਕਾਰਪੋਰੇਟੀ ਹਿੱਤਾਂ ਲਈ ਵਰਤਣ ਦਾ ਹੀ ਫ਼ਿਕਰ ਹੈ। ਵਾਹੀ ਬੀਜੀ ਕਰਨ ਵਾਲ਼ੇ ਕਿਸਾਨਾਂ ਦਾ ਨਹੀਂ।

ਵਰਤਮਾਨ ਦੇ ਕਿਸਾਨੀ ਸੰਘਰਸ਼ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਮਨੁੱਖ ਵਜੋਂ ਕਿਸਾਨ ਦੇ ਚਿਹਰੇ ਨੂੰ ਸਮਾਜੀ ਕੈਨਵਸ ਉੱਤੇ ਉਭਾਰਿਆ ਹੈ। ਇਸ ਨੇ ਇਹ ਗੱਲ ਜ਼ੋਰ ਦੇ ਕੇ ਉਭਾਰੀ ਹੈ ਕਿ ਕਿਸਾਨ ਦੀ ਹੋਣੀ ਦਾ ਫੈਸਲਾ ਕਿਸਾਨ ਦੇ ਧਿਆਨ ਜਾਂ ਤਾਕਤ ਨੂੰ ਝਕਾਨੀ ਦੇ ਕੇ ਨਹੀਂ ਕੀਤਾ ਜਾ ਸਕਦਾ। ਜੇ ਇੱਕ ਪਾਸੇ ਕਾਰਪੋਰੇਟੀ ਸੁਧਾਰਾਂ ਲਈ ਤਤਪਰ ਨੀਤੀ ਆਯੋਗ ਦੇ ਮੁਖੀ ਅਮਿਤਾਭ ਕਾਂਤ ਨੂੰ ਸੁਧਾਰ ਲਾਗੂ ਕਰਨ ਦੇ ਪੱਖ ਤੋਂ ਮੁਲਕ ਅੰਦਰ "ਕੁਝ ਵਧੇਰੇ ਹੀ ਜਮਹੂਰੀਅਤ" ਨਜ਼ਰ ਆਉਂਦੀ ਹੈ, ਤਾਂ ਦੂਸਰੇ ਪਾਸੇ ਕਿਸਾਨਾਂ ਨੇ ਬਹੁ-ਗਿਣਤੀਵਾਦੀ ਤਾਨਾਸ਼ਾਹ ਹਕੂਮਤ ਦੌਰਾਨ ਬਚੀ-ਖੁਚੀ ਜਮਹੂਰੀਅਤ ਦੀ ਰਾਖੀ ਲਈ ਡਟਣ ਦਾ ਐਲਾਨ ਕੀਤਾ ਹੈ। ਇਸ ਬਚੀ-ਖੁਚੀ ਜਮਹੂਰੀਅਤ ਦੇ ਅਧਾਰਾਂ ਉੱਤੇ ਸਾਬਤ ਕਦਮ ਟਿਕਾ ਕੇ ਹੀ ਕਿਸਾਨੀ ਸਮੇਤ ਮਿਹਨਤਕਸ਼ ਅਵਾਮ ਦੇ ਸਾਰੇ ਵਰਗ ਅਸਲ ਜਮਹੂਰੀਅਤ ਵੱਲ ਵਧ ਸਕਦੇ ਹਨ।

***

ਹੁਣ ਸਵਾਲ ਇਹ ਅੰਦਾਜ਼ਾ ਲਾਉਣ ਦਾ ਹੈ ਕਿ ਆਪਣੀ ਹੁਣ ਤੱਕ ਦੀ ਹਿੰਡ ਪੁਗਾਉਣ ਦੀ ਜ਼ਿਦ ਦੇ ਬਾਵਜੂਦ ਕਿਹਨਾਂ ਕਾਰਨਾਂ ਕਰਕੇ ਅਜੋਕੀ ਹਕੂਮਤ ਵੀ ਬਸਤੀਵਾਦੀ ਹਕੂਮਤ ਵਾਂਗ ਹੀ ਝੁਕ ਸਕਦੀ ਹੈ। ਇਹ ਸਪਸ਼ਟ ਹੈ ਕਿ ਅੱਜ ਹਕੂਮਤ ਨੂੰ ਨਾ ਤਾਂ ਅੰਨ ਕਾਰਨ ਤੇ ਨਾ ਹੀ ਫੌਜ ਦੀ ਭਰਤੀ ਲਈ ਪੰਜਾਬ ਦੀ ਲੋੜ ਹੈ। ਅਜ਼ਾਦੀ ਤੋਂ ਬਾਅਦ ਦੇ ਬੀਤੇ ਦਹਾਕਿਆਂ ਦੌਰਾਨ ਬਹੁਤ ਪਾਣੀ ਪੁਲ਼ਾਂ ਹੇਠੋਂ ਵਗ ਚੁੱਕਾ ਹੈ।

ਅੰਦਰੂਨੀ ਤੇ ਬਾਹਰੀ ਕਾਰਨਾਂ ਵਿੱਚੋਂ ਸਭ ਤੋਂ ਵੱਡਾ ਪੰਜਾਬ ਦੀ ਵਸੋਂ ਦੀ ਬਣਤਰ ਤੇ ਇਸ ਦੀ ਭੂਗੋਲਕ ਸਥਿਤੀ ਨਾਲ਼ ਜੁੜਿਆ ਹੋਇਆ ਹੈ। ਪੰਜਾਬ ਅਤੇ ਕਸ਼ਮੀਰ ਮੁਲਕ ਦੇ ਦੋ ਅਜਿਹੇ ਇਲਾਕੇ ਹਨ, ਜਿਹਨਾਂ ਵਿੱਚ ਉਹਨਾਂ ਮਜ਼ਹਬਾਂ ਦੇ ਲੋਕਾਂ ਦੀ ਬਹੁਗਿਣਤੀ ਹੈ, ਜੋ ਉਂਝ ਮੁਲਕ ਅੰਦਰ ਘੱਟ ਗਿਣਤੀ ਹਨ। ਦੋਹਾਂ ਦੀ ਸਰਹੱਦ ਪਾਕਿਸਤਾਨ ਨਾਲ਼ ਲਗਦੀ ਹੈ। ਹੁਣੇ ਹੁਣੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖੋਹ ਕੇ ਸਰਕਾਰ ਨੇ ਇਸ ਨੂੰ ਸਦੀਵੀ ਗੜਬੜ ਦੇ ਰਾਹੇ ਧੱਕ ਦਿੱਤਾ ਹੈ। ਹੁਣ ਕਿਸੇ ਵੀ

ਸਿਆਣੀ ਸਰਕਾਰ ਲਈ ਦੂਜੇ ਰਾਜ ਪੰਜਾਬ ਦੇ ਸਮੂਹ ਅਵਾਮ ਨੂੰ ਨਰਾਜ਼ ਕਰਨ ਦਾ ਜੋਖਮ ਲੈਣਾ ਅਸਾਨ ਨਹੀਂ ਹੈ।

ਇਸ ਵੇਲ਼ੇ ਮੁਲਕ ਅੰਦਰ ਲੋਕ-ਲੁਭਾਉਣੀ ਤਾਨਾਸ਼ਾਹ ਜਮਹੂਰੀਅਤ ਹੈ, ਜੋ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਵਿੱਚ ਘਿਰੀ ਹੋਈ ਹੈ। ਜਮਹੂਰੀ ਸੰਸਥਾਵਾਂ ਅਤੇ ਸੰਵਿਧਾਨਕ ਰਵਾਇਤਾਂ ਨੂੰ ਬੁਰੀ ਤਰ੍ਹਾਂ ਤੋੜ ਭੰਨ ਦੇਣ ਦੇ ਬਾਵਜੂਦ ਇਸ ਨੂੰ ਆਪਣੀ ਵੈਧਤਾ ਲਈ ਲੋਕ-ਲੁਭਾਉਣੇ ਰੂਪ ਦਾ ਵੀ ਆਸਰਾ ਤੱਕਣਾ ਪੈਂਦਾ ਹੈ। ਪਾਰਲੀਮਾਨੀ ਜਮਹੂਰੀਅਤ ਦੇ ਇਸ ਲਾਜਮੀ ਤਣਾਅ ਕਾਰਨ ਹਰੇਕ ਸਰਕਾਰ ਨੂੰ ਕਿਸੇ ਨਾ ਕਿਸੇ ਥਾਂ ਝੁਕਣਾ ਹੀ ਪੈਂਦਾ ਹੈ। ਇਸੇ ਕਾਰਨ ਲੋਕ-ਬਲ ਮਹੱਤਵਪੂਰਨ ਹੋ ਜਾਂਦਾ ਹੈ। ਕਿਸਾਨੀ ਜਮਾਤ ਦੇ ਅੰਨਦਾਤਾ ਵਜੋਂ ਬਿੰਬ ਦੀ ਭਾਵੁਕ-ਰੁਮਾਨੀ ਖਿੱਚ ਇਸ ਨੂੰ ਚੀਨ-ਪਾਕਿਸਤਾਨ ਦੇ ਏਜੰਟ ਹੋਣ ਜਾਂ ਦੇਸ਼ ਧਰੋਹੀ ਜਿਹੇ ਲਕਬਾਂ ਨਾਲ਼ ਨਹੀਂ ਜੁੜਨ ਦਿੰਦੀ। ਇਸ ਲਈ ਇਸ ਦੇ ਅੰਦੋਲਨ ਦਾ ਨਿਰੰਤਰ ਭਾਰ ਅਤੇ ਦਬਾਅ ਹਕੂਮਤ ਨੂੰ ਆਪਣੀ ਹਿੱਕ ਉੱਤੇ ਮਹਿਸੂਸ ਕਰਨਾ ਪੈਂਦਾ ਹੈ।

ਇੱਕ ਹੋਰ ਬਾਹਰੀ ਕਾਰਨ ਇਸ ਅੰਦੋਲਨ ਨੂੰ ਕੌਮਾਂਤਰੀ ਪੱਧਰ ਉੱਤੇ ਮਿਲ਼ ਰਹੀ ਹਮਾਇਤ ਵਿੱਚ ਪਿਆ ਹੈ। ਮੁਲਕ ਦੀ ਸਮਕਾਲੀ ਹਕੂਮਤ ਆਪਣੇ ਬਿੰਬ ਪ੍ਰਤੀ ਬੇਹੱਦ ਸੁਚੇਤ ਹੈ। ਇਸੇ ਲਈ ਅਵਾਮ ਤੋਂ ਇਕੱਠੇ ਹੁੰਦੇ ਟੈਕਸਾਂ ਦਾ ਵੱਡਾ ਹਿੱਸਾ ਬਿੰਬ ਉਸਾਰੀ ਉੱਤੇ ਹੀ ਖਰਚਿਆ ਜਾ ਰਿਹਾ ਹੈ। ਕੌਮਾਂਤਰੀ ਪੱਧਰ ਉੱਤੇ ਬਿੰਬ ਦੇ ਖੁਰਨ ਦੇ ਡਰ ਵਿੱਚੋਂ ਮਸਲੇ ਦਾ ਹਲ ਤਲਾਸ਼ਣ ਦੀ ਕੋਸ਼ਿਸ਼ ਹੋ ਸਕਦੀ ਹੈ, ਹਾਲਾਂਕਿ ਮੁਲਕ ਅੰਦਰ ਬਿੰਬ ਖੁਰਨ ਦੇ ਡਰ ਅੰਦਰੋਂ ਹੀ ਇਸ ਦੀ ਜ਼ਿਦ ਵੀ ਨਿੱਕਲ ਰਹੀ ਹੈ। ਉਂਞ ਵੀ ਅਮਰੀਕਾ ਵਿੱਚ ਰਾਸ਼ਟਰਪਤੀ ਟਰੰਪ ਦੀ ਹਾਰ ਪਿੱਛੋਂ ਵਰਤਮਾਨ ਹਕੂਮਤ ਆਪਣੇ ਆਪ ਨੂੰ ਪਹਿਲਾਂ ਨਾਲ਼ੋਂ ਕਮਜ਼ੋਰ ਮਹਿਸੂਸ ਕਰ ਰਹੀ ਹੋਵੇਗੀ। ਕਮਜ਼ੋਰ ਹਿੱਕ ਨਿਰੰਤਰ ਭਾਰ ਅਤੇ ਦਬਾਅ ਤੋਂ ਛੇਤੀ ਮੁਕਤ ਹੋਣਾ ਲੋਚੇਗੀ।

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਸਮਕਾਲ ਵਿੱਚ ਬਣ ਰਿਹਾ ਇਤਿਹਾਸ ਅਤੀਤ ਨਾਲ਼ ਉਸੇ ਤਰ੍ਹਾਂ ਜੁੜਿਆ ਹੋਇਆ ਹੈ, ਜਿਵੇਂ ਇਸ ਨੇ ਭਵਿੱਖ ਦੇ ਨਕਸ਼ ਘੜਨੇ ਹਨ। ਭਵਿੱਖ ਦੇ ਨਕਸ਼ਾਂ ਨੂੰ ਜਾਨਣ ਲਈ ਹੀ ਸਾਨੂੰ ਅੱਜ 'ਪਗੜੀ ਸੰਭਾਲ ਜੱਟਾ' ਦੀ ਸਿਮਰਤੀ ਜਗਾਉਣ ਦੀ ਲੋੜ ਪਈ ਹੈ।

**98550-36890**

## ਗ਼ਜ਼ਲਾਂ / ਰਮਨ ਸੰਧੂ

ਚਮਨ ਵਿਚ ਰੁੱਤ ਕੈਸੀ ਆ ਗਈ ਹੈ
ਕਿਵੇਂ ਹਰ ਸ਼ਾਖ ਵੀ ਮੁਰਝਾ ਗਈ ਹੈ

ਕਲਮ ਨੇ ਕਰ ਲਈ ਹੈ ਖ਼ੁਦਕੁਸ਼ੀ, ਜਾਂ
ਲਫਜ਼ ਮੇਰੇ ਉਦਾਸੀ ਖਾ ਗਈ ਹੈ

ਸਲਾਮਤ ਨੇ ਅਜੇ ਸਭ ਮੀਲ ਪੱਥਰ
ਮੁਸਾਫ਼ਰ ਦੀ ਨਜ਼ਰ ਧੁੰਦਲਾ ਗਈ ਹੈ

ਤੂੰ ਉਸਦੀ ਪਹੁੰਚ ਤੋਂ ਹੁਣ ਦੂਰ ਹੋਣੈਂ
ਮੇਰੀ ਆਵਾਜ਼ ਵਾਪਸ ਆ ਗਈ ਹੈ

ਉਹ ਤਾਂ ਚਾਹੁੰਦਾ ਹੈ ਜੀਵੇ ਹੋਰ ਲੇਕਿਨ
ਉਹਦੇ ਤੋਂ ਜ਼ਿੰਦਗੀ ਉਕਤਾ ਗਈ ਹੈ



ਪਰਿੰਦੇ ਕੋਲ ਉਸ ਲਈ ਕਿਉਂ ਦੁਆਵਾਂ
ਹਵਾ ਜੋ ਆਲ੍ਹਣੇ ਨੂੰ ਢਾਹ ਗਈ ਹੈ

..................................

ਖ਼ਾਬ ਵਿਚ ਇਕ ਬਾਲਕੋਨੀ ਹੀ ਦਿਸੇ ਮੌਲਣ ਲਈ
ਪਾ ਗਿਐ ਗਮਲੇ 'ਚ ਮਿੱਟੀ ਉਹ ਮੇਰੇ ਉੱਗਣ ਲਈ

ਆਪ ਜ਼ਿੰਮੇਵਾਰ ਹਾਂ ਪੁੰਗਰਾਂਦ ਨੂੰ ਤਰਸਣ ਲਈ
ਬੀਜ ਬੈਠਾ ਬੀਜ ਮੈਂ ਬੰਜਰ 'ਚ ਜੋ ਉਪਜਣ ਲਈ

ਯਾਰ ਵੀ, ਮਹਿਬੂਬ ਵੀ, ਰਿਸ਼ਤੇ ਵੀ ਹੁਣ ਅਣਗੌਲਦੇ
ਜਾਪਦੈ ਮੇਰੇ 'ਚ ਕੁਝ ਬਚਿਆ ਨਹੀਂ 'ਵਰਤਣ' ਲਈ

ਹੌਂਸਲਾ ਪਰਵਾਜ਼ ਨੂੰ ਰਫ਼ਤਾਰ ਦੇ ਸਕਦਾ, ਮਗਰ
ਖੰਭ ਲਾਜ਼ਮ ਨੇ ਪਰਿੰਦੇ ਵਾਸਤੇ ਉੱਡਣ ਲਈ

ਆਦਮੀ ਦੇ ਖ਼ਾਬ ਕਰ ਦੇਂਦੇ ਨੇ ਉਸਨੂੰ ਦਰ ਬਦਰ
ਬੇਘਰੇ ਹੋਣਾ ਜ਼ਰੂਰੀ ਤਾਂ ਨਹੀਂ ਭਟਕਣ ਲਈ

ਜੋ ਨਸਲ ਅਗਲੀ ਹੈ ਸਾਡੀ, ਰੁੱਖ, ਪਾਣੀ ਨਾ ਹਵਾ
ਕੀ ਅਸੀਂ ਛੱਡ ਕੇ ਹਾਂ ਚੱਲੇ ਓਸਦੇ ਸਾਂਭਣ ਲਈ ?

## ਸੁਰਿੰਦਰ ਗੀਤ



### ਦਿੱਲੀ ਦੀਆਂ ਬਰੂਹਾਂ ਤੇ

ਸੀਮਿੰਟ ਦੀਆਂ ਉੱਚੀਆਂ ਉੱਚੀਆਂ ਕੰਧਾਂ
ਰਾਹਾਂ 'ਚ ਗੱਡੀਆਂ
ਤਿੱਖੀਆਂ ਕਿੱਲਾਂ
ਕੰਡਿਆਲੀਆਂ ਤਾਰਾਂ
ਸਭ ਬੇ-ਅਰਥ ਹਨ ਸੁਲਗਦੇ ਦਹਿਕਦੇ
ਰੌਸ਼ਨ ਬੋਲਾਂ ਦੀ ਕਵਿਤਾ ਮੂਹਰੇ
ਜੋ ਸਦਾ
ਇਨਸਾਨੀਅਤ ਦੇ ਦੇਸ਼ ਵੱਲ ਬਹੁੜਦੀ ਹੈ
ਸੜਦੀ ਬਲਦੀ ਧਰਤੀ ਤੇ
ਸੀਤਲ ਸ਼ਬਦ ਵਰਸਾਉਂਦੀ ਹੈ
ਮਨੁੱਖਤਾ ਦਾ ਘਾਣ ਤੇ

ਹੱਕਾਂ ਦੀ ਲੁੱਟ ਹੁੰਦੀ ਵੇਖ
ਸ਼ਕਤੀਸ਼ਾਲੀ ਤੂਫਾਨ ਬਣ
ਸਾਗਰਾਂ ਤੇ ਪਰਬਤਾਂ ਦੇ ਪਾਰ ਜਾ
ਮਾਰੂ ਤਾਕਤਾਂ ਨੂੰ
ਆਪਣੇ ਤੇਜ਼ ਤੱਪ ਵਿੱਚ
ਫੂਕ ਸੁੱਟਦੀ ਹੈ ਤੇ ਇਹ ਕਵਿਤਾ
ਹੁਣ ਦਿੱਲੀ ਦੀਆਂ
ਬਰੂਹਾਂ ਤੇ ਜਾ ਬੈਠੀ ਹੈ ।

### ਇਹ ਸੱਚ ਹੈ

ਮੈਂ ਸੁਣਿਆ ਸੀ
ਕਿ ਵਗਦੀ ਪੌਣ ਖਲੋ ਜਾਂਦੀ ਹੈ
ਜਿੱਥੇ ਲੋਕ ਇਕੱਠੇ ਹੋ
ਆਪਣੇ ਦਿਲਾਂ ਦਿਮਾਗਾਂ ਨੂੰ
ਏਕੇ ਦੇ ਧਾਗੇ ਵਿੱਚ ਪਰੋ
ਹੱਕ ਮੰਗਦੇ ਨੇ ਹੋਂਦ ਲਈ ਲੜਦੇ ਨੇ
ਜਿਹਨਾਂ ਦੀਆਂ ਰੂਹਾਂ 'ਚੋਂ
ਚਾਨਣ ਝਰਦਾ ਹੈ
ਜਿਹਨਾਂ ਦੇ ਹੱਥਾਂ ਵਿੱਚ ਫੜੀਆਂ ਮਸ਼ਾਲਾਂ ਤੋਂ
ਜ਼ਾਲਮ ਹੁਕਮਰਾਨ ਡਰਦਾ ਹੈ
ਬਿਲਕੁਲ ਓਸੇ ਤਰ੍ਹਾਂ
ਜਿਵੇਂ ਜੰਗਲੀ ਜਾਨਵਰ
ਅੱਗ ਤੋਂ ਦੂਰ ਭੱਜਦਾ ਹੈ ਤੇ
ਜਿਹਨਾਂ ਦੇ ਸੱਚ ਦੀ ਗਵਾਹੀ
ਸਾਰਾ ਬ੍ਰਹਿਮੰਡ ਭਰਦਾ ਹੈ

ਹਾਂ ਇਹ ਸੱਚ ਹੈ
ਮੇਰੀ ਰੂਹ ਦੀਆਂ ਅੱਖਾਂ ਨੇ
ਦਿੱਲੀ ਦੀਆਂ ਹੱਦਾਂ ਤੇ
ਟਰੈਕਟਰ ਟਰਾਲੀਆਂ ਸੰਘਰਸ਼ੀ
ਕਿਸਾਨਾਂ ਤੇ ਮਜ਼ਦੂਰਾਂ ਵਿਚਕਾਰ
ਹਵਾ ਨੂੰ ਖੜਾ ਵੇਖਿਆ
ਤੇ ਸੰਘਰਸ਼ੀ ਸਾਹਾਂ ਦੀ ਮਹਿਕ ਨਾਲ
ਆਪਣੀ ਝੋਲੀ ਭਰਦੇ ਦੇਖਿਆ

ਤੇ ਫਿਰ ਉਸ ਹਵਾ ਨੇ
ਇਸ ਮਹਿਕ ਦਾ
ਭਾਰਤ ਦੀ ਸਾਰੀ ਧਰਤੀ ਤੇ
ਛਿੱਟਾ ਦੇ ਦਿੱਤਾ
ਹੁਣ ਸਾਰੇ ਭਾਰਤ ਵਿੱਚੋਂ
ਭਗਤ ਸਰਾਭੇ ਤੇ ਦੁੱਲੇ ਬੁੱਲ੍ਹੇ
ਕਾਫ਼ਲੇ ਬਣਾ
ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ
ਦਿੱਲੀ ਵੱਲ ਵੱਧ ਰਹੇ ਹਨ।

### ਨਵਾਂ ਸੈਲਾਬ ਆਇਆ

ਨਵਾਂ ਸੈਲਾਬ ਆਇਆ ਹੈ ਨਵਾਂ ਕੋਈ ਰੰਗ ਛਾਇਆ ਹੈ
ਸਾਡੇ ਕਿਰਤੀ ਕਿਸਾਨਾਂ ਨੇ, ਨਵਾਂ ਦੀਵਾ ਜਗਾਇਆ ਹੈ।


ਅਨੋਖੀ ਲਾਟ ਦੀਵੇ ਦੀ, ਅਨੋਖੀ ਰੌਸ਼ਨੀ ਇਸਦੀ,
ਤੇ ਲੱਗਦਾ ਲਾਟ 'ਚੋਂ ਅੱਜ ਫਿਰ, ਸਰਾਭਾ ਮੁਸਕਰਾਇਆ ਹੈ।

ਬਿਨਾਂ ਇਤਿਹਾਸ ਦੇ ਪੜ੍ਹਿਆਂ ਬਿਨਾਂ ਪਰਖੇ ਤਾਸੀਰਾਂ ਨੂੰ,
ਕਿਸੇ ਬੇਸਮਝ ਹਾਕਮ ਦਾ ਮਾਰੂ ਫੁਰਮਾਨ ਆਇਆ ਹੈ।

ਲੜਾਈ ਹੱਕ ਦੀ ਵੀ ਹੈ ਲੜਾਈ ਸੱਚ ਦੀ ਵੀ ਹੈ,
ਤੇ ਸਾਡੀ ਹੋਂਦ ਦੇ ਮਸਲੇ ਜ਼ਮੀਰਾਂ ਨੂੰ ਜਗਾਇਆ ਹੈ।

ਅਸੀਂ ਮਿੱਟੀ 'ਚੋਂ ਜੰਮਦੇ ਹਾਂ ਤੇ ਮਿੱਟੀ ਵਿੱਚ ਹੀ ਪਲਦੇ ਹਾਂ,
ਤੇ ਏਸੇ ਸੱਚ ਨੇ ਕਿਰਤੀ ਨੂੰ ਦਿੱਲੀ ਤੇ ਚੜ੍ਹਾਇਆ ਹੈ।

# ਕਵਿਤਾਵਾਂ / ਦਰਸ਼ਨ ਬੁਲੰਦਵੀ



## ਹੁਣੇ ਹੁਣੇ

ਮੈਂ ਹੁਣੇ ਹੁਣੇ
ਸੇਵਾ ਮੁੱਕਤ ਹੋਇਆਂ ਹਾਂ
ਗਲ ਦੀ ਪੰਜ਼ਾਲੀ ਲਾਹ ਕੇ
ਕਿੱਲੀ 'ਤੇ ਟੰਗ ਦਿੱਤੀ ਏ
ਪਿੱਠ 'ਤੇ ਲੱਗੀ ਆਰ ਦਾ ਲਹੂ
ਸਬਰ ਨਾਲ ਪੂੰਝਿਆ ਏ
ਆਪਣੇ ਸੁੱਪਨਿਆਂ ਦੇ ਪੈਰੀਂ
ਉਡੱਣ ਗੁਬਾਰੇ ਬੰਨ੍ਹ ਦਿਤੇ ਹਨ
ਤਾਂ ਜੋ ਵੇਖ ਸਕਾਂ
ਧਰਤੀਓਂ ਪਰ੍ਹੇ ਹੋਰ ਧਰਤੀ।

ਮੈਂ ਹੁਣੇ ਹੁਣੇ
ਸਿਰ ਤੋਂ ਗੱਠੜੀ ਉਤਾਰ ਕੇ
ਬੱਚਿਆਂ ਦੇ ਸਿਰ 'ਤੇ
ਰੱਖ ਦਿੱਤੀ ਏ
ਤੇ ਵੇਲਣੇ 'ਚ ਆਈ ਬਾਂਹ ਨੂੰ
ਮੈਂ ਸੁਰੱਖਿਅਤ ਬਾਹਰ
ਕੱਢ ਲਿਆ ਏ
ਤੇ ਆਪ
ਪੈਰਾਂ 'ਚੋਂ ਉਠਦੇ ਵਾ ਵਰੋਲਿਆਂ ਦੀ
ਪਿੱਠ 'ਤੇ ਸਵਾਰ ਹੋ ਗਿਆ ਹਾਂ
ਤਾਂ ਜੋ ਅਣਗਾਹੇ ਪੈਂਡਿਆਂ ਨਾਲ
ਕੋਈ ਗੁਫਤਗੂ ਕਰ ਸਕਾਂ।

ਮੈਂ ਹੁਣੇ ਹੁਣੇ
ਆਪਣੇ ਮਕਾਨ 'ਚੋਂ
ਆਪਣਾ ਘਰ ਵੇਖਿਆਂ ਏ
ਘਰ ਮੇਰੇ ਹੱਥਾਂ ਵਿੱਚ
ਫੁੱਲਾਂ ਦਾ ਗੁੱਲਦਸਤਾ ਬਣ ਗਿਆ ਏ
ਇਹਦੀਆਂ ਪੰਖੜੀਆਂ 'ਚੋਂ
ਮੇਰਾ ਹਰ ਦੁਆਰ
ਖੁੱਲਦਾ ਪਿਆ ਏ
ਮੇਰਾ ਹਰ ਜਸ਼ਨ
ਇਹਦੇ ਰੰਗਾਂ 'ਚ
ਘੁੱਲਦਾ ਪਿਆ ਏ।

ਮੈਂ ਹੁਣੇ ਹੁਣੇ
ਆਪਣੇ ਲੇਖ ਆਪ ਲਿਖ ਕੇ
'ਬਰ੍ਹਮਾਂ 'ਤੋਂ ਘਰ ਮੁੜਿਆ ਹਾਂ
ਸੰਯੋਗੀ ਪਲਾਂ ਨੇ
ਮੇਰਾ ਮੱਥਾ ਚੁੰਮਿਆ ਏ
ਮੇਰੀ ਹਾਜ਼ਰੀ
ਮੇਰੀ ਮੁਹੱਬਤ ਦੇ ਸੀਨੇ
ਦਰਜ਼ ਹੋ ਗਈ ਏ
ਜ਼ਿੰਦਗੀ ਦੀ ਮਿਹਰ
ਮੇਰਾ ਕਰਜ਼ ਹੋ ਗਈ ਏ
ਮੈਂ ਸੇਵਾ ਮੁੱਕਤ ਹੋ ਕੇ ਵੀ
ਸ਼ਾਇਦ ਸੇਵਾ ਮੁੱਕਤ ਹੋ ਨਾ ਸਕਾਂ।

## ਮਾਂ

ਘਰੋਂ ਤੋਰਦਿਆਂ
ਮਾਂ ਦੀ ਮਮਤਾ ਉਦਾਸ ਏ
ਕੁਝ ਕਹਿਣਾ ਲੋਚਦੀ ਏ
ਪਰ ਲਫ਼ਜ਼ ਨਹੀਂ ਅਹੁੜਦੇ
ਉਹਦੀ ਚੁੱਪ ਹੀ
ਸਭ ਕੁਝ ਬੋਲਦੀ ਏ
ਅੱਖਾਂ ਸਿੱਲੀਆਂ ਨੂੰ ਬੰਨ੍ਹ ਮਾਰ
ਸਬਰ ਸੰਤੋਖ ਨਾਲ
ਮਨ ਤੋਲ ਦੀ ਆ
ਦੀਵੇ ਦੀ ਲੋਅ
ਮੱਥੇ ਨੂੰ ਛੂਹਾ
ਕੋਈ ਦੇਵਤਾ ਧਿਆਉਂਦੀ ਏ।

ਉਹ ਸੋਚਦੀ ਏ
ਉਦਾਸ ਨਾ ਹੋ ਜਾਏ ਪੁੱਤ ਮੇਰਾ
ਪ੍ਰਦੇਸ ਨੂੰ ਜਾਣਾ ਏ
ਪ੍ਰਦੇਸ਼ਾਂ ਵਿੱਚ ਕੌਣ ਕਿਸੇ ਦਾ
ਪਤਾ ਨਹੀਂ
ਕਿਸ ਛਾਂਗੇ ਰੁੱਖ ਦੇ
ਹੇਠ ਜਾ ਕੇ ਬਹਿਣਾ ਏ ?
ਉਹ ਸਿੱਖ ਗਈ ਏ
ਵਰ੍ਹਿਆਂ ਤੋਂ
ਪਿਆਰ ਦੇਂਦੇ
ਹੱਥਾਂ ਦੀ ਕੰਬਣੀ ਨੂੰ
ਕਿੰਜ ਅਡੋਲ ਰੱਖਣਾ ਏ
ਅਸੀਸ ਦੇਂਦਿਆਂ
ਕਿੰਜ ਡੁੱਬਦੀ ਆਵਾਜ਼ ਨੂੰ
ਜ਼ਖਮਾਂ 'ਚੋਂ ਤੈਰਦੀ ਰੱਖਣਾ ਏ
ਕਿੰਜ ਬੁੱਝ ਰਹੀਆਂ
ਅੱਖਾਂ ਦੀ ਲੋਅ ਨੂੰ
ਹਰ ਝੱਟਕੇ ਤੋਂ ਬਚਾਉਣਾ ਏ
ਉਹ ਸਿੱਖ ਗਈ ਏ
ਵਰ੍ਹਿਆ ਤੋਂ ,
ਵਰ੍ਹੇ ਜੋ
ਉਹਦੇ ਹੱਥਾਂ 'ਚੋਂ
ਭੁਰਦੀ ਲਕੀਰ ਹਨ
ਝੁਰੜਾਏ ਹੱਥਾਂ 'ਚੋਂ
ਕਿਰਦੀ ਰੇਤ ਹਨ
ਬੁਲਬਲਿਆਂ 'ਚ
ਬੰਦ ਸਾਹ ਹਨ
ਤੋਰਨ ਲੱਗਿਆਂ
ਸਿਰ ਪਲੋਸਦੀ ਹੋਈ
ਉਹ ਤਾਂ ਬਸ ਏਨਾ ਆਖਦੀ ਏ
''ਆ ਘਰ ਏ ਤੇਰਾ
ਜਦੋਂ ਵੀ ਆਵੇ
ਬਿਸਤਰ ਕੱਢ ਕੇ ਵਿਛਾਵੀਂ''

........ਦੱਸਦੀ ਹੋਈ
ਉਹ ਅੱਥਰੂ ਸੰਭਾਲ਼ਦੀ ਏ
ਆਪਣੇ ਦਿਲ ਦੇ ਸ਼ੀਸ਼ੇ ਅੰਦਰ
ਜਿਸ ਨੂੰ ਸਿਰਫ
ਉਹੀ ਵੇਖ ਸਕਦੀ ਏ
ਤੇ ਮੈਂ ਵੰਡਿਆ ਜਾਂਦਾ ਹਾਂ
ਦੇਸ ਅਤੇ ਪ੍ਰਦੇਸ ਵਿਚਕਾਰ
ਘਰ ਬਾਰੇ ਸੋਚਦਿਆਂ ।
.......

## ਕਵਿਤਾਵਾਂ / ਭੂਪਿੰਦਰ ਸੱਗੂ, ਵੁਲਵਰਹੈਂਪਟਨ ( ਯੂ.ਕੇ.)

### ਸ਼ਹਿਰ

ਕਿੰਨਾ ਨਿਰਮੋਹਾ ਹੈ ਇਹ ਸ਼ਹਿਰ !
ਜਿਸ ਦੀ ਚੁੱਪ ਅੰਦਰ
ਸਾਜਿਸ਼ ਬੋਲਦੀ ਹੈ
ਜਿਸ ਦੀਆਂ ਅੱਖਾਂ ਖ਼ਚਰਾ
ਹਾਸਾ ਹੱਸਦੀਆਂ ਨੇ
ਜਿਸ ਦੀ ਦੁਪਹਿਰ
ਖ਼ੂਨੀ ਰਾਗ ਅਲਾਪਦੀ ਹੈ
ਜਿਸ ਦੀ ਕਾਲੀ ਬੋਲ਼ੀ ਰਾਤ
ਬਲਾਤਕਾਰ, ਖ਼ੁਦਗ਼ਰਜ਼ੀ ਨੂੰ ਜੰਮਦੀ ਹੈ
ਜਿਸ ਦਾ ਸੂਰਜ
ਧੁੰਦਲੇ ਨਕਸ਼ ਉਲੀਕਦਾ ਹੈ
ਇਹ ਸ਼ਹਿਰ
ਜੋ ਕਦੇ ਅੰਦਰੋਂ-ਬਾਹਰੋਂ ਸ਼ਬਦਾਂ ਦਾ
ਖ਼ੌਲਦਾ ਸਮੁੰਦਰ ਸੀ
ਮੂੰਹ-ਜ਼ੋਰ ਝੱਖੜਾਂ ਸਾਹਵੇਂ
ਸੀਨਾ ਤਾਣ ਖੜਦਾ ਸੀ
ਧੁੰਦ-ਗਵਾਰ ਦੀ ਤਾਕਤ ਨੂੰ
ਤਲੀਆਂ 'ਤੇ ਮਸਲਦਾ ਸੀ
ਅੱਜ ਇਹਦੀ ਹੋਂਦ ਜ਼ਖ਼ਮੀ ਹੈ

### ਮ੍ਰਿਗ-ਤ੍ਰਿਸ਼ਨਾ

ਅੱਖੀਆਂ ਨਿੱਤ ਕੱਟਣ ਜਗਰਾਤੇ
ਮੇਰਾ ਚੈਨ ਹਲਾਲ ਵੇ।
ਸੱਭ ਸਖੀਆਂ ਦੇ ਹਾਣੀ ਆਏ
ਕਿਉਂ ਤੇਰਾ ਮੇਲ ਮੁਹਾਲ ਵੇ।

ਚੋਰ ਸਮੇਂ ਦਾ ਛਲ ਕੇ ਲੈ ਗਿਆ
ਮੇਰੇ ਮਨ ਦਾ ਲਾਲ ਵੇ,
ਰੀਝਾਂ ਦੇ ਪਲ ਕੈਦੀ ਹੋਏ
ਜੀਵਨ ਬਣਿਆ ਜਾਲ ਵੇ।

ਮ੍ਰਿਗ-ਤ੍ਰਿਸ਼ਨਾ ਫਿਰ ਵੀ ਕਾਇਮ
ਸਾਗਰ ਲਏ ਹੰਗਾਲ ਵੇ,
ਤੇਰੇ ਗ਼ਮ ਵਿੱਚ ਬੇਸੁਧ ਹੋਈ
ਹਿਰਨੀ ਵਰਗੀ ਚਾਲ ਵੇ।



ਸੋਚ ਨਵੀਂ ਦਾ ਪਹਿਨਿਆ ਜਾਮਾ
ਦਿਲ ਅੰਦਰੋਂ ਕੰਗਾਲ ਵੇ,
ਸੱਤ-ਸਮੁੰਦਰ ਲੰਘੇ ਨੇ ਮੈਂ
ਮਿਲਿਆ ਨਾ ਲੱਜਪਾਲ ਵੇ।

ਅੱਖ- ਮਚੋਲੀ ਖੇਡ ਰਹੀ ਹੈ
ਹੋਣੀ ਮੇਰੇ ਨਾਲ ਵੇ,
ਜੇ ਕਰ ਸੱਜਣ ਆ ਜਾਵੇ ਤੂੰ
ਪਾਵਾਂ ਨੱਚ ਧਮਾਲ ਵੇ।

### ਵਿਸਮਾਦ ਨਗਰ

ਚੇਤਰ ਦਾ ਮੂੰਹ ਚੁੰਮਣ ਆਈਆਂ
ਠੰਡੀਆਂ ਠਾਰ ਹਵਾਵਾਂ
ਆ ਸੱਜਣਾ ਬਹਿ ਪਲੰਘ ਨਵਾਰੀ
ਰੱਜ ਕੇ ਵਸਲ ਹੰਢਾਵਾਂ।

ਜੀ ਕਰਦਾ ਹੈ ਮਦਰਾ ਵਾਂਗੂੰ
ਮੈਂ ਤੈਨੂੰ ਪੀ ਜਾਵਾਂ,
ਤੂੰ ਆਵੇਂ ਤਾਂ ਚਾਨਣੀਆਂ ਵਿੱਚ
ਨੱਚ ਨੱਚ ਯਾਰ ਮਨਾਵਾਂ।

ਦਿਲ ਦੇ ਦੀਵੇ ਗੁੱਲ ਹੋਏ ਹਨ
ਕਿਸ ਦੇ ਨਾਲ ਜਗਾਵਾਂ,
ਸੂਰਜ ਕੋਲੋਂ ਦਗਦਾ ਕੋਲਾ
ਕਿੱਦਾਂ ਮੰਗ ਲਿਆਵਾਂ।

ਖ਼ਾਮੋਸ਼ੀ , ਤਨਹਾਈ ਅੰਦਰ
ਮੈਂ ਰੋਵਾਂ ਕੁਰਲਾਵਾਂ,
ਕਸਕ ਕਲੇਜੇ ਆਣ ਪਈ ਹੈ
ਦੱਸ ਕਿੱਦਾਂ ਮੁਸਕਾਵਾਂ
ਏਸ ਮਹੀਨੇ ਵਸਲਾਂ ਰੁੱਤੇ
ਪਿਆਰ ਦਾ ਬੂਟਾ ਲਾਵਾਂ,
ਜੇ ਤੂੰ ਇਸ਼ਕ ਮੇਰੇ ਨੂੰ ਸਮਝੇ
ਮਹਿਕਣ ਚਾਰ ਦਿਸ਼ਾਵਾਂ।

ਜਦ ਆਵੇਂ ਵਿਸਮਾਦ ਨਗਰ ਵੱਲ
ਰੱਤ ਦੇ ਦੀਪ ਜਗਾਵਾਂ ,
ਚਾਨਣ ਦਾ ਮੈਂ ਪੋਚਾ ਫੇਰਾਂ
ਅਨਹਦ ਨਾਦ ਵਜਾਵਾਂ।

### ਸਾਮਰਾਜੀ ਜਿੰਨ

ਕਾਫ਼ਲਿਆਂ ਨੇ ਪਰਚਮ ਚੁੱਕੇ
ਗੱਲ ਤੁਰੀ ਅਧਿਕਾਰ ਦੀ ,
ਕਿੱਲ ਗੱਡ ਕੇ ਇਹ ਰੋਕ ਰਹੇ ਨੇ
ਉਹਨਾਂ ਸੋਚੀ ਪਾਰ ਦੀ।

ਸ਼ਿਕਰੇ, ਚਿੜੀਆਂ ਨੂੰ ਧਮਕਾਉਂਦੇ
ਬਾਤ ਪਾਉਂਦੇ ਤਕਰਾਰ ਦੀ
ਨਾਟ-ਅਡੰਬਰ ਖ਼ੂਬ ਰਚਾਉਂਦੇ
ਸੁਣ ਦੇ ਨਾ ਹੱਕਦਾਰ ਦੀ।

ਇਸ ਤੋਂ ਵੱਡੀ ਹੋਰ ਕੀ ਵਹਿਸ਼ਤ
ਥਾਂ ਥਾਂ ਪੈਰ ਪਸਾਰ ਦੀ,
ਧੜਿਆਂ ਦੇ ਵਿੱਚ ਵੰਡਣ ਖ਼ਲਕਤ
ਇਹ ਨੀਤੀ ਸਰਕਾਰ ਦੀ।

ਮੈਂ ਦੇਖੀ ਸਰਕਾਰ ਕਦੇ ਨਾ
ਏਦਾਂ ਕੰਧ ਉਸਾਰ ਦੀ,
ਆਪਣਿਆਂ ਲੋਕਾਂ ਨੂੰ ਚਿਣ ਚਿਣ
ਇਸ ਦੇ ਅੰਦਰ ਮਾਰ ਦੀ।

ਸਾਮਰਾਜ ਦਾ ਜਿੰਨ ਮਰੇਗਾ
ਧਰਤੀ ਰੋਜ਼ ਪੁਕਾਰ ਦੀ,
ਹੱਕ-ਸੱਚ ਦੇ ਦੰਗਲ਼ ਅੰਦਰ
ਜਿੱਤ ਹੋਣੀ ਸਚਿਆਰ ਦੀ।

## ਕਹਾਣੀ / ਕੈਰਮ ਬੋਰਡ / ਦਰਸ਼ਨ ਜੋਗਾ

"ਇਹ ਬੁੜ੍ਹਾ ਨੀ ਟਿਕਦਾ ਜਿੰਨਾ ਚਿਰ ਘਰ ਦਾ ਕੋਈ ਜੀਅ ਫਾਹਾ ਨੀਂ ਲੈਂਦਾ।" ਛੋਟੀ ਬਹੂ ਦੇ ਕਹੇ ਜ਼ਹਿਰ ਵਰਗੇ ਬੋਲ ਕੰਨਾਂ 'ਚ ਗੂੰਜਦੇ ਹਾਲੇ ਵੀ ਦਿਮਾਗ ਸੁੰਨ ਕਰੀਂ ਜਾਂਦੇ ਐ।

ਉਲਟਾ ਚੋਰ ਕੋਤਵਾਲ ਨੂੰ ਡਾਂਟੇ" ਮਨ 'ਚ ਆਉਂਦੈ ਮੈਂ ਮਰਦਿਆਂ ਨੂੰ ਬਚਾਉਣ ਦੇ ਹੀਲੇ ਕਰੀਂ ਜਾਨਾਂ। ਬੀ ਜੇ ਵਸਦਿਆਂ 'ਚ ਰਹਿ ਜਾਈਏ। ਇਹ ਕੀ ਅੱਗ ਉਗਲਦੇ ਐ। ਥੋੜੇ 'ਚੋ ਕਿਸੇ ਦੇ ਮਨ 'ਚ ਹੈ ਚਿਣਗ ਮਾੜੀ ਮੋਟੀ ਕਿਸੇ ਦੀ ਜਾਨ ਬਚਾਉਣ ਦੀ। ਸਭ ਸੁਆਹ ਉਡਾਉਂਦੇ ਫਿਰਦੇ ਓਂ। ਬੇ-ਗੈਰਤ, ਮਤਲਬੀ, ਜਿਊਦੀਆਂ ਲਾਸ਼ਾਂ। ਆਪਣੇ ਆਪ ਨੂੰ ਚਤਰ ਸਮਝਦੇ ਨੇ। ਜਿਵੇਂ ਰੱਬ ਨਾਲ ਲਿਖਤ ਕਰਕੇ ਆਏ ਹੋਣ, ਬੀ ਇਹਨਾਂ 'ਤੇ ਤਾਂ ਕੋਈ ਮਾੜਾ ਵਖ਼ਤ ਆ ਈ ਨੀ ਸਕਦਾ। ਮਨ 'ਚ ਦਿਆ ਤਾਂ ਕੀ ਆਉਣੀ ਐ। ਉਲਟਾ ਹੋਰ ਪੱਥਰ ਚੱਕ-ਚੱਕ ਮਾਰਦੇ ਨੇ। ਫੇਰ ਜੇ ਇਹਨਾਂ ਨੂੰ ਥਾਂ ਸਿਰ ਨਾ ਕੀਤਾ ਤਾਂ ਜਿਊਣਾ ਦੁੱਭਰ ਹੋਜੂ।



"ਕੀ ਬੁੜ-ਬੁੜ ਕਰੀਂ ਜਾਂਨੈ?"

"ਕੁਛ ਨੀਂ ਬਸ ਐਵੇਂ,ਮਾੜੀ ਔਲਾਦ ਦੀਆਂ ਗੱਲਾਂ ਈ, ਮਨ 'ਚ ਆਈਂ ਜਾਂਦੀਐਂ। ਹੋਰ ਤਾਂ ਕੀ ਬੁੜ-ਬੁੜ ਕਰਨੀ ਐ। ਲੋਕ ਐਂਵੇ ਤਾਂ ਨੀ ਕਹਿੰਦੇ ਮਾੜਾ ਆਵੇ ਨਾ, ਮਾੜਾ ਜੰਮੇ ਨਾ ਘਰ' ਚ। " ਗੁਰਦਿਆਲੋ ਦੀ ਗੱਲ ਸੁਣਕੇ ਉਭੜ ਵਾਇਆਂ ਵਾਂਗ ਉਸਦਾ ਜਵਾਬ ਦਿੰਨਾ।

" ਐਵੇ ਸੋਚ-ਸੋਚ ਕੇ ਆਵਦਾ ਆਪ ਨਾ ਖਪਾਈ ਜਾਹ। ਸਾਰੀ ਉਮਰ ਇਹਨਾਂ ਨੂੰ ਪਾਲਿਆ ਸਾਂਭਿਐ। ਹੁਣ ਵੀ ਜੇ ਇਹਨਾਂ ਦੇ ਖਾਨੇ 'ਚ ਨੀਂ ਪੈਂਦੀ। ਤੁਰੇ ਫਿਰਨ। ਐਂ ਤਾਂ ਫਿਰ ਤੂੰ ਉਂਈ ਕਮਲਾ ਹੋਜੇਗਾਂ। ਲੰਘਾਅ ਲੈ ਚਾਰ ਦਿਨ ਤਕੜਾ ਹੋ ਕੇ। ਮਿੰਟ 'ਚ ਬਾਂਦਰ ਜਾਹ ਰੁੱਸ ਜਾਂਦੈਂ। ਕਿਹੜਾ ਨਾਨਕੀਂ ਆਇਐਂ ਬੀ ਫੇਰ ਆਜੇਂਗਾ। ਇਹ ਤਾਂ ਆਪਦੇ ਢਿੱਡਾਂ ਦੇ ਨੇ ਸਭ।"

ਪਤਨੀ ਦੀਆਂ ਉਸਦੇ ਸੁਭਾਅ ਅਨੁਸਾਰ ਕੀਤੀਆਂ ਗੱਲਾਂ ਸੁਣਕੇ ਮਨ ਦੀ ਫਿਰਕੀ ਹੋਰ ਤੇਜੀ ਨਾਲ ਘੁੰਮਣ ਲੱਗਦੀ ਐ। ਓਹੀ ਤਾਂ ਗੱਲ ਐ, ਕੁਦਰਤ ਦਾ ਕਿਸੇ ਨੂੰ ਪਤੈ ਕੀ ਭਾਣਾ ਵਰਤਾਦੇ। ਪਲਾਂ 'ਚ ਧਰਤੀ ਅਸਮਾਨ ਇਕ ਹੋ ਜਾਂਦੈ। ਸਭ ਚੁਸਤੀਆਂ ਚਲਾਕੀਆਂ ਘੁਲ ਜਾਂਦੀਆਂ ਨੇ ਅੱਖ ਦੇ ਫੋਰ 'ਚ। ਕੁਦਰਤ ਤਾਂ ਜੋ ਕਰੇ ਸੋ ਕਰੇ, ਇਥੇ ਬੰਦੇ ਈ ਧਰਤੀ ਅਸਮਾਨ ਇਕ ਕਰੀਂ ਜਾਂਦੇ ਐ। ਦੱਸੋ ਕਿਧਰ ਨੂੰ ਜਾਈਏ? ਹੱਦ ਕਰੀਂ ਜਾਂਦੇ ਐ।ਮੇਰੇ ਮਗਰ ਤਾਂ ਐਂ ਪਏ ਖੜੇ ਐ ਜਿਵੇਂ ਪਟਿਆਲੇ ਆਲੀ ਰਿਆਸਤ ਉਜਾੜਤੀ ਹੋਵੇ ਇਹਨਾਂ ਦੀ। ਉਹਦੀ ਕੋਈ ਗੱਲ ਈ ਨੀ ਕਰਦਾ ਜੀਹਦੀ ਉਜੱੜਗੀ। ਇੱਥੋਂ ਤੱਕ ਕਿਥੇ ਸੋਚਦੇ ਨੇ। ਜੇ ਸੋਚਦੇ ਤਾਂ ਦੁੱਖ ਈ ਕਾਹਦਾ ਸੀ।ਮੈਂ ਤਾਂ ਸੋਚ ਲਿਆ ਜਿਹੜਾ ਸੋਚਣਾ ਸੀ। ਨਾੜਾਂ 'ਚ ਪੁਰਖਿਆਂ ਦਾ ਖੂਨ ਚੱਲਦੈ। ਇਹਨਾਂ ਮਾਗੂੰ ਖੁਦਗਰਜੀ ਤੇ ਜ਼ਹਿਰ ਥੋੜੋ ਐ ਅੰਦਰ। ਜਦੋਂ ਤਕ ਸਰੀਰ 'ਚ ਜਾਨ ਏ ਸਹੀ ਗੱਲ ਨਾਲ ਖੜ੍ਹੂੰ।ਕਰੂੰ ਰੱਬ ਲੱਗਦੀ ਜਿਹੜੀ ਜੱਗ ਨੂੰ ਵੀ ਭਾਵੇ। ਇਹ ਤਾਂ ਨੀ ਵੇਖਦੇ ਦੁਨੀਆਂ ਤਾਂ ਵੇਖਦੀ ਐ। ਨਾਲੇ ਮਗਰੋਂ ਵੀ ਵੇਖੂ।ਮੈਂ ਤਾਂ ਰੋਜ ਵੇਖਦਾ ਈ ਆਂ।"

ਕਈ ਦਿਨ ਹੋਗੇ ਮੈਂ ਬਾਹਰੋਂ ਆ ਕੇ ਘਰੇ ਬੈਠਿਆ ਈ ਸੀ ।ਟੇਕ ਵੀ ਕਿਥੇ ਆਉਂਦੀ ਐ ਕਦੇ ਘਰੇ ਕਦੇ ਬਾਹਰ ਸਾਹਮਣੇ ਗਲੀ ਵਾਲਾ ਗੇਟ ਖੜਕਿਆ, ਨਾਲ ਦੀ ਨਾਲ ਵਰਾਂਡੇ ਵਿੱਚ ਲੱਗੀ ਘੰਟੀ ਵੀ ਵੱਜਦੀ ਐ।ਵੇਖਦਾਂ ਤਿੰਨੇ ਜੁਆਕ ਸਕੂਲ ਦੀ ਵੈਨ ਵਿਚੋਂ ਉਤਰ ਕੇ ਅੰਦਰ ਵੱਲ ਨੂੰ ਆ ਰਹੇ ਨੇ ।ਛੋਟੇ ਮੁੰਡੇ ਦੇ ਲਵੀ ਤੇ ਜੋਤ ਦੋਵੇਂ ਭੈਣ ਭਰਾ ਤੇ ਵੱਡੇ ਕੁਲਤਾਰ ਦਾ ਮੁੰਡਾ ਆਸਵੰਤ। ਤਿੰਨੇ ਸ਼ਹਿਰ ਦੇ ਮਾਡਲ ਹਾਈ ਸਕੂਲ 'ਚ ਪੜ੍ਹਦੇ ਨੇ। ਸਵੇਰੇ ਵੈਨ ਲੈ ਜਾਂਦੀ ਐ ਦੁਪਹਿਰੇ ਘਰੇ ਛੱਡ ਜਾਂਦੀ ਐ। ਲਵੀ ਤੇ ਜੋਤ ਅੱਗੇ-ਅੱਗੇ ਆਪਣੀਆਂ ਗੱਲਾਂ 'ਚ ਮਸਤ ਹੱਸਦੇ ਤੁਰੇ ਆਉਂਦੇ ਨੇ। ਆਸਵੰਤ ਹੌਲੀ -ਹੌਲੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਿਆ ਆਉਂਦੈ।

"ਆਗੇ ਪੁੱਤ ਸਕੂਲੋਂ " ਕੋਲ ਪਹੁੰਚਿਆਂ ਤੋਂ ਆਪ ਮੁਹਾਰੇ ਹੀ ਮੇਰੇ ਮੂੰਹੋਂ ਨਿਕਲ ਆਉਂਦੈ। ਹਾਲਾਂ ਕਿ ਜੁਆਕ ਭਾਂਵੇ ਮੇਰੇ ਕੋਲ ਖੜ੍ਹੇ ਐ। ਫੇਰ ਵੀ ਉਨਾਂ ਨਾਲ ਜੁਬਾਨ ਸਾਂਝੀ ਕਰਨ ਵਜੋਂ ਪੁੱਛਦਾ ਹਾਂ।

"ਹਾਂ ਬਾਪੂ ਜੀ" ਲਵੀ ਤੇ ਜੋਤ ਇੱਕਠੇ ਹੀ ਜਵਾਬ ਦਿੰਦੇ ਅੰਦਰ ਲੰਘ ਜਾਂਦੇ ਨੇ। ਆਸਵੰਤ ਕੁਝ ਨੀ ਬੋਲਦਾ।

ਮਨ ਅੰਦਰਲੀਆਂ ਤਾਰਾਂ ਤਾਂ ਪਹਿਲਾ ਈ ਵੱਜੀ ਜਾਂਦੀਆਂ ਸੀ।ਜਵਾਕਾਂ ਬੰਨੀ ਵੇਖਕੇ ਸਗੋਂ ਅੰਦਰਲਾ ਹੋਰ ਤੜਫਨ ਲੱਗ ਪਿਐ। ਆਸਵੰਤ ਦਾ ਉਦਾਸ ਚਿਹਰਾ ਮੈਨੂੰ ਅੰਦਰੋਂ-ਅੰਦਰ ਉਦਾਸ ਕਰਦੈ।ਇਹਦੀ ਮਾਂ ਮਰੀ ਨੂੰ ਪੰਜ ਸਾਲ ਹੋਗੇ।ਉਸਦੇ ਤੁਰ ਜਾਣ ਨੇ ਘਰ ਪਰਿਵਾਰ ਨੂੰ ਤਾਂ ਅੰਦਰ ਤੱਕ ਤੋੜਿਆ ਹੀ ਤੋੜਿਆ।ਇਹ ਬੱਚੇ ਦਾ ਜੋ ਹਾਲ ਹੋਇਆ ਪਿਐ। ਮੈਥੋਂ ਸਹਾਰਿਆ ਨੀਂ ਜਾਂਦਾ।ਕਿਵੇਂ ਪਲਾਂ ਵਿਚ ਸਰਬਜੀਤ ਸਾਡੇ ਹੱਥਾਂ 'ਚੋਂ ਕਿਰ ਗਈ ।ਕੁਲਤਾਰ ਅੱਡ ਟੁੱਟ ਗਿਆ। ਸਾਰਿਆਂ ਨੇ ਸਲਾਹ ਕੀਤੀ ਕਿ ਜੋ ਨਹੀ ਹੋਣਾ ਸੀ ਉਹ ਹੋ ਗਿਆ । ਮੁੜ ਕੁਝ ਹੱਥ ਨਹੀਂ ਆਉਦਾਂ। ਇਹਦੀ ਜਿੰਦਗੀ ਅੱਗੇ ਤੋਰਨ ਲਈ ਇਹਨੂੰ ਦੁਬਾਰੇ ਪਰੁਨਿਆ। ਵੀ ਚਲੋ ਸਾਰੀ ਉਮਰ ਕੀਹਦੇ ਚੁੱਲ੍ਹੇ ਤੇ ਰੁਲਦਾ ਫਿਰੂ। ਨਾਲੇ ਆਹ ਜੁਆਕ ਪਲਜੂ। ਪਰ ਕੀ ਪਤਾ ਸੀ ਵੀ ਕਿਹੋ ਜੀ ਉਘੜੂ ਅੱਗੋ ।ਜਿੱਦੇ ਦੀ ਆਈ ਆ ਫੁੱਟੀ ਅੱਖ ਨਹੀਂ ਦੇਖਣਾ ਚਾਹੁੰਦੀ ਜੁਆਕ ਨੂੰ।

ਜੁਆਕ ਤਾ ਜੁਆਕ ਐ। ਜਦੋਂ ਨਵੀਂ ਨਵੀਂ ਆਈ

ਤਾਂ ਸਾਰੇ ਈ ਆਖਣ ਤੇਰੀ ਮੰਮੀ ਐ। ਇਹਦੇ ਭਰਾ ਅੱਡ ਮਾਮੇ ਬਣ-ਬਣ ਬੁੱਕਲ 'ਚ ਲੈ ਨੇੜੇ ਕਰ-ਕਰ ਕੇ ਦੱਸਣ," ਤੇਰੀ ਮੰਮੀ ਐ ਆਸਵੰਤ।"

ਮੰਮੀ ਦਾ ਪਿਆਰ ਲੱਭਦਾ ਆਸਵੰਤ ਇੱਕ ਰਾਤ ਟੈਲੀਵਿਜਨ ਵੇਖਦਾ-ਵੇਖਦਾ ਕਹੇ, "ਮੰਮੀ ਪਾਪਾ ਕੋਲ ਪੈਨੈ।" ਇਹਨੇ ਤਾਂ ਅਹੀ ਜੀ ਅੜੀ ਫੜੀ ਕਹਿੰਦੀ, "ਜੇ ਇਕ ਬਾਰੀ ਗਿੱਝ ਗਿਆ ਮੈਨੂੰ ਤਾਂ ਰੋਜ਼ ਠਿੱਠ ਕਰੂ।"

ਅੱਧੀ ਰਾਤ ਕੁਲਤਾਰ ਉਂਗਲੀ ਫੜੀ ਮੇਰੇ ਮੰਜੇ ਕੋਲ ਲਈਂ ਖੜ੍ਹਾ, "ਬਾਪੂ ਜੀ ਇਹਨੂੰ ਆਪਣੇ ਕੋਲ ਪਾ ਲੋ।" ਮੈਂ ਸਮਝ ਗਿਆ। ਜੁਆਕ ਹੁਭਕੀਂ-ਹੁਭਕੀਂ ਰੋਵੇ।

ਮੈਂ ਮਸਾਂ ਵਿਰਿਆਕੇ ਆਵਦੇ ਕੋਲ ਸੁਵਾਇਆ। ਓਦੇਂ ਦਾ ਮੇਰੇ ਕੋਲ ਜਾਂ ਆਪਦੀ ਦਾਦੀ ਕੋਲ ਸੌਂਦੈ। ਰਾਤ ਤਾਂ ਕੀ ਇਹਤਾਂ ਦਿਨੇਂ ਵੀ ਚੱਜ ਨਾਲ ਕੋਲ ਨੀਂ ਬੁਲਾਉਂਦੀ ਮੁੰਡੇ ਨੂੰ । ਸਕੂਲ ਵਾਸਤੇ ਦਾਦੀ ਤਿਆਰ ਕਰੇ ਨਾ ਕਰੇ। ਰੋਟੀ ਪਕਾਕੇ ਡੱਬੇ 'ਚ ਪਾਉਂਣੀ ਤਾਂ ਦੂਰ ਦੀ ਗੱਲ ਐ। ਉਹਦਾ ਕੋਈ ਤਾਅਲੁਕ ਨਹੀ ਜੁਆਕ ਨਾਲ।

"ਬਾਬਾ ਜੀ ਤੁਸੀਂ ਕੈਰਮ ਬੋਰਡ ਖੇਡ ਸਕਦੇ ਓ।" ਆਸਵੰਤ ਦੀ ਅਵਾਜ਼ ਸੁਣ ਕੇ ਇਕ ਦਮ ਤ੍ਰਬਕ ਗਿਆ ਸਾਂ। ਉਹਨੇ ਅੰਦਰੋਂ ਆ ਕੇ ਮੈਨੂੰ ਪੁੱਛਿਆ ਸੀ।

" ਕੀ ਕਿਹਾ ਬੇਟਾ।"

"ਕੈਰਮ ਬੋਰਡ।"

"ਨਾ ਪੁੱਤ ਮੈਨੂੰ ਤਾਂ ਇਹ ਡੀਟੀਆਂ ਜਿਹੀਆਂ ਦੀ ਕੋਈ ਸਮਝ ਨੀਂ। ਤੂੰ ਲਵੀ ਹੋਰਿਆਂ ਨਾਲ ਖੇਡ ਲੈ।"

"ਬਾਪੂ ਜੀ , ਉਹ ਤਾਂ ਕਹਿੰਦੇ ਅਸੀਂ ਤਾਂ ਦੋਵੇਂ ਖੇਡਾਂਗੇ। " ਸੁਣਕੇ ਸਰੀਰ ਜਮਾਂ ਈ ਸੁੰਨ ਹੋਗਿਆ।

ਪਤਾ ਤਾਂ ਮੈਨੂੰ ਪਹਿਲਾ ਵੀ ਲੱਗਦਾ ਸੀ। ਪਰ ਅੰਦਰੇਂ-ਅੰਦਰ ਪੀ ਜਾਂਦਾ ਸੀ।

ਮਨ 'ਚ ਆਵੇ ਸਹੁਰਿਓ ਥੋਡੇ ਵੱਡਿਆਂ ਅੰਦਰੋਂ ਜਿਹੜੀ ਜ਼ਹਿਰ ਉਗਲਦੀ ਐ ਓਹ ਤਾਂ ਉਗਲਦੀ ਐ,
ਹੁਣ ਜੁਆਕਾਂ ਨੂੰ ਵੀ ਦੇਤੀ ਜ਼ਹਿਰ ਦੀ ਗੁੜਤੀ।

"ਓ ਲਵੀ...., ਓ ਲਵੀ ਪੁੱਤ।"

ਮੇਰਾ ਬੋਲ ਸੁਣ ਕੇ ਵੀ ਕੋਈ ਨੀਂ ਆਇਆ ਸੀ। ਸਗੋਂ ਖੇਡਦੇ ਜਵਾਕਾਂ ਦੀ ਅਵਾਜ਼ ਆਉਣੋਂ ਵੀ ਬੰਦ ਹੋ ਜਾਂਦੀ ਐ।

ਫੇਰ ਬੋਲ ਮਾਰਦਾਂ ਤਾ ਛੋਟੀ ਬਹੂ ਦੀ ਅਵਾਜ਼ ਆਈ,

"ਬਾਪੂ ਜੀ ਇਹਤਾਂ ਰੋਟੀ ਖਾ ਕੇ ਦੋਵੇਂ ਸੌ ਗਏ।"

ਮਨ 'ਚ ਆਵੇ। ਐਂਵੇ ਤਾਂ ਨੀ ਕਹਿੰਦੇ ਸੁੱਤਿਆਂ ਨੂੰ ਜਗਾਇਆ ਜਾ ਸਕਦੈ, ਜਾਗਦਿਆਂ ਨੂੰ ਕੌਣ ਜਗਾਵੇ। ਇਹਨਾਂ ਗੱਲਾਂ ਦਾ ਭੰਨਿਆਂ ਤਾਂ ਅੱਜ ਦੁਖੀ ਹੋਇਆ ਪਿਆਂ। ਹਾਲੇ ਕਹਿੰਦੇ ਨੇ ਮੈਂ ਮਾੜਾਂ। ਲੋਕ ਤਾਂ ਯਤੀਮ ਖਾਨਿਆਂ 'ਚ ਜਾ-ਜਾ ਕੇ ਬੱਚਿਆਂ ਦੀ ਮਦਦ ਕਰਕੇ ਆਉਂਦੇ ਨੇ। ਤੁਸੀਂ ਤਾਂ ਇਹਨੂੰ ਘਰ 'ਚ ਈ ਯਤੀਮਾਂ ਤੋਂ ਵੱਧ ਬਣਾਤਾ। ਕੱਲੀ ਮਾਂ ਤੋਂ ਬਿਨ੍ਹਾਂ। ਧਿਰਗ ਐ ਥੋਡੇ ਇਹੋ ਜਿਆਂ ਦੇ।

"ਬਾਪੂ ਜੀ ..."।ਉਸਦਾ ਬੋਲ ਸੁਣ ਕੇ ਸੁੱਕੇ ਖੂਹ 'ਚੋਂ ਬਾਹਰ ਨਿਕਲਦਾਂ।

"ਹਾਂ ਪੁੱਤ ।" ਉਸਦੇ ਹੱਥੋਂ ਕੈਰਮ ਬੋਰਡ ਫੜ੍ਹ ਮੰਜੇ ਤੇ ਬਿਠਾਅ ਲੈਨਾਂ।

ਉਸਤੋਂ ਪੁੱਛਕੇ ਲਾਲ ਦਮਕੜ੍ਹੇ ਜੇ 'ਤੇ ਛੋਟੇ-ਛੋਟੇ ਠੋਲ੍ਹੇ ਜਿਹੇ ਮਾਰਨ ਲੱਗਦਾਂ। ਅਸਲ 'ਚ ਇਹ ਠੋਲ੍ਹੇ ਮਾਰਕੇ ਦਮਕੜੇ ਨਹੀਂ ਹਿਲਾਉਦਾਂ, ਸਗੋਂ ਲੱਗਦੈ ਜਿੰਦਗੀ ਦੇ ਦਮਕੜਿਆਂ ਨੂੰ ਠੋਲੇ ਮਾਰ-ਮਾਰ ਅੱਗੇ ਨੂੰ ਰਿਸਕਾਅ ਰਿਹਾਂ, ਤਾਂ ਕਿ ਗੱਲ ਕਿਸੇ ਤਣ ਪੱਤਣ ਲੱਗ ਜਾਵੇ।

ਆਸਵੰਤ ਮੇਰੇ ਪੁੱਠੇ ਸਿੱਧੇ ਨਿਸ਼ਾਨੇ ਵੇਖ ਕੇ ਹੱਸਦੈ। "ਬਾਪੂ ਜੀ ਸਾਹਮਣੇ ਵਾਲੀਆਂ ਡੀਟੀਆਂ ਨੂੰ ਡੱਬੀ 'ਚ ਪਾਉਣੈ, ਨਿਸ਼ਾਨਾ ਸਿੱਧਾ ਲਾਓ।"

"ਮਖਿਆਂ ਵੇਖਦਾ ਜਾਹ ਡੱਬੀ 'ਚ ਈ ਪਾਊਂ, ਪਿੱਛੇ ਨੀ ਮੁੜਨ ਦਿੰਦਾ।" ਉਹ ਮੇਰੀ ਗੱਲ ਸੁਣ ਕੇ ਫੇਰ ਉੱਚੀ ਉੱਚੀ ਹੱਸਦੈ। ਇਹੋ ਹਾਸਾ ਵੇਖਣ ਲਈ ਈ ਤਰਲੇ ਮਾਰਦਾਂ।

ਪੜ੍ਹਨ ਵੇਲੇ ਮੋਹਨ ਸਿੰਘ ਦੀ "ਮਾਂ ਵਰਗਾ ਘਣਛਾਂਵਾ ਬੂਟਾ" ਕਵਿਤਾ ਦੀ ਯਾਦ ਆਉਦੀਂ ਐ... ਮਨ ਭਰਦੈ। ਐਵੇਂ ਥੋੜ੍ਹਾ ਲਿਖਦੇ ਨੇ ਕਵੀ। ਸੱਚ ਹੁੰਦੈ ਜਿੰਦਗੀ ਦਾ।

ਮਨ 'ਚ ਆਉਂਦੀ ਡੀਟੀਆਂ ਦੇ ਤਣ ਪੱਤਣ ਆਲੀ ਗੱਲ ਛੋਟੇ ਤੇ ਉਹਦੀ ਬਹੂ ਨਾਲ ਕੀਤੀ ਤਾਂ ਛੋਟਾ ਤਾਂ ਹਾਲੇ ਬੋਲਣ ਈ ਲੱਗਦਾ ਸੀ, ਉਸਤੋਂ ਪਹਿਲਾਂ ਚਾਰੇ ਲੱਤਾਂ ਚੱਕ ਕੇ ਬਹੂ ਹੋਰ ਈ ਅਰਲੀਆਂ ਚੜ੍ਹੇ ,

"ਫਿਰਦਾ ਰਹੇ, ਜਿਹਨੇ ਜੰਮਿਐ ਉਹੀ ਸਾਂਭੇ, ਅਸੀਂ ਦੱਸ ਕੀ ਠੇਕਾ ਲਿਐ ਬਾਪੂ ਜੀ।"

ਬਾਪੂ ਜੀ ਕੀ ਬੋਲੇ, ਸੰਘ 'ਚ ਬੋਲ ਅੜ੍ਹੇ ਪਏ ਨੇ। ਅੰਦਰ ਤਾਂ ਬਥੇਰਾ ਖੌਰੂ ਪੈਂਦੈ। ਇਹ ਬੋਲ ਤਾਂ ਚੰਗੀ ਤਰ੍ਹਾਂ ਬਾਹਰ ਕੱਢੂ ਵੇਲੇ ਸਿਰ। ਕਿਹੜਾ ਇੱਕ ਦਿਨ ਦੀ ਗੱਲ ਐ। ਰੋਜ਼ ਰੋਜ਼ ਦਾ ਰੇੜਕਾ ਤਾਂ ਖਤਮ ਕਰਨਾ ਈ ਪੈਣੈ।

ਖੌਰੂ ਤਾਂ ਇਹ ਵੀ ਬਥੇਰਾ ਪਾਈ ਜਾਂਦੇ ਐ, ਕਈ ਦਿਨ ਹੋਗੇ ਛੋਟੀ ਲੱਗੀ ਪਈ, ਕੋਲ ਅੰਦਰੇ ਛੋਟਾ ਡੌਰੂ, ਮੇਰੇ ਆਏ ਦੀ ਇਹਨਾਂ ਨੂੰ ਬਿੜਕ ਨਾ ਪਈ। ਤੀਮੀਂ ਆਖੇ, "ਉਹਨੂੰ ਕੀ ਐ ਮਰਗੀ ਤਾਂ ਉਹ ਮਰਗੀ ਇਹ ਤਾਂ ਹੋਰ ਲਿਆਇਆ। ਦੂਜਾ ਵਿਆਹ ਕਰਵਾਕੇ ਨਿੱਤ ਨਵਾਂ-ਨਵੇਲਾ ਬਣਿਆ ਸਵਾਦ ਲੈਂਦਾ ਫਿਰਦੈ। ਔਲਾਦ ਕੋਈ ਹੋਰ ਸਾਂਭੂ। ਪਹਿਲਾਂ ਸੋਚਣਾ ਸੀ। ਨਵੀਂ ਨਾਰ ਲਿਆਉਣ ਵੇਲੇ। ਅਸੀਂ ਆਪਦੇ ਸਾਂਭੀਏ ਕਿ ਇਹਦੇ ਨੂੰ। ਜਿਹੜੀ ਲਿਆਂਦੀ ਐ ਮਾਲਕਣ ਬਣਾ ਕੇ ਉਹਨੂੰ ਕਹੇ। ਉਹ ਤਾਂ ਸਾਰਾ ਦਿਨ ਨਾਹ-ਧੋ ਕੇ ਪਲੰਘ 'ਤੇ ਚੜ੍ਹੀ ਰਹਿੰਦੀ ਐ, ਪੈਰਾਂ ਤੇ ਪਾਣੀ ਨੀ ਪੈਣ ਦਿੰਦੀ। ਦੋਵੇਂ ਲੱਤਾਂ ਜੋੜਕੇ ਛੜਾਂ ਮਾਰਦੀ ਤੋਂ ਡਰ ਲੱਗਦੈ ਸਭ ਨੂੰ। ਨਹੀਂ ਸਾਂਭਦੀ ਤਾਂ ਆਪ ਸਾਂਭੇ। ਨਾਲੇ ਹੁਣ ਤਾਂ ਬੋਤੇ ਵਰਗਾ ਹੋਇਆ ਫਿਰਦੈ। ਬੁੜਾ

ਗੱਲ-ਗੱਲ ਤੇ ਕਹੁ ਜਵਾਕ ਐ।'' ਸੁਣਕੇ ਸੁੰਨ ਹੋ ਗਿਆ ਸਾਂ। ਬੋਲ ਕੁਛ ਨਾ ਸਕਿਆ। ਚੁੱਪ ਕਰਕੇ ਅੰਦਰ ਬੈਠਕ 'ਚ ਆ ਡਿੱਗਿਆ।

ਮਨ 'ਚ ਆਵੇ ਉਹ ਮਾੜੀਆਂ ਨੀਤਾਂ ਵਾਲਿਓ ਸੋਚੋਂ ਕੀ ਇਹ ਦੋ-ਦੋ ਜੋੜਕੇ ਖਾਣ ਨੂੰ ਮੰਗਦੈ।

ਤੁਸੀ ਪਿਆਰ ਨਾਲ ਇਹਨੂੰ ਬੁਲਾਅ ਲੋ। ਕੀ ਘਟ ਜੂ ਥੋਡਾ? ਇਕ ਮਿੱਠੀ ਜੁਬਾਨ ਦੇ ਬੋਲਾਂ ਨਾਲ ਇਸ ਜਵਾਕ ਦੀ ਜਿੰਦਗੀ ਸੋਹਣੀ ਤੁਰਦੀ ਰਹੂ। ਪਰ ਨਾ ...ਕਿਥੇ...। ਜਿੰਦਗੀ ਤੋਰਨ ਆਲੇ ਚਾਲੇ ਇਹਨਾਂ ਦੇ ਕਿਥੇ ਨੇ।

ਇਕ ਦਿਨ ਸਕੂਲ ਜਾਂਦੇ ਨੂੰ ਮੈਂ ਸੁਭਾਵਕ ਪੁੱਛ ਬੈਠਾ, "ਆਸਵੰਤ ਰੋਟੀ ਵਾਲਾ ਡੱਬਾ ਪਾ ਲਿਆ ਬੈਗ ਚ ?" ਤਾਂ ਅੰਦਰੋਂ ਕੜਕਦੀ ਅਵਾਜ਼ ਆਈ, " ਬਹੁਤਾ ਫਿਕਰ ਐ ਤਾਂ ਅੱਡ ਰਸੋਈਆ ਰੱਖ ਲੋ ਇਸ ਸਹਿਬਜ਼ਾਦੇ ਲਈ।" ਇਕ ਬੋਲਿਆ ਨੀਂ ਗਿਆ । ਮਨ 'ਚ ਆਵੇ ਮਾਂ ਮੁੱਕਗੀ ਤਾਂ ਅੱਡ ਰਸੋਈਆਂ ਰੱਖਣ ਨੂੰ ਪਰਖਦੀ ਐਂ। ਉਹਦੇ ਹੁੰਦੇ ਕਿੰਨਾ ਕੁ ਕਿਹਾ ਸੀ ਤੈਨੂੰ। ਆਪੇ ਸਜਾਅ ਸੰਵਾਰਕੇ ਤੋਰਦੀ ਸੀ। ਮੈਂ ਤਾਂ ਹੈਰਾਨ ਇਸ ਗੱਲ ਤੇ ਆਂ ਬੀ ਕਿਵੇਂ ਸੁਬੀ ਦੇ ਸੱਪ ਬਣੇ ਬੈਠੇ ਨੇ। ਜਵਾਕ ਨਾਲ ਬੋਲਣਾ ਈ ਪਾਪ ਸਮਝਦੇ ਐ। ਜਿਵੇਂ ਕਿਤੇ ਭਿੱਟੇ ਜਾਣਗੇ। ਕੱਲਾ ਆਪ ਬੋਲਣਾ ਈ ਨੀਂ ਦੂਜੇ ਦੀ ਬੋਲ ਕੇ ਕਹੀ ਗੱਲ ਵੀ ਸੁਣਨ ਨੂੰ ਤਿਆਰ ਨੀਂ।

ਪਿਛਲੇ ਸਾਲ ਪੜ੍ਹਨ ਆਲੇ ਜਵਾਕਾਂ ਦੇ ਜਦੋਂ ਨਤੀਜੇ ਆਏ। ਨਵੀਆਂ ਜਮਾਤਾਂ 'ਚ ਦਾਖਲ ਹੋਣੇ ਸੀ। ਅੱਜ ਕੱਲ ਦੇ ਸਕੂਲਾਂ ਦੀ ਜਿਹੜੀ ਪੜ੍ਹਾਈ ਐ ਉਹਤਾਂ ਕਿਸੇ ਜਵਾਕ ਦੇ ਤਣ ਪੱਤਣ ਲੱਗਣ 'ਤੇ ਈ ਪਤਾ ਲੱਗਦੈ। ਕਿਤਾਬਾਂ ਤੇ ਫੀਸਾਂ ਮੂੰਹੇ ਲੋਕ ਖੁੰਘਲ ਕੀਤੇ ਪਏ ਐ। ਛੋਟਾ ਤੇ ਬਹੂ ਆਵਦੇ ਜੁਆਕਾਂ ਵਾਸਤੇ ਕਿਤਾਬਾਂ ਲੈਣ ਜਾਂਦੇ ਸੀ। ਕੁਲਤਾਰ ਕਹਿੰਦਾ,"ਆਸਵੰਤ ਦੀਆਂ ਵੀ ਲੈ ਆਇਓ। ਜਿਹੜੇ ਪੈਸੇ ਲੱਗੇ ਮੈਂ ਦੇ ਦੂੰ।"

ਜਦੋਂ ਘਰੇ ਮੁੜੇ ਤਾਂ ਕਹਿੰਦੇ ਇਹਦੀ ਜਮਾਤ ਦੀਆਂ ਤਾਂ ਆਈਆਂ ਨੀ। ਮੈਨੂੰ ਪਤਾ ਸੀ ਇਹਨਾਂ ਦੀ ਕਰਤੂਤ ਦਾ। ਦੂਜੇ ਦਿਨ ਆਸਵੰਤ ਦੇ ਨਾਲ ਉਸਦੇ ਸਕੂਲ ਗਿਆ। ਉਹਨਾਂ ਨੇ ਪੈਸੇ ਫੜ੍ਹੇ, ਉਸੇ ਵਕਤ ਸਣੇ ਬੈਗ ਕਿਤਾਬਾਂ ਫੜਾਤੀਆਂ। ਨਾਲੇ ਆਖਣ, "ਜੇ ਕਿਸੇ ਨੂੰ ਹੋਰ ਵੀ ਲੋੜ ਐ ਤਾਂ ਭੇਜ ਦਿਓ।"

ਮਨ 'ਚ ਆਖਾਂ ਭੇਜਿਆ ਤਾਂ ਪਹਿਲਾਂ ਈ ਸੀ ਮਾੜੀ ਔਲਾਦ ਨੂੰ। ਪਰ ਜਦੋਂ ਭਾਈ ਆਪਦੇ ਈ ਖੂਨ ਸਫੇਦ ਹੋ ਜਾਣ। ਫੇਰ ਇਉਂ ਈ ਹੁੰਦੈ। ਆਹ ਤਾਂ ਰੱਥ ਫੜ ਛੱਡੇ ਨੇ ਇਹਨਾਂ ਨੇ। ਦੱਸ ਕਿਧਰ ਨੂੰ ਜਾਈਏ।

ਕੁਲਤਾਰ 'ਚ ਜੇ ਮਾੜਾ ਮੋਟਾ ਕਣ-ਕੰਡਾ ਹੁੰਦਾ ਤਾਂ ਮੈਂ ਐਂ ਨਾ ਭੁਜਦਾ। ਸੋਚਣ ਵਾਲੀ ਗੱਲ ਐ ਬੀ, ਬੰਦੈਂ ਤੂੰ। ਬੰਦੇ ਨੂੰ ਬੰਦਿਆ ਆਲੀ ਗੱਲ ਤਾ ਦਿਖਾਉਣੀ ਚਾਹੀਦੀ ਐ, ਚਾਰਾ ਚਰ ਕੇ ਤਾਂ ਪਸ਼ੂ ਵੀ ਲਿਟ ਜਾਂਦੇ ਐ । ਪਸ਼ੂ ਤੇ ਬੰਦੇ 'ਚ ਕੋਈ ਫਰਕ ਵੀ ਦਿਸੇ । ਲੱਗੇ ਵੀ ਜਿਉਂਦੇ ਆਂ। ਨਾ ਜਮ੍ਹਾਂ ਈ ਨੀਂ। ਬੱਸ ਉਹੀ ਇਕੋ ਗੱਲ, "ਕਿਹੜਾ ਦੂਹਾਜੂ ਨਾਲ ਤੋਰਦੈ ਛੇਤੀ ਕਿਤੇ ਆਵਦੀ ਧੀ ਨੂੰ...। ਇਹਨੂੰ ਵਰਿਆ ਤਰਿਆਕੇ ਰੱਖਦਾਂ ।"

ਮਖਿਆਂ ਵਰਿਆਈ ਜਾਹ। ਆਹ ਬੱਚੇ ਦਾ ਪਾਪ ਥੋਨੂੰ ਸਾਰਿਆ ਨੂੰ ਮਾਰੂ। ਸਾਲੇ ਘੱਗਰੀ ਦੇ ਯਾਰ ਬਣੇ ਬੈਠੇ ਐ। ਹਰੇਕ ਜੀਅ ਦੀ ਰਾਹ ਸਿਰ ਦੀ ਗੱਲ ਮੰਨੋ। ਇਹ ਤਾਂ ਨੀ ਵੀ ਦਿਨ ਨੂੰ ਰਾਤ ਕਹੀ ਜਾਓ, ਪਿਛਲੱਗ ਬਣਕੇ।

ਦੱਸੋ ਥੋਡੇ ਕੀ ਦੰਦੀਆਂ ਵੱਡਦੈ ਜਿਹੜੇ ਨਾਲ ਤੁਰੂ ਉਹੀ ਆਖੂ, 'ਫਲਾਣੇ ਨਾਲ ਆਜੀਂ।' ਜਦੋਂ ਘਰ ਦੇ ਈ ਫਿਟਕਾਰਦੇ ਐ ਤਾਂ ਬਾਹਰਲਿਆ ਨੂੰ ਕੀ ਦੋਸ਼ ਦੇਵਾਂ। ਕੁਦਰਤ ਦਾ ਫਲ ਐ। ਇਹ ਦਰੱਖਤਾਂ ਨੂੰ ਤਾਂ ਨੀ ਲੱਗਦੇ। ਚੰਗੀ ਤਰ੍ਹਾਂ ਪਾਲੋਂਗੇ ਤਾਂ ਸੁੱਖ ਦੇਣਗੇ। ਨਹੀਂ ਬਾਅਦ 'ਚ ਝਾਕੋਗੇਂ ਫੜੇ ਕਾਂ ਵਾਗੂੰ। ਹੱਥ ਕੁਝ ਆਉਣਾ ਨੀਂ। ਕਿਹੜਾ ਪਾਲਣ ਨਾਲੇ ਪੋਸ਼ਣ। ਪਿਛੇ ਜੇ ਦੋ ਕੁ ਮਹੀਨੇ ਹੋਏ ਆਸਵੰਤ ਦੇ ਸਕੂਲ 'ਚ ਫੰਕਸ਼ਨ ਸੀ। ਇਹਨੂੰ ਕਿਸੇ ਡਰਾਮੇ 'ਚ ਲਾਇਆ ਸੀ ਮੈਡਮਾਂ ਨੇ। ਮੈਂ ਵੀ ਖੁਸ਼ ਸੀ ਕਿ ਐਨੇ ਨਾਲ ਜਵਾਕ ਦਾ ਮਨ ਲੱਗਦੈ ਹੋਰ ਪਾਸੇ। ਖੁਸ਼ ਰਹੂ। ਆਥਣੇ ਘਰੇ ਬੈਠਾ ਮੈਂ ਉਡੀਕੀਂ ਜਾਂਦਾ ਸੀ। ਕਿਹੜੇ ਵੇਲੇ ਆਊ। ਮੇਰੀ ਸੁਰਤੀ ਵੈਨ ਬੰਨੀ ਸੀ ਕਦੋਂ ਆ ਕੇ ਖੜ੍ਹੇ ਮੈਂ ਵੇਖਾਂ, ਗੱਲਾਂ ਕਰਾਂ। ਪਰ ਜਦੋਂ ਘਰੇ ਆਇਆ ਇਹਤਾਂ ਗੁੰਮ-ਸੁੰਮ। ਮਖਿਆਂ, "ਕੀ ਗੱਲ ਹੋਗੀ ਢਿੱਲਾ ਜਾ ਲੱਗਦੈ।" ਕਹਿੰਦਾ, " ਮੈਂਨੀ ਸਕੂਲ ਜਾਂਦਾ। ਸਾਰੇ ਜਮਾਤ ਆਲੇ ਮੈਨੂੰ ਚਿੜਾਉਂਦੈ ਐ। ਸਭ ਦੇ ਮੰਮੀ ਪਾਪਾ ਫੰਕਸ਼ਨ 'ਚ ਆਏ ਸੀ। ਮੇਰੇ ਨਾ ਤਾਂ ਪਾਪਾ ਆਏ ਨਾ ਮੰਮੀ। ਮੇਰੇ ਨਾਲ ਦੇ ਉੱਚੀ-ਉੱਚੀ ਆਖਣ ਤੇਰਾ ਪਾਪਾ ਤਾਂ ਨਵੀਂ ਮੰਮੀ ਕੋਲ ਈ ਰਹਿੰਦੈ। ਸਕੂਲ ਆਉਣ ਦਾ ਟੈਮ ਕਿਥੇ। ਮੈਨੂੰ ਬਹੁਤ ਸੰਗ ਆਈ। ਗੁੱਸਾ ਵੀ ਆਵੇ।"

"ਕੋਈ ਗੱਲ ਨੀ ਮੈਂ ਕਹੂੰ ਤੇਰੇ ਪਾਪਾ ਨੂੰ। ਸਕੂਲ ਤਾਂ ਜਾਣਾ ਈ ਐ।"

ਜਦੋਂ ਮੈਂ ਰਾਤ ਨੂੰ ਇਸ਼ਾਰੇ ਜੇ ਨਾਲ ਕੁਲਤਾਰ ਨੂੰ ਕਿਹਾ, " ਕਦੇ-ਕਦੇ ਅਹੇ ਜੇ ਵੇਲੇ ਜਾ ਆਇਆ ਕਰ ਜੁਆਕ ਦੇ ਸਕੂਲ 'ਚ।"

ਉਲਟਾ ਈ ਜਵਾਬ ਦੇਂਈ ਜਾਵੇ ਅਕੇ, "ਤੂੰ ਕਿੰਨੇ ਕੁ ਵਾਰੀ ਮੇਰੇ ਸਕੂਲ 'ਚ ਜਾਂਦਾ ਸੀ।"

ਮਖਿਆਂ ਉਦੋਂ ਹੋਰ ਸਮਾਂ ਸੀ। ਉਦੋਂ ਕਿਹੜੀਆਂ ਬੱਘੀਆਂ 'ਚ ਬੂਟ ਵਰਦੀਆਂ ਕਸਕੇ ਸਕੂਲ ਜਾਂਦੇ ਸੀ ਪਿੰਡਾਂ ਦੇ ਜਵਾਕ। ਤੂੰ ਤਾਂ ਆਪਣੇ ਦੇਸੀ ਸਕੂਲ 'ਚ ਪੜ੍ਹਕੇ ਨੌਕਰੀ ਲੱਗ ਗਿਆ, ਭਲੇ ਵੇਲਿਆਂ 'ਚ।"

ਅੰਦਰ ਬੈਠੀ ਇਹਦੀ ਰਾਣੀ ਅੱਡ ਬੁੜਕੀ ਜਾਵੇ, "ਬਾਪੂ ਜੀ ਸਾਰਾ ਦਿਨ ਇਹਦੇ ਨਾਲ ਈ ਚਿੰਬੜੇ ਤੁਰੇ ਫਿਰਦੇ ਰਹੀਏ। ਹੋਰ ਕੋਈ ਕੰਮ ਨਹੀ ਇਹਨਾਂ ਨੂੰ। ਸਾਰਿਆਂ ਦੇ ਈ ਜੁਆਕ ਪੜ੍ਹਦੇ ਐ।"

"ਭਾਈ ਆਹੀ ਤਾਂ ਗੱਲ ਐ, ਸਾਰਿਆਂ ਦੇ ਮਾਪੇ ਈ ਜਾਂਦੇ ਨੇ। ਬਾਕੀ ਤੁਸੀ ਜਿਮੇਂ ਠੀਕ ਸਮਝਦੇ ਓਂ ਥੋਨੂੰ ਪਤਾ ਹੋਊ। ਇਹ ਚਿਬੜਨ ਆਲੀ ਗੱਲ ਸੁਣ ਕੇ ਪਰਸੋਂ ਆਲੀ ਗੱਲ ਮਨ 'ਚ ਫੇਰ ਆਉਂਦੀ ਆ।

ਮੈਂ ਬੈਠਾ ਤਾਂ ਛੋਟੇ ਦਾ ਲਵੀ ਤੇ ਜੋਤ ਆਕੇ ਕਹਿੰਦੇ, "ਬਾਪੂ ਜੀ ਅਸੀ ਮੰਡੀ ਜਾ ਕੇ ਆਉਨੈ ਆਂ।"

ਮਖਿਆਂ, "ਤੇਰਾ ਬਾਪ ਵੀ ਨਾਲ ਐ।" ਹਾਂ, ਮੇਰੀ ਮੰਮੀ ਵੀ ਨਾਲ ਐ।

ਮਖਿਆਂ, "ਜਾਓ।"

ਸਾਹਮਣੇ ਵੇਖਦਾਂ ਛੋਟਾ ਵਿਹੜੇ 'ਚੋ ਲੰਘ ਕੇ ਗੇਟ ਕੋਲ ਵੱਡੇ ਬਰਾਂਡੇ 'ਚ ਢਕੀ ਖੜੀ ਕਾਰ ਦਾ ਛਾੜ ਉਤਾਰ ਕੇ ਅੰਦਰ ਬੈਠ ਗਿਆ, ਉਸਦੀ ਘਰ ਵਾਲੀ ਬਰੋਬਰ ਮੂਹਰਲੀ ਸੀਟ ਤੇ ਅੜ ਕੇ ਬੈਠੀ ਲਵੀ ਤੇ ਜੋਤ ਨੂੰ ਜਲਦੀ ਆਉਣ ਦੇ ਇਸ਼ਾਰੇ ਕਰੀ ਜਾਂਦੀ ਹੈ। ਮੇਰੇ ਵੇਖਦੇ-ਵੇਖਦੇ ਕਾਰ ਹੌਲੀ-ਹੌਲੀ ਦਰਵਾਜਿਉਂ ਬਾਹਰ ਹੋ ਗਈ। ਮੈਂ ਸੋਚਾਂ ਜੇ ਆਸਵੰਤ ਨੂੰ ਲੈ ਜਾਂਦੇ ਤਾਂ ਕੀ ਕਾਰ ਥੱਕਦੀ ਸੀ। ਇਹਨੂੰ ਵੀ ਛੁੱਟੀਆਂ ਨੇ ਤੁਰ ਫਿਰ ਆਉਂਦਾ। ਉਹ ਬੇਚਾਰਾ ਕਦੇਂ ਅੰਦਰ ਕਦੇਂ ਬਾਹਰ ਗੇੜੇ ਜੇ ਖਾਂਦਾ ਤੁਰਿਆ ਫਿਰਦਾ ਰਿਹਾ।ਆਥਣੇ ਆਏ ਸਿੱਧੇ ਆਵਦੀ ਆਲੀ ਕੋਠੀ ਦੇ ਅੰਦਰ ਚਲੇ ਗਏ। ਗਲੀ ਵਾਲਾ ਵੱਡਾ ਗੇਟ ਮੂਹਰੋਂ ਇੱਕੋ ਐ। ਵਿਹੜੇ 'ਚੋਂ ਦੀ ਲੰਘ ਕੇ ਅੰਦਰ ਆ ਕੇ ਇੱਕੋ ਜਿਹੀਆਂ ਦੋ ਕੋਠੀਆਂ ਮੈਂ ਪਹਿਲਾਂ ਹੀ ਬਣਾਤੀਆਂ ਸੀ। ਰੱਬ ਦਾ ਦਿੱਤਾ ਸਭ ਕੁਛ ਐ। ਬੀ ਟਿਕੇ ਰਹਿਣ। ਪਰ ਫੇਰ ਵੀ ਕਿੱਥੇ ਟਿਕਦੇ ਨੇ। ਹਰੇਕ ਚੀਜ ਦੀ ਭੁੱਖ ਦਿਨੋਂ-ਦਿਨ ਵੱਧਦੀ ਤੁਰੀ ਜਾਂਦੀ ਐ।ਮੈਂ ਫਿਰ ਵੀ ਸੋਚਦਾਂ ਨੀ ਸੀ ਵੀ ਚੱਲੋ ਜਿਵੇਂ ਚੱਲਦੈ ਚੱਲੀ ਜਾਵੇ। ਪਰ ਹੁਣ ਚੱਲਣ ਆਲੀ ਗੱਲ ਰਹੀ ਨੀਂ।

ਕੱਲ ਆਲੀ ਗੱਲ ਨੇ ਤਾਂ ਜਮ੍ਹਾਂ ਈ ਅੰਦਰ ਹਿਲਾ ਕੇ ਰੱਖਤਾ। ਜਦੋਂ ਦੁਪਹਿਰੇ ਮੈਂ ਘਰੇ ਆਇਆ ਆਸਵੰਤ ਕੱਲਾ ਬੈਠਾ ਕਮਰੇ 'ਚ ਟੈਲੀਵੀਜਨ ਵੇਖੀ ਜਾਂਦਾ ਸੀ। ਕੁਛ ਡਿਗਣ ਦਾ ਖੜਕਾ ਸੁਣਕੇ ਮੈਂ ਭੱਜ ਕੇ ਕਮਰੇ ਅੰਦਰ ਗਿਆ। ਆਸਵੰਤ ਫਰਸ਼ ਤੇ ਚੌਫਾਲ ਪਿਆ ਸੀ। ਰਿਮੋਟ ਉਸਦੇ ਹੱਥਾਂ 'ਚ ਡਿਗਿਆ ਕੋਲ ਪਿਆ ਸੀ। ਅੱਖਾਂ ਪਥਰਾਅ ਗਈਆਂ ਸੀ। ਮੈਂ ਘੋਥਲ -ਘੋਥਲ ਬਥੇਰਾ ਜੋਰ ਲਾਇਆ। ਬੋਲ ਈ ਨੀਂ ਰਿਹਾ ਸੀ।ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਫਟਾ-ਫਟ ਗੁਆਂਢੀਆਂ ਦੇ ਲਵਲੀ ਨੂੰ ਬੋਲ ਮਾਰਦਾਂ। ਉਸੇ ਵਕਤ ਉਹਨੇ ਕਾਰ ਕੱਢੀ। ਪਾ ਕੇ ਡਾਕਟਰ ਦੇ ਲੈਗੇ। ਦੋ ਤਿੰਨ ਟੀਕੇ ਫਟਾ-ਫਟ ਲਾ ਕੇ ਨਬਜ਼ ਵੇਖ ਕੇ ਕਹਿੰਦਾ, "ਠੀਕ ਐ, ਘਬਰਾਉਣ ਦੀ ਲੋੜ ਨੀਂ। ਐਂਵੇ ਕਿਸੇ ਗੱਲ ਦੇ ਬੋਝ ਨਾਲ ਦੌਰਾ ਪਿਐ। ਆਥਣ ਤਾਈਂ ਉਹਨੇ ਕੋਲ ਰੱਖਿਆ। 'ਨੇਰੇ ਜੇ ਹੋਏ ਡਾਕਟਰ ਕਹਿੰਦਾ, "ਕਿਥੇ ਰਾਤ ਨੂੰ ਬੇ-'ਰਾਮ ਹੋਵੋਂਗੇ। ਸਵੇਰੇ ਆ ਕੇ ਚੈੱਕ ਕਰਵਾ ਜਾਇਓ। ਰਾਤ ਦੀ ਦਵਾਈ ਨਾਲ ਦੇ ਦਿੰਨਾਂ।"

"ਜਿਵੇਂ ਤੁਹਾਡੀ ਰਾਇ ਐ ਜੀ, ਮਾਰਤਾ ਜੁਆਕ ਜੰਮਣ ਆਲਿਆਂ ਨੇ। ਪਿਉ ਤੇ ਚਾਚਾ ਚਾਚੀ ਈ ਇਹਦੇ ਵਾਸਤੇ ਤਾਂ ਦੈਂਤ ਬਣੇ ਫਿਰਦੈ ਐ, ਜਿਹੜੀ ਦੂਜੇ ਵਿਆਹ ਦੀ ਲਿਆਂਦੀ ਐ ਖੱਟ ਖੱਟਕੇ ਉਹਤਾਂ ਜੁਆਕ ਨੂੰ ਘਰੇ ਦੇਖਣਾ ਈ ਨੀ ਲੋਚਦੀ।ਬੋਝ ਨਾ ਪਵੇ ਤਾਂ ਹੋਰ ਕੀ ਹੋਊ , ਡਾਕਟਰ ਸਾਹਿਬ ।",

"ਚਲੋ ਕੋਈ ਗੱਲ ਨੀ, ਇਹਨੂੰ ਸੰਭਾਲੋ ।" ਕਹਿ ਡਾਕਟਰ ਚੁੱਪ ਕਰ ਗਿਆ।"

ਲਵਲੀ ਆਲੀ ਕਾਰ 'ਚ ਅਸੀਂ ਘਰੇ ਆਗੇ। ਇਨ੍ਹਾਂ ਕਸਾਈਆਂ 'ਚੋਂ ਕੋਈ ਪਤਾ ਲੈਣ ਨੀ ਬਹੁੜਿਆ। ਘਰੇ ਪਹੁੰਚੇ ਸਭ ਆਪੋ -ਆਪਣੇ ਕਮਰਿਆਂ 'ਚ ਮੌਜ ਨਾਲ ਬੈਠੇ। ਜਵਾਕ ਟੈਲੀਵਿਜ਼ਨ ਵੇਖੀ ਜਾਣ। ਅਵਾਜ਼ ਪੂਰੀ ਉੱਚੀ । ਕਿਸੇ ਨੂੰ ਕੋਈ ਫ਼ਿਕਰ ਨੀਂ। ਜਿਵੇਂ ਘਰੇ ਕੁਝ ਹੋਇਆ ਈ ਨਾ ਹੋਵੇ।ਬੁਲਾਏ ਮੈਂ ਵੀ ਨੀ।ਆਸਵੰਤ ਨੂੰ ਮੈਂ ਆਪਦੇ ਕੋਲ ਪਾ ਲਿਆ।ਇਹਦੀ ਦਾਦੀ ਨੇ ਖਿਚੜੀ ਦੇਤੀ। ਦਵਾਈ ਲੈ ਕੇ ਪੈ ਗਿਆ।ਚੁੱਪ-ਚਾਪ ਪਏ ਨੂੰ ਵੇਖ-ਵੇਖ ਮਨ 'ਚ ਆਵੇ ਐਹੀ ਜੀ ਕੀ ਗੱਲ ਦਾ ਬੋਝ ਪਿਐ।ਮੈਂ ਪੁੱਛਿਆ, "ਪੁੱਤ ਕੀ ਗੱਲ ਹੋਗੀ ਸੀ।ਤੈਨੂੰ ਪਤਾ ਨੀਂ ਲੱਗਿਆ।"

"ਨਾ ਬਾਪੂ ਜੀ।" ਕਹਿ ਕੇ ਫਿਰ ਚੁੱਪ ਕਰਕੇ ਪੈ ਗਿਆ।

ਪਰ ਮਨ 'ਚ ਵਾਰ-ਵਾਰ ਆਈ ਜਾਵੇ ਹੈਂ ਤਾਂ ਜਰੂਰ ਕੋਈ ਗੱਲ। ਕਦੇ ਸੋਚਾਂ ਇਹਨਾਂ ਕਮੂਤਾਂ ਨੇ ਈ ਕੋਈ ਕਰਤੂਤ ਨਾ ਕੀਤੀ ਹੋਵੇ। ਹੋਇਆ ਜਵਾਕ ਨਾਲ ਧੱਕੈ ਕੋਈ।ਐਨਾ ਡਰ ਤੇ ਸਹਿਮ ਤਾਂ ਨਹੀਂ ਏਸ ਉਮਰ 'ਚ ਕੀ ਆਖੇ।

ਤੜਕੇ ਉੱਠਦਾ ਈ ਕੁਲਤਾਰ ਮੇਰੇ ਕੋਲ ਆ ਖੜ੍ਹਿਆ।ਮਖਿਆਂ, "ਹੁਣ ਆਇਐਂ। ਰਾਤ ਦਾ ਕਿਥੇ ਸੀ?" ਅੱਖਾਂ ਲਾਲ ਭੂਤਰਿਆ ਖੜ੍ਹਾ। ਜਵਾਕ ਦੀ ਕੋਈ ਗੱਲ ਈ ਨੀਂ।ਮੈਨੂੰ ਜਿਹੜਾ ਜਵਾਬ ਦਿੱਤਾ ਮੈਂ ਤਾਂ ਸੁਣ ਕੇ ਸੁੰਨ ਹੋ ਗਿਆ।ਕਹਿੰਦਾ, " ਤੈਨੂੰ ਪਤੈ ਬੁੱਕਲ ਦਾ ਸੱਪ ਜੰਮ ਪਿਆ। ਜਿਹਨੂੰ ਦਵਾਈਆਂ ਦਵਾਉਦਾਂ ਫਿਰਦੈਂ। ਇਹਨੂੰ ਤਾਂ ਜ਼ਹਿਰ ਦੇਣ ਆਲੀ ਐ।"

ਮਖਿਆਂ ਸੁਰਤ ਕਰ ਓਏ ਤੂੰ ਗੱਲ ਦੱਸ ਕੀ ਚਹੁੰਨੈ।

"ਚਹੁਨਾਂ ਕੀ ਆਂ ਲੈ ਸੁਣ ਲੈ, ਕੱਲ੍ਹ ਸਵੇਰੇ ਮੇਰੇ ਜਾਣ ਤੋਂ ਮਗਰੋਂ ਪ੍ਰੀਤ ਨਾਹਕੇ ਹਟੀ, ਕਮਰੇ 'ਚ ਕੱਪੜੇ ਬਦਲਦੀ ਦੇ ਮਗਰ ਜਾ ਖੜ੍ਹਿਆ। ਫੇਰ ਉਹਨੇ ਕੀਤੀ ਧਰਨ ਟਿਕਾਣੇ। ਮਗਰੋਂ ਬੌਂਦਲਿਆਂ ਜਾ ਫਿਰਦਾ, ਆਖੇ, "ਐਥੇ ਮੇਰੀ ਕਿਤਾਬ ਪਈ ਸੀ। ਉਹ ਚੱਕਣ ਆਇਆ ਸੀ।" ਵੇਖ ਲੈ ਜਿਹੜੀਆਂ ਕਿਤਾਬਾਂ ਇਹ ਪੜ੍ਹਦੈ। ਮੇਰੇ ਮੱਥੇ ਨਾ ਲਾਈਂ ਮੈਂਥੋ ਮਰਜੂ। ਮਖਿਆਂ,"ਸੰਗ ਮਨ ਓਏ। ਤੀਮੀਆਂ ਮਗਰ ਲੱਗਕੇ ਅਹੀ ਜੀ ਕਰਤੂਤ ਈ ਕਰੇਂਗਾ।"

"ਇਹ ਤਾਂ ਭਲਮਾਣਸੀ ਕਰਦੈ। ਮੈਨੂੰ ਕਰਤੂਤ ਕਰਦਾ ਦੱਸਦੈਂ। ਮੈਂ ਤਾਂ ਪਹਿਲਾਂ ਵੀ ਕਿੰਨੇ ਵਾਰੀ ਵੇਖਦਾ ਸੀ ਸਾਲਾ ਹੋਰ ਈ ਵਾਲ ਜੇ ਬਣਾ-ਬਣਾ ਆਉਂਦਾ ਸੀ ਲੰਡੇ ਜੇ।

ਇੱਕ ਦਿਨ ਕਹੇ ਮੈਂ ਦਿੱਲੀ ਜਾਊਂ ਜਮਾਤ ਦੇ ਮੁੰਡਿਆਂ ਨਾਲ। ਉਦੋਂ ਘੂਰਿਆ। ਫੇਰ ਟਿਕਿਆ ਸੀ।"

"ਆਹੋ ਤੂੰ ਤਾ ਕਦੇ ਘਰੋਂ ਬਾਹਰ ਈ ਨੀਂ ਗਿਆ ਸੀ। ਇਹਦੀ ਮਾਂ ਮਰਗੀ ਸਾਰੇ ਐਬ-ਵੈਲ ਇਸ ਜੁਆਕ 'ਚ ਆਗੇ। ਦਸਵੀਂ 'ਚ ਪੜ੍ਹਦੈ। ਨਾਲੇ ਮਾਂ ਐ ਇਹਦੀ। ਕੋਈ ਹੋਰ ਹੋਵੇ ਮੰਨ ਲੀਏ। ਜਿਹੜੀਆਂ ਗੱਲਾਂ ਨੇ, ਉਹਨਾਂ ਬੰਨੀਉ ਤਾਂ ਤੂੰ ਕਬੂਤਰ ਮਾਗੂੰ ਅੱਖਾਂ ਮੀਚੀ ਤੁਰਿਆ ਫਿਰਦੈਂ। ਕਦੇ ਪਿਆਰ ਦੇ ਦੋ ਲਫਜ਼ ਬੋਲੇ ਨੇ ਇਸਨੂੰ ? ਬਿਠਾਇਐ ਆਵਦੇ ਕੋਲੇ। ਜਦੋਂ ਵੀ ਮੂਹਰੇ ਆਉਂਦੈ ਵੱਢ ਖਾਣਿਆਂ ਵਾਗੂੰ ਪੈਨੈਂ। ਦੱਸ ਇਹਨੇ ਕੀ ਕਸੂਰ ਕਰਤਾ। ਇਹਨੂੰ ਸੰਭਾਲ ਤੇਰੇ ਬਰੋਬਰ ਦੀ ਬਾਂਹ ਬਣੂੰ। ਜੇ ਸ਼ਰੀਕ ਬਨਾਂਉਣੇ ਤਾਂ ਤੇਰੀ ਮਰਜੀ। ਨਾਲੇ ਫੇਰ ਰੋਇਆ ਕਰੇਗਾਂ ਅੱਖਾਂ 'ਚ ਘਸੁੰਨ ਦੇ ਕੇ। ਸਾਰਾ ਦਿਨ ਤੀਵੀਂ ਦਾ ਹੋਇਆ ਰਹਿਨੈਂ। ਸਾਲਾ ਇਕ ਲੱਤ ਤੇ ਜਾਵੇ।ਗੱਲ ਈ ਨਾ ਸੁਣੇ। ਮਖਿਆਂ ਜਾਹ ਤੁਰਿਆ ਫਿਰ ।ਇਹ ਵੀ ਸਾਡੀ ਅੰਸ਼ ਐ। ਤੂੰ ਤੇ ਤੇਰੀ ਜ਼ਨਾਨੀਂ ਤਾ ਹੋਰ ਜੰਮ ਲੋਂਗੇ। ਇਹਦਾ ਕੌਣ ਐ?"

ਕਹਿੰਦਾ, ਮੈਨੂੰ ਨੀ ਪਤਾ ਮੇਰੇ ਘਰੇ ਮੈਨੂੰ ਨਾ ਦਿਸੇ। ਮੈਂ ਤੈਨੂੰ ਕਹਿਤਾ ਮੈਂ ਤਾਂ ਬੇ ਦਾਵੇ ਲਿਖਾਊਂ ਸਾਲੇ ਨੂੰ।

ਮਖਿਆਂ, " ਮੈਂ ਘਰੇ ਵੀ ਰੱਖੂ ਤੇ ਤੇਰੇ ਬੇ-ਦਾਵੇ ਦਾ ਹੱਲ ਵੀ ਕਰੂੰ , ਤੂੰ ਚੱਲ ਜਿੱਥੋਂ ਤੱਕ ਚੱਲਦੈਂ। ਚੱਲਾਂਗੇ ਕੱਲ੍ਹ ਨੂੰ ਕਚਿਹਰੀ 'ਚ। ਨਾਲੇ ਪਤਾ ਲੱਗੂ ਤੇਰੇ ਵੱਡੇ ਨਾਢੂ ਖਾਂ ਦਾ।" ਸੁਣ ਕੇ ਸੱਪ ਵਾਗੂੰ ਫੁਕਾਰੇਂ ਮਾਰਦਾ ਬਾਹਰ ਨੂੰ ਨਿਕਲ ਗਿਆ। ਮਖਿਆਂ ਕੋਈ ਨੀ ਆਜੂ ਵੇਲਾ ਫੇਰ ਕਰਦੈ ਆ ਗੱਲ। ਇੰਨੇ ਨੂੰ ਛੋਟਾ ਤੇ ਛੋਟੀ ਵੀ ਬਿੜਕਾਂ ਲੈਂਦੇ ਆਗੇ। ਮਖਿਆਂ ਤੁਰਦੇ ਬਣੋਂ। ਰਾਤ ਤਾਂ ਥੋਨੂੰ ਸਾਰਿਆ ਨੂੰ ਸੱਪ ਸੁੰਘ ਗਿਆ ਸੀ। ਜੇ ਜਵਾਕ ਦੀ ਜਾਹ-ਜਾਂਦੀ ਹੋ ਜਾਂਦੀ। ਤੁਸੀਂ ਤਾਂ ਤਾੜੀਆਂ ਮਾਰਨ ਨੂੰ ਤਿਆਰ ਬੈਠੇ ਸੀ। ਹੁਣ ਪੁਛਦੇਂ ਓਂ ਕਿਵੇਂ ਐ।"

ਮੇਰੀ ਗੱਲ ਸੁਣ ਕੇ ਟੀਰਾ ਜਾ ਝਾਕੇ। ਤੀਮੀਂ ਨੂੰ ਲੈ ਕੇ ਬਾਹਰ ਨੂੰ ਤੁਰ ਗਿਆ। ਬਾਹਰ ਨਿਕਲਦੀ ਤੀਵੀਂ ਆਖੇ, " ਸਾਡਾ ਦੱਸ ਕੀ ਕਸੂਰ ਐ। ਇਹ ਜਾਨਣ ਪਿਉਂ ਪੁੱਤ ਦੋਵੇ।" ਮਨ 'ਚ ਆਵੇ," ਜਿਹੜੀਆਂ ਸੁਰਲੀਆਂ ਛੱਡਦੀ ਫਿਰਦੀ ਐਂ। ਮੇਰੇ ਸਭ ਨੌਂਹਾਂ 'ਚ ਐ, ਤੂੰ ਤੁਰਦੀ ਬਣ। ਜਦ ਮੈਂ ਆਪਣੇ ਪੱਤੇ ਖੋਲੇ, ਫੇਰ ਫਿਰੇਗੀਂ ਭੱਜੀ। ਆਊ ਦਿਮਾਗ ਟਿਕਾਣੇ ।ਹਾਲੇ ਤਾਂ ਸਾਉਣ ਦੇ ਅੰਨੇ ਵਾਗੂੰ ਹਰਾ ਈ ਹਰਾ ਵਿਖਾਈ ਦਿੰਦੈ। ਐਸੀ ਬਾਜ਼ੀ ਲਾਊਂ, ਵੇਖੋਂਗੇ।"

ਮੈਂ ਕੋਈ ਤਾਸ਼ ਆਲੀ ਸੀਪ ਦੀ ਬਾਜੀ ਨੀ ਲਾਉਂਦਾ। ਸਿਰ ਧੜ ਦੀ ਲਾਊਂ ਅੰਦਰ ਖੌਲਦੇ ਖੂਨ ਨਾਲ ਮੇਰੇ ਬੁੱਲ ਫਰਕਦੇ ਵੇਖ ਕੇ ਗੁਰਦਿਆਲੋ ਵੀ ਉੱਠ ਖੜੀਐ।

"ਤੂੰ ਨਿਬੇੜ ਦੀ ਰੋਜ਼-ਰੋਜ਼ ਦੀ ਟੈਂਅ-ਟੈਂਅ। ਇਹਨਾਂ ਦੁਸ਼ਟਾਂ ਦਾ ਕੀ ਪਤੈ ਹਾਲੇ ਹੋਰ ਕੀ ਕਰਨਗੇ। ਮੈਂ ਜਾਨੀਂ ਆਂ ਸਾਹਮਣੇ ਹਵੇਲੀ 'ਚ ਗੰਦ ਵੱਜਿਆ ਪਿਐ ਕੰਮ ਆਲੀ ਤੋਂ ਝਾੜ ਪੂੰਝ ਕਰਵਾਉਨੀਂ ਆਂ ਜਾ ਕੇ। ਕੱਲ ਆਸਵੰਤ ਵੀ ਉਥੇ ਈ ਟੁੱਟੇ ਜੇ ਮੰਜੇ ਤੇ ਪਿਆ ਰਿਹਾ ਸੀ ਬਿਮਾਰ ਹੋਣ ਤੋਂ ਪਹਿਲਾਂ। ਜਵਾਕ 'ਚ ਉਤਸ਼ਾਹ ਈ ਨੀਂ ਰਿਹਾ। ਆਹ ਦੋ ਤਿੰਨ ਮਹੀਨਿਆਂ 'ਚ ਤਾਂ ਜਮਾਂ ਈ ਰੁਲ ਗਿਆ। ਨਾ ਖਾਣ ਦਾ ਨਾ ਪਹਿਨਣ ਦਾ, ਪਹਿਲਾਂ ਹਰ ਰੋਜ ਬੂਟ ਪਾਲਸ਼ ਕਰਕੇ ਸਕੂਲ ਜਾਂਦਾ। ਹੁਣ ਮੈਂ ਵੇਖਦੀ ਆਂ ਐਡਾ-ਐਡਾ ਮਿੱਟ ਚੜ੍ਹਿਆ ਹੁੰਦੈ ਪੈਰਾਂ 'ਤੇ।"

ਉਸਦੀਆਂ ਗੱਲਾਂ ਸੁਣ ਕੇ ਮਨ ਹੋਰ ਔਖਾ ਹੁੰਦੈ। ਕੀ ਦਾ ਕੀ ਬਣੀਂ ਜਾਂਦੈ। ਸਿਰਫ ਇੱਕ ਮਿੱਠੇ ਬੋਲਾਂ ਤੋਂ ਬਿਨ੍ਹਾਂ। ਆਹ ਜਿਹੜੇ ਨਵੇਂ ਪੱਥਰ ਬਗਾਹਉਂਣ ਲੱਗ ਪਏ, ਇਹਤਾਂ ਕਦੇ ਮਨ 'ਚ ਵੀ ਨੀ ਆਈ ਸੀ। ਸਹੁਰਿਆ ਤੇਰੀ ਉਲਾਦ ਐ। ਨਾਲੇ ਜੇ ਤੁਰ ਗਿਆ ਕਿਸੇ ਪਾਸੇ ਨੂੰ ਜਰ ਲੇਂਗਾ। ਮੈਨੂੰ ਪਤਾ ਵੀ ਐ ਤੇਰੀ ਦਲੇਰੀ ਦਾ। ਪਰ ਜਿਹੜੀ ਅੰਦਰੋਂ ਪੇਚ ਕਸਦੀ ਐ ਉਸਦੀ ਗੱਲ ਸਿਰੇ ਰੱਖਦੈ। ਮੈਂ ਵੀ ਨੀ ਪਿੱਛੇ ਹੱਟਦਾ। ਇਸ ਘਰ 'ਚੋਂ ਤਾਂ ਕੁੱਤੇ ਰੱਜ-ਰੱਜ ਜਾਂਦੈ ਐ। ਆਵਦੇ ਜਵਾਕ ਨਾਲ ਇਹ ਕੀ ਕਰੀ ਜਾਂਦੈ। ਵੇਖਣ ਸੁਣਨ ਵਾਲਾ ਵੀ ਤਰਾਅ-ਤਰਾਅ ਕਰਦੈ ਪਰ ਇਹਨਾਂ ਨੂੰ ਕੋਈ ਸ਼ਰਮ ਨੀ।

"ਉੱਠਕੇ ਆਵਦਾ ਕਿਸੇ ਹੋਰ ਕੰਮ-ਕਾਰ ਨੂੰ ਹੱਥ ਪਾ। ਇਹਨਾਂ ਨੇ ਤੇਰੇ ਕੀ ਪੱਲੇ ਪਾਉਣੈ। ਕਿੰਨੇ ਵਰ੍ਹਿਆਂ ਦਾ ਕਲਪੀ ਜਾਨੈ, ਪਿਐ ਕੋਈ ਫਰਕ। ਓ, ਜਿਮੇਂ ਕਹਿੰਦੇ ਹੁੰਦੇ ਨੇ, ਪੱਥਰ ਤੇ ਬੂੰਦ ਪਈ ਨਾ ਪਈ ।ਇਹਤਾਂ ਪੱਥਰ ਨੇ। ਇਹਨਾਂ ਨੂੰ ਕੋਈ ਹਮਦਰਦੀ ਨੀਂ।"

ਮਖਿਆਂ, "ਨਾ ਹੋਵੇ। ਕੱਲ੍ਹ ਨੂੰ ਆਵਦੇ ਹਿੱਸੇ ਦੀ ਇਹਦੇ ਜਵਾਕ ਦੇ ਨਾਂਅ ਕਰਾਦੂੰ। ਤੁਰੇ ਫਿਰਨ ਜਿਮੇਂ ਫਿਰਦੇ ਐ।" ਕਰੀਂ ਜਾਵੇ ਬੇਦਖਲ ਇਹ। ਇਹਦੇ ਬੇ-ਦਖ਼ਲ ਨਾਲ ਤਾਂ ਨੀ ਸਾਰੀ ਦੁਨੀਆਂ ਬਦਲ ਜੂ। ਜੇ ਇਹ ਅੜੀ ਕਰਦੈ, ਆਉਂਦੀਆਂ ਮੈਨੂੰ ਵੀ ਨੇ। ਚੱਲੋਂ ਕਿਥੋਂ ਤੱਕ ਚੱਲਦੇ ਓਂ।" ਆਵਦੀਆਂ ਕਹਿ ਕੇ ਮੇਰੀਆਂ ਸੁਣਕੇ ਉਹ ਹਵੇਲੀ ਬੰਨੀ ਤੁਰਗੀ।

"ਆਇਓ ਭੱਜਕੇ।"

"ਮਖਿਆਂ ਕੀ ਗੱਲ ਹੋਗੀ।"

"ਆਸਵੰਤ ਨੂੰ ਤਾਂ ਫੇਰ ਪਤਾ ਨੀ ਕੀ ਹੋ ਗਿਆ ਕੱਲ੍ਹ ਵਾਗੂੰ।" ਉਹਦੀ ਦਾਦੀ ਦੀ ਅਵਾਜ ਐ ਮੈਂ ਭੱਜ ਕੇ ਹਵੇਲੀ ਬੰਨੀ ਜਾਂਨਾਂ। ਵੇਖਦਾਂ, ਉਸੇ ਤਰ੍ਹਾਂ ਅੱਜ ਫੇਰ ਅੱਖਾਂ ਖੜ੍ਹੀਆਂ ਨੇ। ਮੂੰਹ ਰੇਤੇ 'ਚ ਲਿਬੜਿਆ ਪਿਐ। ਬਥੇਰੇ ਧੱਫੇ ਮਾਰ ਮਾਰ ਹਿਲਾਉਣਾਂ। ਸੁੰਨ ਪਿਐ।ਮੇਰਾ ਸਾਰਾ ਸਰੀਰ ਮੁੜਕੋ-ਮੁੜਕੀ ਹੋ ਗਿਆ। ਹੱਥ ਕੰਬਣ ਲੱਗਦੇ ਆ। ਮਖਿਆਂ, "ਜਦੋਂ ਇਹ ਮੁੱਕ ਗਿਆ ਫੇਰ ਆਏਂਗਾ।"

ਕੁਲਤਾਰ ਮੇਰੀ ਗੁੱਸੇ ਭਰੀ ਭੁੱਬ ਵਰਗੀ ਅਵਾਜ ਸੁਣ ਕੇ ਬਾਹਰ ਆ ਜਾਂਦੈ। ਅਸੀਂ ਫਟਾ-ਫਟ ਡਾਕਟਰ ਕੋਲ ਲੈ ਜਾਦੈ ਆਂ। ਹਸਪਤਾਲ ਦੇ ਬੈੱਡ ਤੇ ਪਿਆ ਆਸਵੰਤ ਬੋਲ ਨੀ ਰਿਹਾ। ਡਾਕਟਰ ਚੈੱਕ ਕਰਕੇ ਦੱਸਦੈ, "ਬਲੱਡ ਪਰੈਸ਼ਰ ਬਹੁਤ ਵਧਿਆ ਪਿਐ।।" ਗੁਲੂਕੋਜ ਦੀ ਬੋਤਲ ਉਸਦੀ ਬਾਂਹ ਵਿਚ ਨਰਸ ਨੇ

ਲਾਤੀ ਐਂ। ਮਨ ਤੜਫ਼ ਰਿਹੈ। ਡਾਢੇ ਅੱਗੇ ਬਸ ਇਹੋ ਅਰਦਾਸ ਐ ਕਿ ਆਸਵੰਤ ਬੋਲ ਪੇ। ਸਰੀਰ ਦੀ ਕੋਈ ਹਰਕਤ ਦਿਸੇ। ਕੁਲਤਾਰ 'ਤੇ ਅੱਡ ਗੁੱਸਾ ਆਉਂਦੈ। ਅੰਦਰ ਇਹਦੇ ਕੋਲ ਵੀ ਨੀਂ ਖੜ੍ਹਾ। ਬਾਹਰ ਜਾ ਖੜ੍ਹਿਐ। ਮੇਰੇ ਕਹਿਣ 'ਤੇ ਬੈੱਡ ਕੋਲ ਪੈਰ ਜੇ ਮਲਦਾ ਆ ਤਾਂ ਜਾਂਦੈ। ਪਰ ਐਂਵੇ ਬੰਨਿਆ ਰੁਧਿਆ।

ਸੋਚਦਾਂ ਇਹਨਾਂ ਸੋਹਣਾ ਸੁੱਨਖਾ ਮੁੰਡਾ। ਲੰਮੇ-ਲੰਮੇ ਗੋਰੇ ਹੱਥ, ਪਤਲੀਆਂ ਪਤਲੀਆਂ ਉਗਲੀਆਂ, ਲਾਲ ਰੰਗ। ਇਹਨਾਂ ਦੀਆਂ ਆਪ ਹੁਦਰੀਆਂ ਗੱਲਾਂ ਨੇ ਖਾ ਲਿਐ। ਆਸਵੰਤ ਦਾ ਬਚਪਨ ਯਾਦ ਆਉਂਦੈ , ਕਿਵੇਂ ਭੱਜ-ਭੱਜ ਸਾਰਿਆ ਦੀ ਹਿੱਕ ਨਾਲ ਲੱਗ-ਲੱਗ ਮੋਹ ਲੈਂਦਾ ਸੀ। ਆਹ ਕੁਲਤਾਰ ਗੇਟ ਤੋਂ ਈ ਹਾਂਕਾਂ ਮਾਰਨ ਲੱਗ ਜਾਂਦਾ। ਅੱਜ ਜਿਹੜਾ ਕਹਿੰਦਾ, ਮੈਨੂੰ ਦਿਸੇ ਨਾ। ਕੁਦਰਤ ਵੀ ਕੀ ਰੰਗ ਦਿਖਾ ਦਿੰਦੀ ਐ। ਮਨ ਪਲ-ਪਲ ਭਰਦੈ। ਫੇਰ ਵੀ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾਂ। ਡਾਕਟਰ ਉਸਦੇ ਬੈੱਡ ਤੇ ਜਾਕੇ ਚੈੱਕ ਕਰ ਰਿਹੈ। ਘੰਟੇ ਮਗਰੋਂ ਆਸਵੰਤ ਨੇ ਅੱਖ ਪੱਟੀਐ। ਹਰਕਤ 'ਚ ਆਇਆ ਸ਼ਰੀਰ ਵੀ ਦਿੱਸਦੈ। ਮਨ ਨੂੰ ਕੁਛ ਧਰਵਾਸ ਆਉਦੈ। ਡਾਕਟਰ ਦੇ ਮੂੰਹ ਬੰਨੀ ਵੇਖਦਾ ਕਿ ਕੁਛ ਬੋਲੇ।

"ਠੀਕ ਹੋ ਰਿਹੈ। ਘਬਰਾਓ ਨਾ।" ਡਾਕਟਰ ਏਨਾ ਕਹਿ ਕੇ ਚਲਾ ਗਿਆ। ਇਹਦੇ ਨਾਲ ਮਨ ਹੋਰ ਟਿੱਕਦੈ, ਪਰ ਅੰਦਰ ਦੀ ਤੁੰਮਣੀ ਉਸੇ ਤਰ੍ਹਾਂ ਲੱਗੀ ਹੋਈ ਐ।

ਨਰਸ ਨੇ ਟੀਕਾ ਲਗਾਉਂਦਿਆਂ ਆਸਵੰਤ ਨੂੰ ਪੁੱਛਿਆ, "ਕਿਵੇਂ ਠੀਕ ਐਂ।"

ਥਥਲਾਈ ਜੁਬਾਨ 'ਚ ਕਹਿੰਦਾ, " ਹਾਂ।" ਇੰਨੇ ਨਾਲ ਅੰਦਰਲੀ ਫੜਕ-ਫੜਕ ਟਿਕਦੀ ਐ। ਪਰ੍ਹੇ ਹੋ ਸਟੂਲ ਤੇ ਬਹਿ ਜਾਨਾਂ। ਪਰ ਮਨ ਔਖ ਦੀਆਂ ਘਾਟੀਆਂ ਚੜ੍ਹਦਾ ਉਤਰਦਾ ਫਿਰਦੈ। ਸੋਚਦਾਂ ਜੇ ਕੋਈ ਸਿਰਾ ਲੱਭ ਜੇ ਇਸ ਗੁੰਝਲ ਦਾ। ਕਦੇ ਬਣਾਅ ਲੈਨਾਂ ਕਦੇ ਢਾਅ ਲੈਨਾਂ। ਇਨਾਂ ਸ਼ੁੱਕਰ ਐ ਆਸਵੰਤ ਹੋਸ਼ 'ਚ ਆ ਗਿਐ। ਗੱਲਾਂ ਕਰਦੈ। ਕੱਲ੍ਹ ਦੀ ਕੱਲ੍ਹ ਨਾਲ ਵੇਖੂੰ, ਕੀ ਬਣਦੈ।

"ਥੋਨੂੰ ਡਾਕਟਰ ਸਾਹਬ ਨੇ ਅੰਦਰ ਬੁਲਾਇਐ। " ਵੇਖਦਾਂ ਨਰਸ ਖੜ੍ਹੀ ਐ। ਇਸ਼ਾਰਾ ਕਰਕੇ ਕੁਲਤਾਰ ਨੂੰ ਵੀ ਅੰਦਰ ਲੈ ਜਾਨਾ।

ਅੰਦਰ ਵੜਦਿਆਂ ਈ ਡਾਕਟਰ ਦੀ ਸਹਿਜ ਭਾਅ ਕਹੀ ਗੱਲ ਕੰਨਾਂ ਤੋਂ ਦਿਮਾਗ ਵੱਲ ਜਾਣੀ ਸ਼ੁਰੂ ਹੋ ਜਾਂਦੀ ਐ।

"ਵੇਖੋ ਥੋਡੇ ਘਰ ਦੀ ਕਹਾਣੀ ਵੀ ਮੈਂ ਸੁਣ ਲਈ ਐ। ਜਿਥੋਂ ਤੱਕ ਦੌਰੇ ਜਾਂ ਬਿਮਾਰੀ ਦੀ ਗੱਲ ਐ। ਸਾਰੇ ਚਿੰਨ੍ਹਾਂ ਤੇ ਦੌਰਿਆ 'ਚੋਂ ਮੈਂ ਨੋਟ ਕੀਤੈ, ਬੱਚਾ ਨਸ਼ੇ ਦੀ ਗਰਿਫ਼ਤ 'ਚ ਐ। ਆਹ ਪੱਤਾ ਵੀ ਨਰਸ ਨੇ ਮੈਨੂੰ ਵਿਖਾਇਐ, ਲੜਕੇ ਦੀ ਪੈਂਟ 'ਚੋਂ ਮਿਲਿਐ। ਹੁਣ ਅਗਲੀ ਗੱਲ ਠੀਕ ਹੋਣ ਦੀ ਐ। ਘਰੋਂ ਕੱਢਣ, ਬੇ-ਦਖ਼ਲ ਕਰਨ, ਜ਼ਮੀਨ ਨਾਂਅ ਕਰਵਾਉਣਾ ਇਹਦਾ ਕੋਈ ਇਲਾਜ ਨੀਂ। ਬੱਚਾ ਘਰ ਪਰਿਵਾਰ ਨਾਲੋਂ ਟੁੱਟਿਆ ਹੋਇਐ। ਘਰ ਦਾ ਸੁਖਾਂਵਾ ਮਾਹੌਲ ਤੇ ਇਹਨੂੰ ਦਿੱਤਾ ਪਿਆਰ-ਮੁਹੱਬਤ ਦਵਾਈਆਂ ਤੇ ਟੀਕਿਆਂ ਨਾਲੋ ਵੱਧ ਕੰਮ ਕਰਨਗੇ। ਹਾਲੇ ਸ਼ੁਰੂਆਤ ਐ, ਸੰਭਲ ਸਕਦੈ, ਬਾਕੀ ਦਵਾਈ ਦਿੰਦੇ ਰਿਹੋ। ਲੈ ਜੋ। ਧਿਆਨ ਰੱਖਿਓ 'ਕੱਲਾ ਨਾ ਛੱਡਿਓ।" ਸੁਣ ਕੇ ਪੈਰਾਂ ਹੇਠੋਂ ਜਮੀਨ ਨਿਕਲ ਗਈ। ਸਿਰ ਚਕਰਾਅ ਗਿਐ। ਸਾਰਾ ਸਰੀਰ ਕੰਬਣ ਲੱਗ ਪਿਐ।" ਇਹਨਾਂ ਅਣ-ਹੋਈਆਂ ਗੱਲਾਂ ਤੋਂ ਡਰਦਾ ਈ ਰੋਜ਼ ਕਲਪਦਾ ਸੀ।

"ਹੋਰ ਇਹਨੇ ਕੀ ਰੰਗ ਲਾਉਣੇ ਸੀ।"

ਭੂਸਰਕੇ ਕੁਲਤਾਰ ਬੋਲਦੈ।

"ਇਹ ਥੋਡੇ ਈ ਕਾਰਨਾਮੇਂ ਰੰਗ ਲਿਆਏ ਨੇ।" ਮੇਰਾ ਵੀ ਅੰਦਰ ਉਬਲਦੈ।

ਆਪਣੇ ਆਪ ਨੂੰ ਸੰਭਾਲਕੇ ਕਹਿਨਾਂ, " ਡਾਕਟਰ ਸਾਹਬ ਜਿਮੇਂ ਤੁਸੀ ਸਮਝਾਇਐ ਉਵੇਂ ਈ ਕਰੂੰ। ਬੱਚੇ ਤੋਂ ਵੱਧ ਮੈਨੂੰ ਕੁਛ ਨੀ ਜਹਾਨ 'ਤੇ। ਇਹਦੀ ਜਿੰਦ-ਗਾਨੀ ਬਚਾਉਂ ਹਰ ਹੀਲੇ।"

ਦਵਾਈਆਂ ਕਿਮੇ ਦੇਣੀਐਂ ਸਮਝਕੇ, ਆਸਵੰਤ ਦੇ ਬੈੱਡ ਕੋਲ ਆ ਉਸਨੂੰ ਬੁੱਕਲ 'ਚ ਲੈ ਲਿਐ। ਸਹਾਰਾ ਦੇ ਕੇ ਉਸਨੂੰ ਉਠਾਉਣ ਲਈ ਉਗਾਸਣ ਲੱਗਦਾਂ।

ਪਿਉ ਭੈੜੇ ਮੂੰਹ ਆਲਾ ਪਰ੍ਹੇ ਕੱਛਾਂ 'ਚ ਹੱਥ ਦੇਈਂ ਖੜ੍ਹੈ, ਇਹਨੂੰ ਬੈੱਡ ਤੋਂ ਉਠਾਉਣ ਲਈ ਹਾਲੇ ਵੀ ਤਿਆਰ ਨੀਂ।

**- 98720-01856**

**ਪਿਛਲੇ ਸਮਿਆਂ ਵਿਚ ਸਾਡੇ ਬਹੁਤ ਪਿਆਰੇ ਅਦੀਬ ਦੋਸਤ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ, ਜਿਨ੍ਹਾਂ ਵਿਚ ਪ੍ਰੇਮ ਗੋਰਖੀ, ਨਿਰੰਜਨ ਸਾਥੀ, ਗੁਰਚਰਨ ਚੰਨੀ, ਸਰਦੂਲ ਸਿਕੰਦਰ, ਗਿੱਲ ਸੁਰਜੀਤ, ਤਾਰਨ ਗੁਜਰਾਲ, ਮਹਿੰਦਰ ਸਿੰਘ ਮਾਨੂੰਪੁਰੀ,ਸੁਲੱਖਣ ਮੀਤ, ਮਹਿੰਦਰ ਸਾਥੀ, ਡਾ. ਹਰਚੰਦ ਸਿੰਘ ਬੇਦੀ ਜੀ ਸ਼ਾਮਿਲ ਹਨ। ਅਦਾਰਾ 'ਪ੍ਰਤਿਮਾਨ' ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਆਪਣੀ ਅਕੀਦਤ ਦੇ ਫੁੱਲ ਭੇਂਟ ਕਰਦਾ ਹੈ।**

## ਗੀਤ / ਗੁਰਤੇਜ ਕੋਹਾਰਵਾਲਾ

ਫਸਲਾਂ ਦੇ ਵਾਰਸੋ ਓਏ ਮਿੱਟੀ ਦੇ ਦੁਲਾਰਿਓ,
ਕਿਰਤਾਂ ਦੇ ਪਹਿਰੂਓ ! ਪੰਜਾਬੀਓ ਪਿਆਰਿਓ,
ਪੈਲੀਆਂ 'ਚ ਉੱਤਰੇ ਦਲਾਲ ਚੇਤੇ ਰੱਖਿਓ,
ਦਿੱਲੀ ਨੇ ਜੋ ਕੀਤੀ ਖੇਤਾਂ ਨਾਲ ਚੇਤੇ ਰੱਖਿਓ।

ਲੱਗਦਾ ਸੀ ਅੱਥਰੀ ਜਵਾਨੀ ਕਿਤੇ ਸੌਂ ਗਈ,
ਸਾਡੇ ਸਤਲੁਜ ਦੀ ਰਵਾਨੀ ਕਿਤੇ ਸੌਂ ਗਈ,
ਨੀਂਦਾਂ 'ਚੋਂ ਹੀ ਉੱਠਦੇ ਭੂਚਾਲ ਚੇਤੇ ਰੱਖਿਓ।

ਰਾਜਧਾਨੀ ਚਾਹੁੰਦੀ ਜ਼ਿਦਾਂ ਪੁੱਠੀਆਂ ਪੁਗਾਉਣੀਆਂ,
ਅਸੀਂ ਵੀ ਟਰਾਲੀਆਂ 'ਚ ਪਾ ਲਈਆਂ ਨੇ ਛਾਉਣੀਆਂ,
ਹੱਕ ਦੀ ਤੇ ਪੱਗ ਦੀ ਸੰਭਾਲ ਚੇਤੇ ਰੱਖਿਓ।

ਅੰਨਦਾਤਿਆਂ ਦਾ ਸਦਾ ਗਿਆ ਹੱਕ ਮਾਰਿਆ,
ਐਤਕੀਂ ਤਾਂ ਸਿੱਧਾ ਘੰਡੀ ਉੱਤੇ ਟੱਕ ਮਾਰਿਆ,
ਐਤਕੀਂ ਹੈ ਜੰਗ ਬੇਮਿਸਾਲ ਚੇਤੇ ਰੱਖਿਓ।

ਵਿਰਸੇ ਦੀ ਹਾਕ, ਇਤਿਹਾਸ ਦੀ ਪੁਕਾਰ ਤੇ,
ਆਪਣੀ ਹੀ ਚੁਣੀ ਸਰਕਾਰ ਦੀ ਵੰਗਾਰ ਤੇ,
ਸੜਕਾਂ ਤੇ ਕੱਟਿਆ ਸਿਆਲ ਚੇਤੇ ਰੱਖਿਓ।

## ਗ਼ਜ਼ਲ / ਸ਼ਮਸ਼ੇਰ ਮੋਹੀ

ਇਕ ਨਦੀ ਨੂੰ ਪਹਾੜਾਂ ਦੀ ਢਲਵਾਨ ਤੋਂ
ਕੋਲ਼ ਸਾਗਰ ਦੇ ਪਹਿਲਾਂ ਬੁਲਾਇਆ ਗਿਆ
ਫੇਰ ਉਸਦੀ ਰਵਾਨੀ 'ਤੇ ਕਰ ਤਬਸਰੇ
ਹੁਕਮ ਪਰਤਣ ਦਾ ਪੜ੍ਹ ਕੇ ਸੁਣਾਇਆ ਗਿਆ

ਕੀ ਪਤਾ ਕਿਉਂ ਸੀ ਉਸਦਾ ਸ਼ੁਦਾ ਹੋ ਗਿਆ
ਉਹ ਜੋ ਸੁਪਨੇ ਜਿਹਾ ਸੀ ਜੁਦਾ ਹੋ ਗਿਆ
ਨਾਮ ਦਿਲ 'ਤੇ ਇਵੇਂ ਉਹਦਾ ਲਿਖਿਆ ਪਿਐ
ਜੀਕੂੰ ਪੱਥਰ 'ਤੇ ਹੋਵੇ ਲਿਖਾਇਆ ਗਿਆ

ਰਾਜ਼ ਖ਼ੁਦ ਤੋਂ ਵੀ ਅਪਣੇ ਛੁਪਾਉਂਦਾ ਰਿਹਾ
ਰੋਜ਼ ਚਿਹਰੇ 'ਤੇ ਚਿਹਰਾ ਲਗਾਉਂਦਾ ਰਿਹਾ
ਜੋ ਨਾ ਬਦਲੇ ਹਵਾਵਾਂ ਦਾ ਰੁਖ਼ ਵੇਖਕੇ
ਮੈਥੋਂ ਆਪਾ ਨਾ ਐਸਾ ਬਣਾਇਆ ਗਿਆ

ਕਿਉਂ ਮੈਂ ਪੰਛੀ ਦੇ ਨਾਂ ਸੀ ਉਡਾਰੀ ਲਿਖੀ
ਉਹਨਾਂ ਇਸਦੀ ਸਜ਼ਾ ਮੈਨੂੰ ਭਾਰੀ ਲਿਖੀ
ਭਾਵੇਂ ਚੁਪ ਹੋ ਗਿਆ ਮੈਂ ਘੜੀ ਦੀ ਘੜੀ
ਪਰ ਨਾ ਸੋਚਾਂ ਨੂੰ ਬੰਜਰ ਬਣਾਇਆ ਗਿਆ

ਸੁੱਤਿਆਂ ਨੂੰ ਜਗਾਉਂਦੇ ਮੇਰੇ ਗੀਤ ਨੇ
ਮੇਰੇ ਬੋਲਾਂ ਤੋਂ ਤਾਂ ਹੀ ਉਹ ਭੈਭੀਤ ਨੇ
ਮੈਂ ਨਾ ਭੇਜਾਂ ਹਵਾ ਹੱਥ ਸੁਨੇਹੇ ਕਿਤੇ
ਮੇਰੇ ਬੋਲਾਂ 'ਤੇ ਪਹਿਰਾ ਲਗਾਇਆ ਗਿਆ

## ਗ਼ਜ਼ਲ / ਦੀਪਕ ਧਲੇਵਾਂ

ਕੀ ਕੀ ਹੋਏਗਾ ਮੇਰੇ ਹੁਣ ਰੂਬਰੂ,
ਕੀ ਕੀ ਮੰਜ਼ਰ ਫੇਰ ਪੈਣੇ ਵੇਖਣੇ।
ਕਾਰਵਾਂ ਯਾਦਾਂ ਦਾ ਫਿਰ ਗੁਜ਼ਰੇਗਾ ਜਦ,
ਗਲ ਲਗਾ ਕੇ ਅੱਥਰੂ ਕਿਸ ਰੋਕਣੇ।

ਤੁਰ ਗਿਆਂ ਦੀ ਪੀੜ ਤਾਂ ਕੁਝ ਘਟ ਗਈ,
ਰਹਿ ਗਿਆਂ ਦਾ ਦਰਦ ਗਹਿਰਾ ਹੋ ਰਿਹਾ,,
ਹੌਲ਼ੀ ਹੌਲ਼ੀ ਬੁਝ ਕੇ ਮਰ ਜਾਂਦਾ ਹੈ ਰੋਜ਼,
ਨਿੱਤ ਯਾਦਾਂ ਦੇ ਸਿਵੇ ਹਨ ਸੇਕਣੇ।

ਜਿਸ ਜਗ੍ਹਾ ਆਪਾਂ ਸੀ ਦੁੱਖ ਸੁੱਖ ਫੋਲਦੇ,
ਤੇਰੇ ਪਿੱਛੋਂ ਓਸ ਥਾਂ ਤੋਂ ਗੁਜ਼ਰਨਾ,
ਖ਼ਾਨਗਾਹ ਜਾਂ ਮੈਂ ਕਿਸੇ ਮੰਦਿਰ ਕਿਤੇ,
ਤੇਰੇ ਹੰਝੂ ਅਪਣੇ ਹਿੱਸੇ ਮੰਗਣੇ।

ਚੋਭ ਕੇ ਸੀਨੇ ਚ ਨਸ਼ਤਰ ਨਾ ਸਹੀ,
ਕਾਫ਼ਲੇ ਜਦ ਮੁੜਨਗੇ ਏਨਾਂ ਤਾਂ ਹੈ,
ਨੇਰ੍ਹਿਆਂ ਦੀ ਬਾਦਸ਼ਾਹਤ ਕੁਚਲ ਕੇ,
ਫੇਰ ਇਹ ਲਫਜ਼ਾਂ ਦੇ ਦੀਵੇ ਬਾਲਣੇ।

ਸਬਰ ਤੇ ਹਉਮੈ ਦੀ ਇਹ ਜੋ ਜੰਗ ਹੈ,
ਜਿੱਤ ਦੇ ਜਾਂ ਹਾਰ ਦੇ ਮਾਇਨੇ ਨਹੀਂ,
ਰੇਤ ਤੇ ਪੈੜਾਂ ਦੇ ਪਰ ਜੋ ਇਹ ਨਿਸ਼ਾਂ,
ਆਉਣ ਵਾਲੀ ਨਸਲ ਨੇ ਇਹ ਸਾਂਭਣੇ।

## ਕਵਿਤਾਵਾਂ / ਗੁਰਚਰਨ ਸੱਗੂ ਇੰਗਲੈਂਡ

### ਅਗਲੀ ਵਾਢੀ

ਅਗਲੀ ਵਾਢੀ ਦੂਰ ਨਹੀਂ
ਨਿਸਰੀਆਂ ਕਣਕਾਂ ਦੂਰ ਨਹੀਂ
ਸਿੱਟਿਆਂ ਚੋਂ ਦਾਣੇ ਨਿਕਲਣਗੇ
ਰੋਟੀ ਪੱਕਣੀ ਦੂਰ ਨਹੀਂ
ਖਾਣ ਤੋਂ ਪਹਿਲਾਂ ਸੋਚ ਲੈਣਾ
ਇਹ ਬੁਰਕੀ ਕਿੱਥੋਂ ਆਈ ਹੈ
ਤੁਸੀਂ ਟੋਏ ਪੁੱਟੇ ਸੜਕਾਂ ਵਿੱਚ
ਸਾਡੇ ਚੁੱਲ੍ਹੇ ਅੱਗ ਬੁਝਾਈ ਹੈ


ਸਾਡਾ ਖੂਨ ਵਹਾਇਆ ਸੜਕਾਂ ਤੇ
ਸਾਡੀ ਰੋਈ ਬੁੱਢੀ ਮਾਈ ਹੈ
ਸਾਡੇ ਸ਼ਾਂਤਮਈ ਦੇ ਧਰਨੇ ਤੇ
ਸਾਡੇ ਸਿਰ ਦੀ ਬੋਲੀ ਲਾਈ ਹੈ
ਅਸੀਂ ਲੰਗਰ ਲਾਏ ਸੜਕਾਂ ਤੇ
ਤੁਸੀਂ ਪੁੱਟੀ ਡੂੰਘੀ ਖਾਈ ਹੈ
ਭਾਈ ਕਿਰਤ ਕਰੋ ਤੇ ਵੰਡ ਛਕੋ
ਇਹ ਨਾਨਕ ਦੀ ਰੁਬਾਈ ਹੈ !

ਤੁਹਾਡਾ ਹਰ ਦੂਸ਼ਨ ਹੰਕਾਰੀ ਹੈ
ਤੁਹਾਡੀ ਇਹੀਓ ਹੀ ਕਮਾਈ ਹੈ
ਅਸੀਂ ਸਿਰੜੀ ਯੋਧੇ ਜੰਮੇਂ ਹਾਂ
ਸਾਨੂੰ ਗੋਬਿੰਦ ਦੀ ਰੁਸ਼ਨਾਈ ਹੈ
ਸਾਡਾ ਸਿਦਕ ਤੁਸੀਂ ਹੋ ਪਰਖ ਰਹੇ
ਇਸ ਸਿਦਕ ਦੀ ਇਕ ਦ੍ਰਿੜਾਈ ਹੈ
ਇਹ ਦ੍ਰਿੜਤਾ ਹੀ ਹੈ ਧਰਮ ਅਸਾਡਾ
ਚਾਂਦਨੀ ਚੌਕ ਗਵਾਹੀ ਹੈ

ਜੋਬਨ ਰੁੱਤੇ ਕਣਕਾਂ ਦੀ
ਹਰ ਪਾਸੇ ਹਰਿਆਈ ਹੈ
ਰਿੜਕਿਆ ਅਸੀਂ ਪਸੀਨੇ ਨੂੰ
ਹੁਣ ਆਉਣੀ ਕਿਰਤ ਮਲਾਈ ਹੈ
ਵਿਸਾਖੀ ਬਹੁਤੀ ਦੂਰ ਨਹੀਂ
ਨਹੀਂ ਦੂਰ ਕਣਕ ਵਢਾਈ ਹੈ
ਖਾਣ ਤੋਂ ਪਹਿਲਾਂ ਸੋਚ ਲੈਣਾ
ਇਹ ਬੁਰਕੀ ਕਿੱਥੋਂ ਆਈ ਹੈ।

### ਬਿਰਖ ਪੁੱਛਦੇ ਨੇ

ਮੇਰੇ ਪਿੰਡ ਦੇ ਬਿਰਖਾਂ ਨੇ ਪੁੱਛਿਆ
ਸਾਡੀ ਹਵਾ ਕਿਉਂ ਹੌਲੀ ਹੌਲੀ ,
ਹੈ ਘੱਟ ਰਹੀ



ਇਹ ਕਿਹੜਾ ਪਰਦੂਸ਼ਨ ਹੈ
ਇਹ ਕਿਸਦਾ ਦੂਸ਼ਨ ਹੈ
ਸਾਡੇ ਪੱਤਿਆਂ ਦੀ ਰੰਗਤ
ਕਿਉਂ ਕਾਲੀ ਪੀਲੀ ਹੋ ਰਹੀ
ਜੜ੍ਹਾਂ ਦੀ ਜ਼ਰਖੇਜ਼ ਮਿੱਟੀ
ਕਿਉਂ ਰੇਤ ਬਰੇਤਾ ਹੋ ਰਹੀ
ਸਾਡੇ ਮੋਢਿਆਂ ਤੇ
ਪੰਛੀ ਆਉਣੇ ਘੱਟ ਰਹੇ
ਜ਼ਿੰਦਗੀ ਬਸਰ ਕਰਨ ਲਈ
ਆਲ੍ਹਣੇ ਨੇ ਘੱਟ ਰਹੇ
ਸਾਡੀਆਂ ਬਾਹਾਂ ਉੱਪਰ
ਹੁਣ ਪੀਂਘਾਂ ਕਿਉਂ ਨਹੀਂ ਪੈਂਦੀਆਂ
ਕੁੜੀਆਂ ਚਿੜੀਆਂ ਦੀਆਂ ਵੰਗਾਂ
ਨਜ਼ਰ ਕਿਉਂ ਨਹੀਂ ਆਉਂਦੀਆਂ
ਇਹ ਵੀ ਪੁੱਛਦੇ ਨੇ ਬਿਰਖ
ਕਿ ਪਿੰਡ ਦੇ ਸਿਵੇ ਹੁਣ
ਹਰ ਰੋਜ਼ ਕਿਉਂ ਬਲਦੇ ਨੇ
ਹਰੇ ਖੇਤਾਂ ਨੂੰ ਲੱਗੀ ਅੱਗ
ਖੇਤ ਕਿਉਂ ਜਲਦੇ ਨੇ
ਪਿੰਡ ਦੇ ਬਿਰਖ ਬੋਲਦੇ ਨੇ
ਪਿੰਡ ਦੇ ਬਾਲਾਂ ਨੂੰ ਟੋਲ੍ਹਦੇ ਨੇ
ਤੁਸੀਂ ਗੁੱਲੀ ਡੰਡਾ
ਖੇਡਣਾ ਬੰਦ ਨਾ ਕਰਿਓ
ਹੱਸਣਾ ਖੇਡਣਾ ਬੰਦ ਨਾ ਕਰਿਓ
ਸਾਡੀਆਂ ਬਾਹਵਾਂ ਭਾਵੇਂ ਵੱਢ ਲੈਣਾ
ਕਲਮਾਂ ਤੇ ਫੱਟੀਆਂ ਘੜਨੀਆਂ
ਬੰਦ ਨਾ ਕਰਿਓ
ਜਾਬਰ ਤੇ ਇਨਸਾਫ਼ ਦੀ ਲੜਾਈ
ਬੰਦ ਨਾ ਕਰਿਓ।


### ਮੈਂ ਤਾਂ ਸੋਚਿਆ ਸੀ

ਮੈਂ ਤਾਂ ਦਿਨ ਰਾਤ
ਰਾਤ ਦਿਨ
ਇਹ ਹੀ ਸੋਚਦਾ ਰਿਹਾ
ਸਾਡੇ ਖੇਤਾਂ ਦੀ ਬਹਾਰ
ਕਣਕਾਂ ਦੀ ਖੁਸ਼ਬੂ
ਝੂਲਦੀਆਂ ਛੱਲੀਆਂ ਦੀ ਲੈਅ
ਤੱਤੇ ਗੁੜ ਦੀ ਮਹਿਕ
ਸਾਡੀ ਆਪਣੀ ਹੈ
ਸਾਡੇ ਆਪਣੇ ਹਨ
ਇਹ ਲਹਿਰਾਂਦੇ ਖੇਤ
ਜੋ ਸਾਡੇ ਪੁਰਖਿਆਂ ਨੇ
ਆਪਣੀ ਵਸੀਅਤ ਵਿੱਚ ਲਿਖੇ
ਤੇ ਹੁਣ ਅਸੀਂ ਵਸੀਅਤ ਵਿੱਚ
ਅੱਗੇ ਤੋਰਨੇ ਹਨ
ਲਿਖਣੀ ਸੀ ਵਸੀਅਤ
ਅਗਲੀ ਪ੍ਹੀੜੀ ਲਈ
ਉਹਨਾਂ ਦੀ ਜ਼ਿੰਦਗੀ ਲਈ
ਉਹਨਾਂ ਦੇ ਭਵਿੱਖ ਲਈ
ਉਹਨਾਂ ਦੇ ਚੁੱਲ੍ਹੇ ਲਈ
ਬਲਦੀ ਅੱਗ ਲਈ
ਪਰ ਇਹ ਕੀ ਹੋਇਆ
ਕਿਸੇ ਨੇ ਮੇਰੇ ਗਲ
ਉੱਪਰ ਅੰਗੂਠਾ ਰੱਖਿਆ
ਤੇ ਹਾਕਮ ਦਾ ਹੁਕਮ ਸੁਣਾਇਆ
ਇਹ ਗੰਨਿਆਂ ਦਾ ਰਸ
ਤੇ ਕਣਕਾਂ ਦੀ ਮਹਿਕ
ਹੁਣ ਸਾਡੀ ਹੈਤੂੰ ਅੱਗੇ ਵਸੀਅਤ
ਨਹੀਂ ਲਿਖ ਸਕਦਾ
ਮੈਂ ਤਾਂ ਦਿਨ ਰਾਤ
ਰਾਤ ਦਿਨ
ਇਹ ਹੀ ਸੋਚਦਾ ਰਿਹਾ
ਤੱਤੇ ਗੁੜ ਦੀ ਮਹਿਕ
ਸਾਡੀ ਆਪਣੀ ਹੈ

## ਜੀਵਨ ਯਾਦਾਂ / ਦਲਦਲ / ਗੁਰਨਾਮ ਢਿੱਲੋਂ

ਪੰਜਾਬ ਦਾ ਲੰਮਾਈ ਵਿਚ ਸੱਭ ਤੋਂ ਛੋਟਾ ਦਰਿਆ ਬਿਆਸ (470) ਦੇ ਬਿਲਕੁੱਲ ਕੰਢੇ ਉੱਤੇ ਘੁੱਗ ਵੱਸਦਾ ਮੇਰਾ ਪਿੰਡ ਢਿਲਵਾਂ ਹੈ। ਦਰਿਆ ਬਿਆਸ ਉੱਤੋਂ ਰੇਲ ਗੱਡੀ ਦੀ ਆਵਾਜਾਈ ਲਈ 1869 ਵਿਚ ਬਣਿਆ ਪੁਲ਼ ਸਾਡੇ ਪਿੰਡ ਦੇ ਖੇਤਾਂ ਵਿਚੋਂ ਸਾਫ਼ ਦਿਸਦਾ ਹੈ। ਗੱਡੀ ਦੀ ਚੀਕ ਅਤੇ ਸ਼ੋਰ ਵੀ ਸੁਣਿਆ ਜਾ ਸਕਦਾ ਹੈ। ਮੈਂ ਅਤੇ ਘਰਾਂ ਵਿਚੋਂ ਲਗਦਾ ਮੇਰੇ ਚਾਚਾ ਜੀ ਦਾ ਪੁੱਤਰ ਕਰਮਜੀਤ ਉਰਫ਼ ਤੋਤਾ ਸ਼ਾਮ ਨੂੰ ਸਕੂਲ ਦੇ ਮੈਦਾਨ ਵਿਚ ਇਕੱਠੇ ਹੀ ਖੇਡਣ ਜਾਇਆ ਕਰਦੇ ਸਾਂ। ਇਕ ਦਿਨ ਅਸੀਂ ਘਰ ਦਿਆਂ ਤੋਂ ਚੋਰੀਂ ਰੇਲਵੇ ਪੁੱਲ਼ ਹੇਠ ਜਾ ਕੇ ਉਪਰੋਂ ਦੀ ਲੰਘਦੀ ਗੱਡੀ ਦਾ ਨਜ਼ਾਰਾ ਲੈਣ ਦਾ ਫ਼ੈਸਲਾ ਕਰ ਲਿਆ। ਅਸੀਂ ਡਾਂਡੇ-ਮੀਂਡੇ ਕੱਚੇ ਰਾਹ ਉੱਤੇ ਤੁਰ ਕੇ ਦਰਿਆ ਦੇ ਨੇੜੇ ਪਹੁੰਚ ਗਏ। ਖੇਤਾਂ ਵਿਚ ਕੰਮ ਕਰਦੇ ਅਸਾਡੇ ਪਿੰਡ ਦੇ ਇਕ ਬੰਦੇ ਗੁੱਜਰ ਸਿੰਘ ਨੇ ਥੋੜੀ ਜਹੀ ਦੂਰੀ ਤੋਂ ਅਸਾਨੂੰ ਉਸ ਪਾਸੇ ਜਾਂਦਿਆਂ ਵੇਖ ਲਿਆ ਸੀ। ਹੌਲੀ ਹੌਲੀ ਅਸੀਂ ਦਰਿਆ ਕੰਢੇ ਉੱਗੀ ਕਾਹੀ ਵਿਚੋਂ ਲੰਘਦੇ ਲੰਘਦੇ ਪੁੱਲ਼ ਦੇ ਹੇਠ ਪਹੁੰਚ ਗਏ ਅਤੇ ਗੱਡੀ ਦੀ ਉਡੀਕ ਕਰਨ ਲੱਗੇ। ਅੰਮ੍ਰਿਤਸਰ ਵਾਲੇ ਪਾਸਿਓਂ ਤੇਜ਼ ਗੱਡੀ ਆਈ ਅਤੇ ਪੁੱਲ਼ ਉੱਤੋਂ ਲੰਘ ਗਈ। ਨਜ਼ਾਰਾ ਤਾਂ ਅਸੀਂ ਕੀ ਲੈਣਾ ਸੀ, ਗੱਡੀ ਦੀ ਗੂੰਜ ਅਤੇ ਪੁੱਲ ਦੀ ਥਰਥਰਾਹਟ ਨਾਲ ਅਸੀਂ ਬੁਰੀ ਤਰਾਂ ਸਹਿਮ ਗਏ। ਦੋਹਾਂ ਹੱਥਾਂ ਦੀਆਂ ਹਥੇਲੀਆਂ ਨਾਲ ਕੰਨ ਬੰਦ ਕਰਕੇ, ਇਕ ਦੂਜੇ ਨਾਲ ਲੱਗ, ਦੜ ਕੇ ਬੈਠ ਗਏ। ਜੇ ਸੋਚਾਂ ਤਾਂ ਹੁਣ ਮੈਨੂੰ ਲਗਦਾ ਹੈ ਕਿ ਖੇਤਾਂ ਵਿਚ ਕੰਮ ਕਰਦੇ ਗੁੱਜਰ ਸਿੰਘ ਦੀ ਨਿਗਾਹ ਅਸਾਡੇ ਵੱਲ ਹੀ ਹੋਵੇ ਗੀ ਕਿ ਅਸੀਂ ਇਧਰ ਕੀ ਕਰਦੇ ਫਿਰਦੇ ਹਾਂ!

ਏਨੇ ਚਿਰ ਨੂੰ ਸ਼ਾਮ ਪੈਣੀ ਸ਼ੁਰੂ ਹੋ ਗਈ ਸੀ। ਜਲਦੀ ਜਲਦੀ ਪਿੰਡ ਵਾਪਿਸ ਆਉਣ ਲਈ ਅਸੀਂ ਦਰਿਆ ਦੇ ਕੰਢੇ ਦੇ ਨਾਲ ਨਾਲ ਛੋਟਾ ਰਾਹ ਲੱਭ ਲਿਆ। ਮੈਂ ਤੋਤੇ ਨਾਲੋਂ ਤਿੰਨ/ਚਾਰ ਮਹੀਨੇ ਵੱਡਾ ਹੋਣ ਕਰਕੇ ਕੁਝ ਗਜ਼ ਦੀ ਦੂਰੀ ਉੱਤੇ ਅੱਗੇ ਅੱਗੇ ਤੁਰ ਰਿਹਾ ਸਾਂ ਕਿ ਇਕ ਥਾਂ ਜਿਲਣ ਵਿਚ ਫਸ ਗਿਆ ਅਤੇ ਤੋਤੇ ਨੂੰ ਅੱਗੇ ਵਧਣੋਂ ਰੋਕ ਦਿੱਤਾ। ਜਿਲਣ ਵਿਚ ਫਸਿਆ ਬੰਦਾ ਜਾਂ ਪਸ਼ੂ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ। ਜਿਉਂ ਜਿਉਂ ਬਾਹਰ ਨਿਕਲਣ ਲਈ ਹੱਥ ਪੈਰ ਮਾਰਦਾ ਹੈ ਉਹ ਹੋਰ ਹੇਠਾਂ ਗਰਕਦਾ ਜਾਂਦਾ ਹੈ। ਪਹਿਲਾਂ ਤਾਂ ਤੋਤੇ ਨੇ ਸਮਝਿਆ ਕਿ ਮੈ ਐਵੇਂ ਮਜ਼ਾਕ ਕਰਦਾ ਹਾਂ ਪਰ ਜਦੋਂ ਮੈਂ ਲੱਕ ਤੱਕ ਹੇਠਾਂ ਗ਼ਰਕ ਗਿਆ, ਉਸ ਨੇ ਉੱਚੀ ਉੱਚੀ ਸਹਾਇਤਾ ਲਈ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਲਗਦਾ ਹੈ, ਗੁੱਜਰ ਸਿੰਘ ਪਹਿਲਾਂ ਹੀ ਅਸਾਡੇ ਬਾਰੇ ਫ਼ਿਕਰਵੰਦ ਸੀ। ਉਹ ਭੱਜਾ ਆਇਆ। ਉਸ ਨੇ ਆਪਣੀ ਪੱਗ ਦੇ ਸਿਰੇ ਨਾਲ ਢੀਮ ਬੰਨ ਕੇ ਮੇਰੇ ਵੱਲ ਸੁੱਟੀ ਅਤੇ ਕਿਹਾ ਕੇ ਦੋਵਾਂ ਹੱਥਾਂ ਨਾਲ ਘੁੱਟ ਕੇ ਫੜ ਲਵਾਂ। ਖੇਤਾਂ ਵਿਚ ਕੰਮ ਕਰਦੇ ਆਪਣੇ ਲੜਕੇ ਨੂੰ ਆਵਾਜ਼ ਮਾਰੀ ਕਿ ਜਲਦੀ ਰੱਸਾ ਲੈ ਕੇ ਆਵੇ। ਮੇਰੇ ਵੱਲ ਰੱਸਾ ਸੁੱਟਿਆ ਜੋ ਮੈਂ ਪੱਗ ਦੇ ਨਾਲ ਹੀ ਦੋਹਾਂ ਹੱਥਾਂ ਵਿਚ ਘੁੱਟ ਕੇ ਫੜ ਲਿਆ। ਹੁਣ ਤਕ ਮੈਂ ਮੋਢਿਆਂ ਤਕ ਹੇਠਾਂ ਧੱਸ ਚੁੱਕਾ ਸੀ। ਉਨ੍ਹਾਂ ਨੇ ਮੈਨੂੰ ਖਿੱਚ ਕੇ ਬਾਹਰ ਕੱਢ ਲਿਆ। ਮੈਂ ਤਾਂ ਡੁੱਬਣੋਂ ਬਚ ਗਿਆ ਪਰ ਹੁਣ ਤਕ ਨੀਲੇ



ਅਸਮਾਨ ਵਿਚ ਸੰਧਿਆ ਦੀ ਲਾਲੀ ਬਖੇਰ ਕੇ ਸੂਰਜ ਪੂਰੀ ਤਰਾਂ ਡੁੱਬ ਚੁੱਕਾ ਸੀ। ਦੋ ਰੇਲ ਗੱਡੀਆਂ ਆਲੇ-ਦਆਲੇ ਤੋਂ ਬੇਪ੍ਰਵਾਹ ਪੁਲ਼ ਉਤੋਂ ਦੀ ਚੀਕਾਂ ਮਾਰਦੀਆਂ ਅਤੇ ਖੜ ਖੜ ਦੀ ਗੂੰਜ ਪਾਉਂਦੀਆਂ ਲੰਘ ਗਈਆਂ ਸਨ। ਹੁਣ ਰੇਲਵੇ ਪੁਲ਼ ਨਹੀਂ ਮੇਰੇ ਦਿਲ ਦਾ ਪੁਲ਼ ਅੰਦਰੋਂ ਕੰਬ ਰਿਹਾ ਸੀ। ਗ਼ਾਰੇ ਦੇ ਫੁੱਲਾਂ ਨਾਲ ਮੋਢਿਆਂ ਤਕ ਸਜੇ ਮੇਰੇ ਜਿਸਮ ਨੂੰ ਵੇਖਣ ਲਈ ਟਾਵਾਂ ਟਾਵਾਂ ਤਾਰਾ ਚੜ੍ਹ ਚੁੱਕਾ ਸੀ।

ਕਿਸੇ ਕਿਸੇ ਜਗ੍ਹਾ ਅਸਾਡੇ ਬੇਟ ਦੇ ਇਲਾਕੇ ਦੀ ਮਿੱਟੀ ਬੜੀ ਚੀਕਣੀ ਹੈ। ਦਰਿਆ ਦੇ ਕੰਢੇ ਦੀ ਇਹ ਮਿੱਟੀ ਬਾਹਰੋਂ ਵੇਖਣ ਨੂੰ ਆਠਰੀ ਹੋਈ ਲਗਦੀ ਹੈ ਐਪਰ ਇਸ ਦੇ ਫੁੱਟ ਕੁ ਹੇਠਾਂ ਬੱਸ ਪਾਣੀ ਹੀ ਪਾਣੀ ਹੁੰਦਾ ਹੈ ਜਿਸ ਵਿਚ ਤੁਹਾਡੇ ਪੈਰ ਨਹੀਂ ਲਗਦੇ। ਗੁੱਜਰ ਸਿੰਘ ਨੇ ਗੁੱਸੇ ਵਿਚ ਇਕ ਚਪੇੜ ਪਹਿਲਾਂ ਮੇਰੇ ਜੜੀ, ਪਿੱਛੋਂ ਇਕ ਤੋਤੇ ਦੇ। ਮੇਰੇ ਕਪੜੇ ਸਾਫ਼ ਕਰ ਕੇ, ਅਸਾਨੂੰ ਨਾਲ ਲੈ ਕੇ ਪਿੰਡ ਨੂੰ ਤੁਰ ਪਿਆ। ਜਾਂਦਿਆਂ ਜਾਂਦਿਆਂ ਰਸਤੇ ਵਿਚ ਅਸਾਨੂੰ ਇਕ ਕਹਾਣੀ ਸੁਣਾਈ ਜਿਸ ਦੀ ਵਾਰਤਾ ਹੇਠਾਂ ਹਾਜ਼ਰ ਹੈ:

"ਇਕ ਵਾਰੀਂ ਆਪਣੇ ਪਿੰਡ ਦੇ ਸਕੂਲ ਦੇ ਇਕ ਮਾਸਟਰ ਦੇਵ ਦਾਸ ਅਤੇ ਉਸ ਦੇ ਵਿਦਆਰਥੀਆਂ ਨੇ ਫ਼ੈਸਲਾ ਕੀਤਾ ਕਿ ਦਰਿਆ ਦੇ ਕੰਢੇ ਉੱਤੇ ਜਾ ਕੇ ਪਿਕਿਕ (ਪਿਕਨਿਕ) ਮਨਾਈ ਜਾਵੇ। ਉਨ੍ਹਾਂ ਖਾਣ-ਪੀਣ ਦਾ ਸਾਮਾਨ ਬੰਨ ਲਿਆ। ਦਰਿਆ ਦੇ ਪਾਣੀ ਵਿਚ ਠੰਡੇ ਕਰ ਕੇ ਚੂਪਣ ਲਈ ਦੋ ਬਾਲਟੀਆਂ ਅੰਬਾਂ ਦੀਆਂ ਵੀ ਨਾਲ ਲੈ ਲਈਆਂ।

ਉਨ੍ਹਾਂ ਨੇ ਦਰਿਆ ਦੇ ਕੰਢੇ ਸਾਫ਼-ਸੁਥਰੀ ਜਗ੍ਹਾ ਵੇਖ ਕੇ ਮੇਟ, (ਮੈਟ) ਖੇਸ ਅਤੇ ਚੱਦਰਾਂ (ਚਾਦਰਾਂ) ਵਿਛਾ ਕੇ ਡੇਰੇ ਲਾ ਲਏ। ਛੱਲੀਆਂ ਭੁੰਨ ਕੇ ਚੱਬਣ ਲਈ ਅੱਗ ਵੀ ਬਾਲ ਲਈ। ਬਾਲਟੀਆਂ ਵਿਚ ਦਰਿਆ ਦਾ ਠੰਡਾ ਪਾਣੀ ਭਰ ਕੇ ਵਿਚ ਅੰਬ ਡੋਬ ਦਿੱਤੇ। ਸਾਰੇ ਹੀ ਖੁਸ਼ੀ ਵਿਚ ਮੌਜ-ਮਸਤੀ ਕਰ ਰਹੇ ਸਨ। ਦਸਦੇ ਹਨ, ਆਪਸ ਵਿਚ ਕਬੱਡੀ ਵੀ ਖੇਡੀ। ਛੱਲੀਆਂ ਵੀ ਚੱਬੀਆਂ, ਪਰੌਂਠੇ ਵੀ ਛਕੇ। ਫੈਸਲਾ ਕਰ ਲਿਆ ਕਿ ਦਰਿਆ

ਵਿਚ ਨ੍ਹਾਇਆ ਜਾਵੇ।

ਸੱਭ ਤੋਂ ਪਹਿਲਾਂ ਤਿੰਨ ਨੌਜਵਾਨ ਦਰਿਆ ਵਿਚ ਉੱਤਰੇ। ਉਨ੍ਹਾਂ ਖੂਬ ਡੁੱਬਕੀਆਂ ਲਾਈਆਂ ਅਤੇ ਵਾਪਿਸ ਆ ਗਏ। ਪਿੱਛੋਂ ਦੋ ਹੋਰ ਨ੍ਹਾਉਣ ਲਈ ਪਾਣੀ ਵਿਚ ਵੜ ਗਏ। ਉਨ੍ਹਾਂ ਵੀ ਖੂਬ ਤਾਰੀਆਂ ਲਾਈਆਂ ਅਤੇ ਵਾਪਿਸ ਆ ਗਏ। ਇਹ ਪੰਜੇ ਜਣੇ ਤਰਨਾ (ਤੈਰਨਾ) ਜਾਣਦੇ ਸਨ। ਮਾਸਟਰ ਦੇਵ ਦਾਸ ਲੀੜੇ ਲਾਹ ਕੇ ਕੰਢੇ ਉੱਤੇ ਬੈਠਾ ਇਹ ਸੱਭ ਕੁਝ ਵੇਖ ਰਿਹਾ ਸੀ। ਆਖਰੀ ਦੋ ਮੁੰਡੇ ਵੀ ਦਰਿਆ ਵਿਚ ਉੱਤਰ ਕੇ ਨ੍ਹਾਉਣ ਡਹਿ ਪਏ।


ਪਿੱਛੋਂ ਦਰਿਆ ਦੀ ਇਕ ਏਨੀ ਭਿਆਨਕ ਛੱਲ ਆਈ ਕਿ ਉਹ ਦੋਵੇ ਘੁੰਮਣਘੇਰੀ ਵਿਚ ਫਸ ਗਏ। ਮਾਸਟਰ ਦੇਵ ਦਾਸ ਨੇ ਇਕਦਮ ਦਰਿਆ ਵਿਚ ਛਾਲ ਮਾਰ ਦਿੱਤੀ ਅਤੇ ਇਕ ਮੁੰਡੇ ਨੂੰ ਬਾਹਰ ਕੱਢ ਲਿਆਇਆ। ਦੂਜੇ ਮੁੰਡੇ ਨੂੰ ਬਚਾਉਣ ਲਈ ਉਸ ਨੇ ਦੁਬਾਰਾ ਛਾਲ ਮਾਰ ਘੱਤੀ। ਉਸ ਨੇ ਮੁੰਡੇ ਦੇ ਕੇਸਾਂ ਨੂੰ ਇਕ ਹੱਥ ਪਾ ਕੇ ਕੰਢੇ ਵੱਲ ਖਿਚਣ ਦੀ ਕੋਸ਼ਠ (ਕੋਸ਼ਿਸ) ਕੀਤੀ। ਇਹ ਮੁੰਡਾ ਤਰਨਾ( ਤੈਰਨਾ) ਬਿਲਕਲ ਨਹੀਂ ਸੀ ਜਾਣਦਾ। ਪਿੱਛੋਂ ਹੋਰ ਭਿਆਨਕ ਅਤੇ ਕਹਿਰੀ ਛੱਲਾਂ ਚੜ੍ਹ ਆਈਆਂ ਅਤੇ ਉਹ ਦੋਵੇ ਡੂੰਮ੍ਹ ਦੀ ਘੁੰਮਣਘੇਰੀ ਵਿਚ ਘਿਰ ਗਏ। ਪਰ ਉਸ ਨੇ ਹੌਂਸਲਾ ਨਾ ਹਾਰਿਆ ਅਤੇ ਪੂਰਾ ਜ਼ੋਰ ਮਾਰਦਾ ਰਿਹਾ। ਪਰ ਪੁੱਤਰੋ! ਵਾਹਗੁਰੂ (ਵਾਹਿਗੁਰੂ) ਦਾ ਭਾਣਾ ਐਸਾ ਵਰਤਿਆ ਕਿ ਆਖੀਰ ਵਿਚ ਇਕ ਐਸੀ ਬਲਵਾਨ ਅਤੇ ਕੁਲੱਛਣੀ ਛੱਲ ਆਈ ਕਿ ਦੋਵਾਂ ਨੂੰ ਰੋੜ੍ਹ ਕੇ ਲੈ ਗਈ। ਦੋਵੇ ਪਾਣੀ ਵਿਚ 'ਲੋਪ ਹੋ ਗਏ। ਦੋਹਾਂ ਦੀਆਂ ਲਾਸ਼ਾਂ ਵੀ ਨਾ ਲੱਭੀਆਂ। ਦਰਿਆ ਦੇ ਐਨ ਕੰਢੇ ਉੱਤੇ ਵਸਿਆ ਹੋਂਣ ਕਰਕੇ, ਹੜ੍ਹ ਆ ਜਾਣ ਸਮੇਂ ਪਿੰਡ ਵਾਸੀਆਂ ਨੂੰ ਬਹੁਤ ਖਬਰਦਾਰ ਰਹਿਣਾ ਪੈਂਦਾ ਹੈ, ਬਾਬਾ ਗੁੱਜਰ ਸਿੰਘ ਅਸਾਨੂੰ ਸਮਝਾ ਰਿਹਾ ਸੀ। ਇਸ ਦੁਰਘਟਨਾ ਪਿੱਛੋਂ ਦਰਿਆ ਕੰਢੇ ਪਿਕਿਕ (ਪਿਕਨਕ) ਕਰਨ ਦਾ ਅੱਜ ਤਕ ਕਿਸੇ ਨੇ ਜੇਰਾ ਨਹੀਂ ਕੀਤਾ। ਜੇ ਅੱਜ ਮੈਂ ਖੇਤਾਂ ਵਿਚ ਕੰਮ ਨਾ ਕਰਦਾ ਹੁੰਦਾ ਤਾਂ ਤੂੰ ਨਹੀ ਸੀ ਬਚਣਾ''।

ਸਾਨੂੰ ਸਹੀ-ਸਲਾਮਤ ਮਾਪਿਆਂ ਦੇ ਹਵਾਲੇ ਕਰ ਕੇ, ਹੋਈ-ਬੀਤੀ ਦੱਸ ਕੇ, ਉਹ ਮੇਰੇ ਬਾਪ ਦੇ ਕਹਿਣ 'ਤੇ ਵੀ ਨਾ ਰੁਕਿਆ। ''ਮੇਰੇ ਪਸ਼ੂ ਮੇਰੀ 'ਵੇਲੀ (ਹਵੇਲੀ) ਵਿਚ ਖੁਰਲੀਆਂ ਉਤੇ ਭੁੱਖੇ ਖੜੋਤੇ ਹਨ ਅਤੇ ਜਾ ਕੇ ਮੱਝਾਂ ਲਈ ਗੁਤਾਵਾ ਵੀ ਕਰਨਾ ਹੈ'' ਕਹਿ ਕੇ ਆਪਣੇ ਘਰ ਨੂੰ ਚਲੇ ਗਿਆ। ਬੱਸ ਫਿਰ ਕੀ ਸੀ, ਪੁਲ਼ ਦੇ ਹੇਠਲੇ ਨਜ਼ਾਰੇ ਦਾ ਸੁਆਦ ਝਿੜਕਾਂ ਅਤੇ ਕੁੱਟ ਖਾ ਕੇ ਹੋਰ ਵੀ ਖੂਬ ਚੱਖਿਆ। ਸੋਚਦਾ ਹਾਂ, ਉਹ ਭਲੇ ਸਮੇਂ ਸਨ। ਪਿੰਡਾਂ ਵਿਚ ਦੁੱਖ-ਸੁੱਖ ਦੀ ਸਾਂਝ ਕਿਤਨੀ ਪੀਡੀ ਸੀ। ਲੋਕਾਂ ਵਿਚ ਆਪਸੀ ਪਿਆਰ ਕਿੰਨਾ ਪ੍ਰਬਲ ਸੀ। ਲੋਕਾਂ ਦੇ ਦਿਲਾਂ ਵਿਚ ਰਹਿਮ ਅਤੇ ਇਨਸਾਨੀਅਤ ਦਾ ਮਾਦਾ ਕਿਸ ਹੱਦ ਤਕ ਕਾਇਮ ਸੀ! ਹੁਣ ਤਾਂ ਕੋਈ ਆਪਣੇ ਬੱਚੇ ਦੇ ਚਪੇੜ ਨਹੀਂ ਮਾਰ ਸਕਦਾ। ਬਾਬੇ ਗੁੱਜਰ ਸਿੰਘ ਦੀਆਂ ਚਪੇੜਾਂ ਵਿਚ ਗੁੱਸਾ ਨਹੀਂ ਅਥਾਹ ਪਿਆਰ ਸੀ। ਅਪਣੱਤ ਸੀ। ਅਸਾਡੀ ਜ਼ਿੰਦਗੀ ਦੀ ਫ਼ਿਕਰ ਸੀ। ਲੰਮੀ ਉਮਰ ਦੀ ਸ਼ੁੱਭਕਾਮਨਾ ਸੀ। ਅੱਜ-ਕੱਲ੍ਹ ਤਾਂ ਸੜਕ ਉੱਤੇ ਹਾਦਸੇ ਨਾਲ ਮਰ ਰਹੇ ਵਿਅੱਕਤੀ ਕੋਲ ਦੀ ਜੰਤਾ ਅੱਖਾਂ ਮੀਚ ਕੇ ਲੰਘ ਜਾਂਦੀ ਹੈ। ਕੋਈ ਹਸਪਤਾਲ ਨਹੀਂ ਲੈ ਕੇ ਜਾਂਦਾ। ਕੋਈ ਕਿਸੇ ਅਬਲਾ ਦੀ ਆਬਰੂ ਬਚਾਉਣ ਦਾ ਹੀਆ ਵੀ ਨਹੀਂ ਕਰਦਾ। ਜਦੋਂ ਤਕ ਬਾਬਾ ਗੁੱਜਰ ਸਿੰਘ ਜਿਉਂਦਾ ਰਿਹਾ, ਮੈ ਉਸ ਨੂੰ ਮਿਲਣ ਜਾਂਦਾ ਰਿਹਾ। ਉਹ ਮੈਨੂੰ ਹਮੇਸ਼ਾ ਇਕ ਸਵਾਲ ਪੁੱਛਦਾ ''ਹੁਣ ਤੂੰ ਕੀ ਲੱਗਾਂ''?

ਉਨ੍ਹਾਂ ਸਮਿਆਂ ਵਿਚ ਸਾਡਾ ਇਲਾਕਾ ਅੰਬਾਂ ਦੇ ਬਾਗਾਂ ਲਈ ਬੜਾ ਮਸ਼ਹੂਰ ਸੀ। ਚਾਰ ਚਾਰ/ਪੰਜ ਪੰਜ ਏਕੜ ਵਿਚ ਦੇਸੀ ਅੰਬਾਂ ਦੇ ਬਾਗ ਸਨ। ਕੋਈ ਵੀ ਕਿਸਾਨ ਅਜਿਹਾ ਨਹੀਂ ਸੀ ਜਿਸ ਨੇ ਆਪਣੀ ਜ਼ਮੀਨ ਵਿਚ ਚਾਰ/ਪੰਜ ਬੂਟੇ ਅੰਬਾਂ ਦੇ ਨਾ ਲਾਏ ਹੋਂਣ। ਜਰਨੈਲੀ ਸੜਕ ਤੋਂ ਸਾਡੇ ਪਿੰਡ ਨੂੰ ਜਾਂਦੀ ਸੜਕ ਉੱਤੇ ਵੀ ਮਿੱਠੇ ਅੰਬਾਂ ਅਤੇ ਰਸਦਾਰ ਜਾਮਨ ਦੇ ਖੂਬਸੂਰਤ ਦਰਖੱਤ ਹੁੰਦੇ ਸਨ। ਅੱਜ ਕੱਲ੍ਹ ਇਹ ਕੁਦਰਤ ਦੀ ਨਿਆਮਤ, ਦ੍ਰਿਸ਼, ਤੋਤਿਆਂ, ਗੁਟਾਰਾਂ, ਚਿੜੀਆਂ, ਲਾਲੀਆਂ, ਕੂੰਜਾਂ, ਅਤੇ ਚੀਲਾਂ ਦੀ ਰੌਣਕ/ਚਹਿਚਹਾਵਟ ਖ਼ਤਮ ਹੋ ਚੁੱਕੀ ਹੈ। ਮੋਰਾਂ ਦੇ ਝੁੰਡ ਜੋ ਇਸ ਇਲਾਕੇ ਦੀ ਖੂਬਸੂਰਤੀ ਸੀ, ਪਤਾ ਨਹੀਂ ਕਿੱਥੇ ਗਾਇਬ ਹੋ ਗਏ ਹਨ। ਇਲਾਕੇ ਵਿਚ ਹੋ ਰਹੀ ਮੁਰੱਬਾਬੰਦੀ ਦੌਰਾਨ ਜ਼ਿਦਖੋਰੀ ਵਿਚ ਆ ਕੇ ਜ਼ਿਮੀਦਾਰਾਂ ਨੇ ਬਾਗਾਂ ਦੇ ਬਾਗ ਵੱਢ ਘੱਤੇ ਸਨ। ਸ਼ਾਇਦ ਹੀ ਕੋਈ ਪਿੰਡ ਦਾ ਕਿਸਾਨ ਹੋਵੇ ਜਿਸ ਦੇ ਦੋ/ਚਾਰ ਬੂਟੇ ਅਚਾਰ ਪਾਉਣ ਲਈ ਬਚੇ ਹੋਂਣ। ਜ਼ਮੀਨ ਹੇਠਲੇ ਪਾਣੀ ਦੀ ਦੂਰੀ ਅਤੇ ਜ਼ਹਿਰੀਲੇ ਹੋ ਜਾਣ ਕਾਰਨ ਹੁਣ ਦੇਸੀ ਅੰਬਾਂ ਦੇ ਬੂਟਿਆਂ ਨੂੰ ਫ਼ਲ ਵੀ ਬਹੁਤ ਘੱਟ ਲਗਦਾ ਹੈ। ਏਸੇ ਕਾਰਨ ਟਾਲੀਆਂ ਅਤੇ ਕਿਕਰਾਂ ਦੇ ਪੁਰਾਣੇ ਰੁੱਖ ਵੀ ਸੁੱਕ ਰਹੇ ਹਨ। ਹੁਣ ਤਾਂ ਚਾਰੇ ਪਾਸੇ ਸੁਫੈਦੇ ਹੀ ਸੁਫੈਦੇ ਨਜ਼ਰ ਆ ਰਹੇ ਹਨ। ਫ਼ਸਲਾਂ ਦੀ ਵੰਨਸਵੰਨਤਾ ਵੀ ਖ਼ਤਮ ਹੋ ਚੁੱਕੀ ਹੈ। ਦੇਸੀ ਕਮਾਦ ਦਾ ਬੀਜ ਨਾਸ਼ ਹੋ ਚੁੱਕਾ ਹੈ। ਕਣਕ, ਝੋਨਾ ਅਤੇ ਆਲੂ, ਤਿੰਨ ਫ਼ਸਲਾਂ ਹੀ ਬਚੀਆਂ ਹਨ। ਇਸ ਤਰਾਂ ਲਗਦਾ ਹੈ ਜਿਵੇਂ ਲੋਕ ਕੋਠਿਆਂ ਉਪਰ ਵੀ ਝੋਨਾ ਲਾਉਣ ਲੱਗ ਪੈਣ। ਹੁਣ ਕਣਕ ਜ਼ਮੀਨ ਵਿਚ ਨਹੀਂ ਰਸਾਇਣਕ ਖਾਦਾਂ ਵਿਚ ਬੀਜੀ ਜਾਂਦੀ ਹੈ। ਮੱਝਾਂ ਅਤੇ ਗਾਵਾਂ ਟੀਕੇ ਲਾ ਕੇ ਚੋਈਆਂ ਜਾਂਦੀਆਂ ਹਨ। ਇਹ ਦੁੱਧ ਡੇਰੀਆਂ ਨੂੰ ਸਪਲਾਈ ਕੀਤਾ ਜਾਂਦਾ ਹੈ। ਨਵੀਆਂ ਨਵੀਆਂ ਬਿਮਾਰੀਆਂ ਨੇ ਤਾਂ ਫੈਲਣਾ ਹੀ ਹੋਇਆ!

**(ਛਪ ਰਹੀ ਸਵੈ-ਜੀਵਨੀ 'ਓੜਕ ਸਹਿ ਰਹੀ' ਵਿਚੋਂ..)**

## ਮਿੱਟੀ ਦੇ ਮਾਧੋ – ਮਦਨ ਵੀਰਾ




ਕਦੇ-ਕਦੇ
ਸਿਮਰਤੀਆਂ 'ਚ
ਅਜੇ ਵੀ ਆ ਧਮਕਦਾ ਹੈ
ਮੇਰੇ ਕਸਬੇ ਦਾ
'ਸਿਰਫਿਰਾ' ਕੁੱਕੂ
ਜੋ ਤਨ ਦੇ ਕੱਪੜੇ ਉਤਾਰ
ਝੰਡੇ ਵਾਂਗ ਝੁਲਾਉਂਦਾ ਸੀ
ਖਿੜ ਖਿੜ ਕੇ ਹਸਦਾ
ਤੇ ਕੰਨ 'ਤੇ ਹੱਥ ਧਰ ਕੇ
ਹੇਕ ਲਾਉਂਦਾ ਸੀ
ਚੁਰਾਹੇ ਖੜ੍ਹ ਕੇ ਗਾਉਂਦਾ ਸੀ
'ਜੋ ਮਿੱਟੀ ਦੇ ਮਾਧੋ ਨੇ ਖੁਰ ਜਾਣਗੇ
ਜੋ ਫਸਲੀ ਬਟੇਰੇ ਨੇ ਉੱਡ ਜਾਣਗੇ
ਮੌਲਾ ਬੇੜੇ ਸਿਦਕ ਦੇ ਹੀ
ਪਾਰ ਲੱਗਣੇ
ਸਿਦਕੋਂ ਸੱਖਣੇ ਵਿਚਾਲੇ ਹੀ
ਰੁੜ੍ਹ ਜਾਣਗੇ.....'
ਤੇ ਮੈਂ ਵੇਖਦਾ ਹਾਂ
ਕਿ ਕਿੰਨੇ ਮਾਧੋ ਮੇਰੇ ਵਾਂਗਰ
ਕਿੱਥੋਂ ਕਿੱਥੋਂ ਭੁਰ ਗਏ ਨੇ
ਗਿੱਲੀ ਮਿੱਟੀ ਦੇ ਇਹ ਬਾਵੇ
ਕਿੰਨਾ-ਕਿੰਨਾ ਖੁਰ ਗਏ ਨੇ
ਮੰਜ਼ਲ 'ਤੇ ਪੁੱਜਣ ਤੋਂ ਪਹਿਲਾਂ
ਆਪਣਾ ਸਫ਼ਰ ਅਧੂਰਾ ਛੱਡ ਕੇ
ਕਿੰਨੇ ਸਾਥੀ ਵਾਰੋ ਵਰੀ
ਮਾਰ ਉਡਾਰੀ ਉੱਡ ਗਏ ਨੇ......
ਕੁੱਕੂ ਅੱਜ ਵੀ ਵਿਚ ਚੁਰਾਹੇ
ਨੰਗ ਧੜੰਗਾ ਗਾ ਰਿਹਾ ਹੈ
ਤੇ ਪਜਾਮੇ ਦੇ ਝੰਡੇ ਨੂੰ
ਕਿਸੇ ਉਤਸਵ 'ਤੇ ਲਹਿਰਾ ਰਿਹਾ
ਹੈ......?

## ਹੈਂਗ / ਜਗਦੀਪ ਸਿੱਧੂ

ਕਿੰਨੀਆਂ ਫੋਟੋਆਂ
ਬਹੁਤ ਪੁਰਾਣੀਆਂ ਵੀ
ਪਈਆਂ ਨੇ ਮੁਬਾਇਲ ਵਿਚ
ਦੇਖਦਾਂ ਇਹਨਾਂ ਨੂੰ
ਡੁੱਬ ਜਾਂਦਾ ਕਿਤੇ
ਬਹੁਤ ਪਿਛਾਂਹ ਚਲਾ ਜਾਨਾਂ
ਪਤਨੀ ਲੱਗਭੱਗ
ਚੀਕਦੀ ਹੋਈ:
ਪਤਾ ਨਹੀਂ ਕੀ ਹੋ ਜਾਂਦਾ
ਇਸ ਬੰਦੇ ਨੂੰ
ਫ਼ੋਨ ਜਾਂ ਕਿਤਾਬਾਂ
ਸਾਰੇ ਕੰਮ
ਸਾਰਾ ਕੁਝ ਰੁਕ ਜਾਂਦਾ
ਉਂਗਲਾਂ ਖੁਬੋਈ ਜਾਵੇ ਚਾਹੇ
ਹਿਲਦਾ ਵੀ ਨਹੀਂ

ਸੋਚਦਾਂ:
ਭਰ ਜਾਂਦਾ ਫੋਟੋਆਂ ਨਾਲ਼ ਫ਼ੋਨ
ਹੈਂਗ ਹੋ ਜਾਂਦਾ ਕਈ ਵਾਰ
ਉਂਗਲਾਂ ਮਾਰਨ 'ਤੇ
ਤੁਰਦਾ ਵੀ ਨਹੀਂ
ਕੱਢ ਕੇ ਸਭ ਡਾਟਾ
ਪੈੱਨ ਡਰਾਈਵ 'ਚ
ਸੰਭਾਲ ਦਿੰਨਾਂ

ਪਤਨੀ ਨੂੰ ਕਹਿਨਾਂ:
ਉਂਗਲਾਂ ਸੂਈ ਵਾਂਗ
ਕਿਉਂ ਚੁਭਾਉਣੀ ਏਂ ???



## ਭਾਸ਼ਾ / ਜਸਬੀਰ ਧੀਮਾਨ



ਅੱਜ ਕੇਹਾ ਮੌਸਮ ਹੈ
ਆਇਆ
ਦਾਦੀ ਪੋਤੇ ਵਿੱਚ
ਕਥਾਵਾਂ ਦੀ ਸਾਂਝ ਰਹੀ ਨਾ
ਹੁਣ ਪੋਤਾ ਦਾਦੀ ਨੂੰ
ਸਵਾਲ ਹੈ ਕਰਦਾ
ਦਾਦੀ ਇੱਕ ਗੱਲ ਤਾਂ ਦੱਸੋ
ਅੱਜ ਅਸੀਂ
ਦੁੱਖੀ ਬੜੇ ਹਾਂ
ਰਾਜੇ ਤੱਕ ਪਹੁੰਚ ਹਾਂ ਕਰਦੇ
ਪਰ ਰਾਜਾ ਬਸ ਚੁੱਪ
ਤੱਕਦਾ ਸਭ ਕੁੱਝ
ਪਰ ਬੋਲਦਾ ਕੁੱਝ ਨਹੀਂ
ਨਾ ਦੁੱਖ ਦਾ ਕੋਈ
ਉਪਰਾਲਾ ਕਰਦਾ
ਕੀ ਉਹ ਲੋਕਾਂ ਦੀ
ਗੱਲ ਸਮਝਦਾ ਨਹੀਂ
ਕੀ ਉਸ ਦੀ ਭਾਸ਼ਾ ਵਖਰੀ ਹੈ ?

ਦਾਦੀ ਪੋਤੇ ਨੂੰ ਕਲਾਵੇ ਵਿੱਚ
ਲੈ ਕੇ ਕਹਿੰਦੀ ਹੈ
ਪੁੱਤਾ ਤੈਨੂੰ ਕੀ ਮੈਂ ਦੱਸਾਂ
ਇਹ ਰਾਜਾ ਤਾਂ
ਸਾਡੇ ਆਮ ਲੋਕਾਂ ਚੋਂ ਬਣਿਆ
ਪਰ ਰਾਜਾ ਗੱਦੀ
ਤੇ ਬੈਠਦਿਆਂ ਹੀ ਰਾਜ ਭਾਸ਼ਾ
ਜਾਨਣ ਲੱਗਦਾ ਹੈ
ਆਪਣੀ ਭਾਸ਼ਾ ਭੁੱਲ ਜਾਂਦਾ ਹੈ।

## ਕਵਿਤਾਵਾਂ / ਹਰਸਿਮਰਤ ਕੌਰ ਐਡਵੋਕੇਟ



1.

ਕਲ ਕਲ ਕਰਦੀ
ਸ਼ੀਤ ਨਦੀ
ਹੋ ਗਈ
ਲਾਵਾ ਤੇ ਸਵਾਹ
ਭਰ ਕਠੋਰਾ
ਰਾਖ਼ ਮੇਰੀ ਦਾ
ਜਦ ਕੀਤਾ ਜਲਪ੍ਰਵਾਹ
ਦੇਖ ਕੇ
ਮੇਰੀ ਰਾਖ ਦੀ ਗਰਮੀ
ਨਿੱਕੇ ਨਿੱਕੇ ਜੀਵ ਵੀ
ਮਰ ਗਏ
ਮਰ ਗਈਆਂ ਜਲ ਪਰੀਆਂ
ਪੁੱਛਣ ਨਦੀ ਨੂੰ
ਏਹ ਕੀ ਹੋਇਆ
ਕੌਣ ਏਨੇ ਵਿਰਾਗ 'ਚ ਮੋਇਆ
ਭਸਮ ਏਹਦੀ 'ਚ
ਏਨੀ ਗਰਮੀ
ਸਮਝ ਆਈ ਹੁਣ
ਸ਼ਿਵ ਦੀ ਕਰਨੀ
ਮਲ ਮਲ ਭਸਮ
ਵੈਰਾਗੀ ਹੋਇਆ
ਕੌਣ ਏਨੇ ਵੈਰਾਗ 'ਚ ਮੋਇਆ

ਰਾਖ਼ ਮੇਰੀ ਦਾ
ਕਰ ਸ਼ਿੰਗਾਰ
ਭੋਗੀ ਸ਼ਿਵ
ਵੈਰਾਗੀ ਹੋਇਆ
ਕੌਣ ਏਨੇ ਵੈਰਾਗ 'ਚ ਮੋਇਆ
ਕਹਿ ਵੈਰਾਗਣ ਕਹਿ ਸੰਤਾਪਣ
ਸ਼ਿਵ ਨੂੰ
ਥੋੜ੍ਹਾ ਤਰਸ ਵੀ ਆਇਆ
ਤ੍ਰਿਲੋਕ 'ਚ ਸ਼ੰਖ ਵਜਾਇਆ
ਭਸਮ ਮੇਰੀ ਦਾ
ਤਿਲਕ ਲਗਾਇਆ
ਨਵੇਂ ਜਾਮੇ ਦਾ ਜਾਮਾ
ਪਾ ਕੇ
ਉਸ ਦੇ ਨਾਲ ਮੇਲ ਕਰਾਇਆ।

2.

ਮਹਾਤਮਾ ਪ੍ਰਵਚਨ
ਕਰ ਰਹੇ ਨੇ
ਡੇਰੇ 'ਚ
ਰੱਬ ਨੂੰ
ਹਾਸਿਲ ਕਰਨ ਦੇ
ਤਰੀਕੇ ਦੱਸ ਰਹੇ ਨੇ
ਸਭ ਮੰਤਰ ਮੁਗਧ ਨੇ
ਏਸ ਡੇਰੇ 'ਚ
ਸਭ ਬਰਾਬਰ ਹਨ
ਚਾਹੇ ਸਾਧ ਨੇ
ਚਾਹੇ ਸਾਧਵੀਆਂ
ਸਭਾ ਸਮਾਪਤ ਹੁੰਦੀ ਏ
ਮਹਾਤਮਾ ਹੁਕਮ ਕਰਦੇ ਨੇ
ਸਾਧਵੀਆਂ ਸਭਾ ਤੋਂ ਬਾਅਦ
ਚੁੱਲ੍ਹਾ ਚੌਂਕਾ ਕਰਨਗੀਆਂ
ਡੇਰੇ ਦੀ
ਸਫ਼ਾਈ ਕਰਨਗੀਆਂ
ਲੰਗਰ ਤਿਆਰ ਕਰਨਗੀਆਂ
ਤੇ ਹਾਂ......
ਕਚੈਲੇ ਵਸਤਰ
ਧੋਣਗੀਆਂ
ਮੈਂ ਡੌਰ ਭੌਰ
ਮਹਾਤਮਾ ਵੱਲ
ਦੇਖ ਰਹੀ ਹਾਂ
ਕਿ ਬੁੱਧ ਹੋਣ ਦਾ
ਰਸਤਾ ਕਿੰਨਾ ਔਖਾ ਏ।

## ਮੁਖੌਟੇ / ਗਗਨ ਮੀਤ

ਪਿਆਰੀ ਸਹੇਲੀਏ
ਮੈਨੂੰ ਸੱਦਣ ਆਈ ਹੈਂ
ਤਾਂ ਪਹਿਲਾਂ ਸੋਚ ਲੈ
ਮੈਂ ਹੋਰਨਾਂ ਵਾਂਗ
ਨਵੇਂ-ਨਵੇਂ ਮੁਖੌਟੇ ਪਾ ਕੇ
ਨਹੀਂ ਆਵਾਂਗੀ
ਵੈਸਟਰਨ ਜਾਂ ਏਥੇਨਿਕ ਦੀ
ਖੇਡ 'ਚ ਭਟਕੇ ਬਿਨਾਂ
ਅਹਿਸਾਸਾਂ ਦੇ ਲਿਬਾਸ ਵਿੱਚ
ਮੋਹ ਦੀਆਂ ਤੰਦਾਂ ਨੂੰ
ਜੋੜਦੀ ਆਵਾਂਗੀ
ਮੈਚਿੰਗ ਬਿੰਦੀ ਸੁਰਖੀ ਨਹੀ
ਆਤਮ ਰੰਗ 'ਚ
ਗੜੁਚ ਹੋ ਮਿਲਾਂਗੀ
ਸੱਸ-ਨੂੰਹ ਜਾਂ ਗੁਆਂਢੀਆਂ ਦੇ
ਲਤੀਫਿਆਂ 'ਤੇ ਠਹਾਕੇ
ਨਹੀਂ ਲਗਾ ਸਕਾਂਗੀ
ਮੈਂ ਤਾਂ ਸੜਕਾਂ 'ਤੇ ਰਾਤ
ਕੱਟਦੇ ਬੱਚਿਆਂ ਦੀ
ਯਖ਼ ਸਰਦ ਮਾਸੂਮੀਅਤ ਨੂੰ
ਪਿਘਲਾਉਣ ਬਾਰੇ ਸੋਚਣ
ਬੇਘਰ ਕੁੜੀਆਂ ਦੀਆਂ
ਪਾਟੀਆਂ ਚੁੰਨੀਆਂ ਲਈ
ਆਲ੍ਹਣੇ ਬਣਾਉਣ ਦੇ ਜਤਨਾਂ ਬਾਰੇ
ਬੁੱਢੇ ਸਰੀਰਾਂ ਦੀਆਂ
ਅੱਖਾਂ ਵਿੱਚ ਇੱਕੋ ਵੇਲੇ ਤਰ ਰਹੇ
ਮੌਤ ਦੇ ਡਰ ਅਤੇ
ਇੰਤਜ਼ਾਰ ਨੂੰ ਪੂੰਝ ਜੀਵੰਤ ਕਰੂੰਬਲਾਂ
ਦਿਖਾਉਣ ਦੀਆਂ ਬਾਤਾਂ ਪਾ ਸਕਾਂਗੀ
ਰੁਕੀ ਹੈਂ ਤਾਂ ਜ਼ਰਾ ਸੋਚ ਲੈ
ਮੈਂ ਮੁਖੌਟੇ ਪਾ ਕੇ ਨਹੀਂ ਆਵਾਂਗੀ।



## ਹਿੰਦੀ ਮਿੰਨੀ ਕਹਾਣੀਆਂ / ਅਨੁਵਾਦ : ਅਮਰਜੀਤ ਕੌਂਕੇ

### ਸਭ ਤੋਂ ਖੂਬਸੂਰਤ ਮੁਸਕਾਨ / ਕਮਲੇਸ਼ ਭਾਰਤੀ



ਮੈਂ ਇੱਕ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ ਸੀ। ਠੰਢ ਨਾਲ ਭੈੜਾ ਹਾਲ ਸੀ। ਹਾਲ ਵਿਚ ਜਿਥੇ ਸੋਫ਼ੇ ਤੇ ਬੈਠਾ ਸੀ ਉਥੇ ਦਰਵਾਜਾ ਨੇੜੇ ਹੀ ਸੀ। ਠੰਢ ਪੂਰੀ ਤਰ੍ਹਾਂ ਜਕੜ ਰਹੀ ਸੀ। ਬਾਹਰੋਂ ਵੀ ਸ਼ੀਤ ਲਹਿਰ ਅੰਦਰ ਆ ਰਹੀ ਸੀ। ਮੰਚ ਤੇ ਨਿਰਤ ਹੋ ਰਿਹਾ ਸੀ। ਇੱਕ ਤੋਂ ਬਾਅਦ ਇਕ ਪੇਸ਼ਕਾਰੀ। ਏਨੇ ਵਿੱਚ ਕਾਫ਼ੀ ਸਰਵ ਹੋਣ ਲੱਗੀ। ਟ੍ਰੇ ਵਿਚ ਕੱਪ ਤੇ ਬਿਸਕੁਟ ਆ ਗਏ। ਪੀ ਕੇ ਜਿਉਂ ਹੀ ਰੱਖਣ ਲੱਗਿਆ ਮੇਰੀ ਨਜ਼ਰ ਥੱਲੇ ਫ਼ਰਸ਼ ਤੇ ਸੁੰਗੜੀ ਬੈਠੀ ਇਕ ਨਿੱਕੀ ਜਿਹੀ ਬੱਚੀ ਤੇ ਪਈ। ਉਹ ਮਗਨ ਹੋ ਕੇ ਨਾਚ ਦੇਖ ਰਹੀ ਸੀ। ਉਸਨੂੰ ਕਿਸੇ ਨੇ ਕਾਫੀ ਨਹੀਂ ਦਿੱਤੀ। ਮੈਂ ਕਾਫੀ ਸਰਵ ਕਰਨ ਵਾਲੇ ਨੂੰ ਬੁਲਾਇਆ। ਇੱਕ ਕੱਪ ਤੇ ਦੋ ਬਿਸਕੁਟ ਚੁੱਕੇ ਤੇ ਉਸ ਨਿੱਕੀ ਜਿਹੀ ਬੱਚੀ ਦਾ ਮੋਢਾ ਥਪਥਪਾਇਆ।

ਉਸਨੇ ਪਿੱਛੇ ਮੁੜ ਕੇ ਦੇਖਿਆ। ਮੈਂ ਕੱਪ ਤੇ ਬਿਸਕੁਟ ਉਸਦੇ ਹੱਥਾਂ ਵਿਚ ਫੜਾ ਦਿੱਤੇ। ਉਹ ਇਕ ਪਲ ਵਿੱਚ ਕੁਝ ਸਮਝੀ ਤੇ ਕੁਝ ਨਹੀਂ ਸਮਝੀ ਪਰ ਸਮਝ ਆਉਂਦੇ ਹੀ ਉਹ ਮੁਸਕਰਾਈ। ਇਹ ਮੇਰੇ ਲਈ ਦੁਨੀਆਂ ਦੀ ਸਭ ਤੋਂ ਖੂਬਸੂਰਤ ਮੁਸਕਾਨ ਸੀ।

### ਭੇਡ / ਹਰਭਗਵਾਨ ਚਾਵਲਾ



ਚਰਵਾਹਾ ਭੇਡਾਂ ਨੂੰ ਹੱਕ ਕੇ ਵਾੜੇ ਵਿਚ ਲੈ ਜਾ ਰਿਹਾ ਸੀ। ਉਸਨੇ ਦੇਖਿਆ ਕਿ ਇੱਕ ਭੇਡ ਕਾਫਿਲੇ ਦੇ ਨਾਲ ਨਹੀਂ ਤੁਰ ਰਹੀ ਬਲਕਿ ਇੱਕੋ ਜਗ੍ਹਾ ਖੜ੍ਹੀ ਅਸਮਾਨ ਵੱਲ ਦੇਖ ਰਹੀ ਹੈ. ਚਰਵਾਹੇ ਨੇ ਉਸਦੀ ਪਿੱਠ ਤੇ ਸੋਟੀ ਮਾਰੀ। ਭੇਡ ਤੁਹਾਡਾ ਜਿਹਾ ਬਿਲਬਿਲਾਈ ਪਰ ਹਿੱਲੀ ਨਹੀਂ। ਫੇਰ ਤਾਂ ਚਰਵਾਹੇ ਨੇ ਇਕ ਤੋਂ ਮਗਰੋਂ ਇਕ ਕਈ ਸੋਟੀਆਂ ਉਸਦੀ ਪਿੱਠ ਤੇ ਵਰ੍ਹਾਈਆਂ। ਭੇਡ ਦੇ ਦੇਹ ਤੇ ਕਈ ਥਾਂ ਤੇ ਖ਼ੂਨ ਨਿਕਲ ਆਇਆ ਪਰ ਉਹ ਆਪਣੀ ਥਾਂ ਤੋਂ ਟੱਸ ਤੋਂ ਮੱਸ ਨਹੀਂ ਹੋਈ। ਚਰਵਾਹੇ ਨੇ ਸੋਟੀ ਇੱਕ ਪਾਸੇ ਰੱਖੀ ਤੇ ਜ਼ਮੀਨ ਤੇ ਬੈਠ ਗਿਆ। ਉਹ ਗਹਿਰੀ ਚਿੰਤਾ ਵਿਚ ਡੁੱਬਿਆ ਸੀ। ਉਸਨੂੰ ਚਿੰਤਾ ਇਸ ਗੱਲ ਦੀ ਨਹੀਂ ਸੀ ਕਿ ਉਸਦੇ ਇੱਜੜ ਵਿੱਚ ਇੱਕ ਭੇਡ ਘੱਟ ਹੋ ਜਾਏਗੀ। ਉਸਦੇ ਕੋਲ ਹਜ਼ਾਰਾਂ ਭੇਡਾਂ ਸਨ। ਇੱਕ ਦੇ ਘੱਟ ਹੋ ਜਾਣ ਨਾਲ ਉਸਨੂੰ ਕੀ ਫਰਕ ਪੈਂਦਾ ਸੀ ? ਉਸਨੂੰ ਤਾਂ ਚਿੰਤਾ ਇਸ ਗੱਲ ਦੀ ਸੀ ਕਿ ਇਸ ਭੇਡ ਦੀ ਦੇਖਾ ਦੇਖੀ ਜੇ ਹੋਰ ਭੇਡਾਂ ਨੇ ਵੀ ਭੇਡ ਹੋਣ ਤੋਂ ਇਨਕਾਰ ਕਰ ਦਿੱਤਾ ਤਾਂ....।

### ਵਾਸਤੂ / ਵੀਰੇਂਦਰ ਭਾਟੀਆ



ਮਜ਼ਦੂਰ ਦੀ ਬੇਟੀ ਨੇ ਪਿਤਾ ਤੋਂ ਪੁੱਛਿਆ,

ਬਾਬਾ ਇਹ ਵਾਸਤੂ ਕੀ ਹੁੰਦਾ ਹੈ? ਤੈਨੂੰ ਕਿਸ ਨੇ ਦੱਸਿਆ ਬੇਟੀ

ਤੁਸੀਂ ਉਸ ਕੋਠੀ ਵਿਚ ਕੰਮ ਕਰਦੇ ਹੋ ਨਾ ਜੋ ਨਵੀਂ ਬਣ ਰਹੀ ਹੈ, ਉਸ ਕੋਠੀ ਦਾ ਮਾਲਿਕ ਕਿਸੇ ਨੂੰ ਕਹਿ ਰਿਹਾ ਸੀ ਕਿ ਮੈਂ ਪੂਰੀ ਕੋਠੀ ਵਾਸਤੂ ਦੇ ਹਿਸਾਬ ਨਾਲ ਬਣਾਈ ਹੈ।

ਬੇਟਾ, ਵਾਸਤੂ ਦੇ ਹਿਸਾਬ ਨਾਲ ਕੋਠੀ ਬਣਾਓ ਤਾਂ ਉਥੇ ਸੁਖ ਸ਼ਾਂਤੀ ਧਨ ਦੌਲਤ ਦੀ ਕਮੀਂ ਨਹੀਂ ਰਹਿੰਦੀ, ਇਉਂ ਉਹ ਮੰਨਦੇ ਹਨ।

ਬਾਬਾ, ਆਪਣੀ ਝੌਂਪੜੀ ਦਾ ਵਾਸਤੂ ਵੀ ਪੁੱਛ ਲਵੋ ਉਨ੍ਹਾਂ ਤੋਂ ...

ਮਜ਼ਦੂਰ ਪਿਤਾ ਹੱਸਿਆ, ਬੋਲਿਆ....

ਬੇਟਾ, ਵਾਸਤੂ ਝੌਂਪੜੀ ਵਿੱਚ ਕੰਮ ਨਹੀਂ ਕਰਦਾ...।

### ਸੌਦੇਬਾਜ਼ੀ / ਸੁਨੀਤਾ ਤਿਆਗੀ



ਆਫ਼ਤ ਪੀੜਤ ਪਿੰਡ ਵਿੱਚ ਵੰਡੀ ਜਾਣ ਲਈ ਆਈ ਹੋਈ ਸਰਕਾਰ ਰਾਹਤ ਸਮਗਰੀ ਨੂੰ ਦੇਖ ਕੇ ਲੈਣ ਲਈ ਪੀੜਤ ਲੋਕ ਭੱਜ ਪਏ।

ਸਮਗਰੀ ਪ੍ਰਧਾਨ ਜੀ ਦੀ ਦੇਖ ਰੇਖ ਵਿੱਚ ਵੰਡੀ ਜਾਣੀ ਸੀ।

ਪ੍ਰਧਾਨ ਜੀ ਨੇ ਕਿਹਾ 'ਦੇਖੋ ਭਰਾਵੋ ਜਿਸ ਜਿਸ ਨੇ ਪਿਛਲੀਆਂ ਚੋਣਾਂ ਵਿੱਚ ਮੈਨੂੰ ਵੋਟ ਪਾਏ ਸਨ, ਉਹ ਅੱਗੇ ਆ ਕੇ ਸਮਾਨ ਲੈ ਲੈਣ ਅਤੇ ਜਿਸ ਨੇ ਨਹੀਂ ਪਾਏ ਉਹ ਪੈਸੇ ਲੈ ਕੇ ਆਉਣ ਅਤੇ ਸਮਾਨ ਲੈ ਜਾਣ।'

## ਪਿੰਡ ਹੋ ਆਇਆ ਹਾਂ / ਸੁਰਜੀਤ ਸਿੰਘ ਕਾਉਂਕੇ



ਚਿਰ ਪਿੱਛੋਂ ਪਿੰਡ ਹੋ ਆਇਆ ਹਾਂ
ਅੰਦਰੋਂ ਅੰਦਰੀ ਰੋ ਆਇਆ ਹਾਂ

ਚਿਰਾਂ ਤੋਂ ਵਿੱਛੜੇ ਰਾਹਾਂ ਨੂੰ ਤੱਕ
ਸੁਪਨੇ ਕਈ ਸੰਜੋਅ ਆਇਆ ਹਾਂ

ਖੋਲ੍ਹ ਗਿਆ ਕੋਈ ਘਰ ਦੇ ਬੂਹੇ
ਮਨ ਭਰੇ ਨਾਲ ਢੋਅ ਆਇਆ ਹਾਂ

ਪੈੜਾਂ ਪਾ ਗਲ਼ੀਆਂ ਦੇ ਵਿੱਚ ਦੀ
ਬਚਪਨ ਦੇ ਬੀਅ ਬੋਅ ਆਇਆ ਹਾਂ

ਲੁਕਣ-ਮੀਚੀ ਖੇਡਿਆ ਜਿੱਥੇ
ਗ਼ਮ ਦੀ ਚੱਕੀ ਝੋਅ ਆਇਆ ਹਾਂ

ਗਿੱਧੇ ਗੀਤ ਤਰਿੰਜਣ ਜਿੱਥੇ
ਲਗਦੈ ਸਭ ਕੁਝ ਖੋਅ ਆਇਆ ਹਾਂ

ਤੀਆਂ ਪਿੜ ਕਿਤੇ ਨਾ ਦਿਸਦੇ
ਛੱਡ ਕੇ ਝੂਠਾ ਮੋਹ ਆਇਆ ਹਾਂ

ਕਿਉਂ ਕਾਵਾਂ ਬਿਨ ਚੁੱਪ ਬਨੇਰੇ
ਸਾਰੀ ਲੈ ਕਨਸੋਅ ਆਇਆ ਹਾਂ

ਬਿਨ ਪਾਣੀ ਖੂਹ ਟਿੰਡਾਂ ਨੂੰ ਵੀ
ਹੰਝੂਆਂ ਵਿੱਚ ਭਿਗੋਅ ਆਇਆ ਹਾਂ

ਵੇਖ ਕੇ ਘਰ ਦੀ ਸੁੱਕੀ ਖੂਹੀ
ਪਾਣੀ ਪਾਣੀ ਹੋ ਆਇਆ ਹਾਂ

ਲੁਕ ਲੁਕ ਡਰਦੇ ਡਰਦੇ ਮਿਲਦੇ
ਰਿਸ਼ਤੇ ਸਭ ਸੰਜੋਅ ਆਇਆ ਹਾਂ

ਬਿੱਖਰੇ ਪਏ ਇਕਰਾਰ ਸੀ ਕੀਤੇ
ਗ਼ਮ ਮਾਲਾ ਵਿੱਚ ਪਰੋ ਆਇਆ ਹਾਂ

ਲੱਭੇ ਨਾ ਜਦ ਯਾਰ ਪੁਰਾਣੇ
ਭਰਿਆ ਮਨ ਕਰ ਟੋਅ ਆਇਆ ਹਾਂ

ਕਰਕੇ ਸਿਜਦਾ ਮਾਂ ਮਿੱਟੀ ਨੂੰ
ਪੱਲੇ ਬੰਨ੍ਹ ਖੁਸ਼ਬੋਅ ਆਇਆ ਹਾਂ

ਮੋਢਿਆਂ ਤੇ ਚੁੱਕ 'ਕਾਉਂਕੇ' ਪਿੰਡ ਨੂੰ
ਦੁਨੀਆਂ ਵਿੱਚ ਕਰ ਲੋਅ ਆਇਆ ਹਾਂ।

ਚਿਰ ਪਿੱਛੋਂ ਪਿੰਡ ਹੋ ਆਇਆ ਹਾਂ
ਅੰਦਰੋਂ ਅੰਦਰੀ ਰੋ ਆਇਆ ਹਾਂ।

## ਦਿਲ / ਕੁਲਵਿੰਦਰ ਚਾਵਲਾ



ਮਨੁੱਖੀ ਅੰਗਾਂ ਬਾਰੇ ਪੜ੍ਹਦਿਆਂ
ਮੈਂ ਅਕਸਰ ਅਟਕ ਜਾਂਦੀ ਹਾਂ
ਦਿਲ 'ਤੇ ਆਕੇ

ਵਿਗਿਆਨੀਆਂ ਨੇ ਬੇਸ਼ੱਕ
ਵੰਡਿਆ ਹੈ ਇਸਨੂੰ
ਔਰੀਕਲ ਤੇ ਵੈਂਟਰੀਕਲ ਨਾਂਮ ਦੇ
ਚਾਰ ਖਾਨਿਆਂ ਵਿੱਚ
ਪਰ ਮੇਰੀ ਨਜ਼ਰੇ
ਇਹ ਨੇ ਚਾਰ ਕਮਰਿਆਂ
ਨੂੰ ਖੁਲ੍ਹਦੇ ਚਾਰ ਦੁਆਰ
ਖੁੱਲ੍ਹੇ ਡੁਲ੍ਹੇ, ਹਵਾਦਾਰ

ਕੁਦਰਤ ਦੀ ਖੇਡ ਹੈ
ਇੱਕ ਸੋਚੀ ਸਮਝੀ ਖੇਡ

ਸ੍ਰਿਸ਼ਟੀ ਕਰਤਾ ਨੂੰ ਪਤਾ ਸੀ
ਆਉਣ ਵਾਲਿਆਂ ਸਮਿਆਂ ਵਿੱਚ
ਵਿਕਾਸ ਦੇ ਕੋਣ ਤੋਂ
ਮਨੁੱਖੀ ਦਿਮਾਗ
ਵਧ ਜਾਵੇਗਾ ਕਿਤੇ ਅੱਗੇ
ਦਿਲ ਦੇ ਮੁਕਾਬਲੇ
ਦਿਮਾਗ ਧਰਮ ਦੇ,
ਸਮਾਜਿਕ ਰੁਤਬੇ ਦੇ,
ਦਿਸ਼ਾਵਾਂ ਆਦਿ ਦੇ ਅਧਾਰ ਤੇ
ਪ੍ਰੇਰਤ ਕਰੇਗਾ ਵੰਡੀਆਂ ਲਈ

ਪਰ ਰੱਬ ਨੇ
ਅਗਾਉਂ ਵਿਉਂਤਬੰਦੀ ਕਰਕੇ
ਸੌੜੀ ਸੋਚ ਵਾਲਿਆਂ ਲਈ
ਰੱਖੇ ਰਾਖਵੇਂ ਘਰ ਚਾਰ
ਦਿਲ ਦੇ ਅੰਦਰਵਾਰ

ਵਿਗਿਆਨੀ ਇਹਨਾਂ ਦੇ ਕੰਮ ਨੂੰ
ਕਿਵੇਂ ਵੀ ਵੇਖਣ

ਪਰ ਮੇਰੀ ਨਜ਼ਰੇ
ਇਹ ਚਾਰ ਦਰਵਾਜ਼ੇ ਖੁਲ੍ਹਦੇ
ਵੱਲ ਚਾਰ ਦਿਸ਼ਾਵਾਂ
'ਤੇ ਕਰਦੇ ਸਵਾਗਤ
ਚੌਹਾਂ ਵਰਣਾ ਦਾ
ਖੋਲ੍ਹ ਕੇ ਬਾਹਵਾਂ

ਮਨੁੱਖੀ ਸੌੜਾਪਨ
ਕਿੰਨਾ ਵੀ ਵਿਸ਼ਾਲ ਹੋ ਜਾਵੇ
ਦਿਲ ਦੇ ਦਰਵਾਜ਼ੇ
ਉਸਨੂੰ ਅੰਦਰ ਲੰਘਾ ਹੀ ਲੈਂਦੇ ਨੇ
ਬਿਨਾਂ ਕਿਸੇ ਕਾਂਟ ਛਾਂਟ ਦੇ

ਅੰਦਰ ਲੰਘਦਿਆਂ ਹੀ
ਸੁੰਗੜ ਜਾਂਦੈ ਸਭ ਦਾ
ਮਾਨਸਿਕ ਸੌੜਾਪਨ
'ਤੇ ਉਸਦੀ ਥਾਂ ਪੈਦਾ ਹੁੰਦੈ
ਵਿਸ਼ਾਲ ਹਿਰਦਾ;
ਚਾਰ ਦਰਵਾਜ਼ਿਆਂ ਵਾਲਾ ਘਰ ਬਾਰ
ਦਿਲ ਦੇ ਅੰਦਰਵਾਰ।

## ਮੀਲਾਂ ਲੰਮੀ ਸਤਰ / ਗੁਰਪ੍ਰੀਤ

ਮੀਲਾਂ ਲੰਮੀ ਸਤਰ ਹੈ
ਇਸ ਸਤਰ ਕੋਲ ਮੀਲਾਂ ਲੰਮਾ
ਸਿਦਕ ਹੈ ਸਬਰ ਹੈ

ਪਹਿਲੇ ਦਿਨ ਤੁਰੇ ਜਦੋਂ
ਇਹ ਭੋਲੇ ਭੰਡਾਰੀ
ਬਣਾ ਦਿੱਤੇ ਓਦੋਂ ਹੀ ਬਿਗਾਨੇ
ਓਹ ਵੀ ਆਪਣਿਆਂ ਨੇ

ਰਾਹ ਮੂਹਰੇ ਪੱਥਰ ਭਾਰੇ
ਪਰ ਇਹ ਮੁਸਕਰਾਏ
ਸਿਰੋਂ ਜਿਓਂ ਪੰਡ ਲਾਹੁੰਦੇ ਚਰੀ ਦੀ
ਕਰ ਦਿੱਤਾ ਸੜਕ ਦਾ
ਸਿਰ ਖਾਲੀ

ਅੱਥਰੂ ਗੈਸ ਦੇ ਗੋਲੇ ਵਰੇ ਤਾਂ
ਫਿਰ ਹੱਸੇ ਇਨਾ ਕੁ ਕੌੜਾ ਪਾਣੀ
ਨਿਕਲ ਗਿਆ ਅੱਖਾਂ 'ਚੋਂ
ਜਿਓਂ ਪਾਈ ਹੋਵੇ
ਹਰਭਜਨ ਧਾਰਾ ਅੱਖਾਂ ਦੀ ਦਾਰੂ
ਹੁਣ ਸਾਫ ਦਿਸਣ ਲੱਗ ਪਿਆ ਹੈ
ਸਗੋਂ ਕਈ ਕੱਠੇ ਹੀ ਬੋਲੇ–
ਹਿੱਕਾਂ ਤਾਣ ਕੇ ਖੜ੍ਹ ਗਏ ਮੂਹਰੇ
ਕੀ ਕਰਨਗੀਆਂ
ਪਾਣੀ ਦੀਆਂ ਬੁਛਾੜਾਂ
ਚੰਗਾ ਹੋਇਆ ਸਿੱਧਾ
ਖੇਤੋਂ ਆਏ ਸੀ
ਮਿੱਟੀ ਲਹਿ ਗਈ
ਦਿੱਲੀ ਨੂੰ ਮਿਲਣ ਲਈ
ਨਹਾਉਣਾ ਜ਼ਰੂਰੀ ਸੀ
ਬਜ਼ੁਰਗ ਇੱਕ ਨੇ ਮਸ਼ਕਰੀ ਕੀਤੀ

ਮੈਂ ਘਰੇ ਬੈਠਾ
ਲਾਈਵ ਦੇਖ ਰਿਹਾ ਸਭ
ਹੁਬਕੀ ਹੁਬਕੀ ਰੋਇਆ
ਸ਼ਾਇਦ ਮੈਥੋਂ ਇਹੋ ਹੋਇਆ

## ਲੜਾਈ / ਉਮੇਸ਼ ਘਈ

ਮਿੱਟੀ ਵਿੱਚੋਂ ਸਿਰ ਕੱਢਦੀਆਂ
ਕਰੂੰਬਲਾਂ ਦੇਖ਼ ਕੇ,
ਚਮਕ ਜਾਂਦੀਆਂ ਨੇ ਅੱਖਾਂ,
ਨਾਪ ਲੈਨਾਂ ਮੈਂ ਪੂਰਾ ਬ੍ਰਹਿਮੰਡ
ਅੱਡ ਕੇ ਬਾਹਾਂ।
ਖਾਲਾਂ ਵਿੱਚ ਵਹਿੰਦੇ ਪਾਣੀ ਵਿੱਚ,
ਠੇਲ੍ਹ ਲੈਨਾਂ ਆਪਣੀਆਂ
ਉਮੀਦਾਂ ਦੀ ਬੇੜੀ।
ਪੱਕੀ ਫ਼ਸਲ ਦੀ
ਸੁਨਹਿਰੀ ਭਾਅ ਵਿੱਚੋਂ
ਅਕਸਰ ਲੱਭ ਲੈਨਾਂ,
ਕੋਠੇ ਜਿਡੀ ਹੋਈ ਧੀ ਦੇ
ਕਾਰਜ ਦੀ ਸੰਭਾਵਨਾ।
ਪੈਰਾਂ ਦੀਆਂ
ਪਾਟੀਆਂ ਬਿਆਈਆਂ
ਵਿੱਚ ਪੈਂਦੀ ਚੋਭ,
ਥੋੜ੍ਹਾ ਜਿਹਾ ਘਟਾ ਦਿੰਦੀ ਹੈ,
ਘਰ ਦੀ ਆਰਥਿਕਤਾ ਦੀਆਂ
ਕੰਧਾਂ ਵਿੱਚ ਚੁਭੇ
ਕਰਜੇ ਦੀ ਕਸਕ ਨੂੰ ਸਮੇਟ ਲੈਨਾਂ
ਆਪਣੀਆਂ ਮਜਬੂਰੀਆਂ
ਦੇ ਟੋਕਰੇ ਥੱਲੇ,
ਬੇਪਰਵਾਹ ਹੋਕੇ ਉਡਣਾ ਲੋਚਦੀਆਂ
ਇਛਾਵਾਂ ਦੀਆਂ ਚਿੜੀਆਂ ਨੂੰ।
ਤਨ ਦੇ ਪੁਰਾਣ ਪਏ
ਲੀੜਿਆਂ ਦੁਆਲੇ, ਲਪੇਟ ਕੇ
ਸਿਆਹ ਰਾਤ ਦੀ ਚਾਦਰ,
ਸੌਂ ਜਾਨਾਂ ਅਕਸਰ
ਵੱਟ ਦੀ ਮਖ਼ਮਲੀ ਸੇਜ ਉੱਤੇ।
ਲੜ ਤਾਂ ਰਿਹਾਂ,
ਪਰ ਤੁਹਾਡੇ ਨਾਲ ਨਹੀਂ,
ਲੜਾਈ ਤਾਂ ਬੱਸ
ਖ਼ੁਦ ਨੂੰ ਜਿਉਂਦਾ ਰੱਖਣ ਦੀ ਹੈ।
ਮੈਨੂੰ ਗਲਤ ਨਾ ਸਮਝੋ,
ਕਿਸਾਨ ਹਾਂ ਸਾਹਿਬ
ਸਿਰਫ਼ ਕਿਸਾਨ
ਹੋਰ ਕੁਝ ਵੀ ਨਹੀਂ।

## ਕਿਸਾਨ ਅੰਦੋਲਨ / ਪ੍ਰੋ. ਵੀਨਾ ਚਾਲੀਆ

ਹੁੰਦੇ ਅੰਦੋਲਨ ਬਹੁਤ ਇਥੇ
ਪਰ ਇਹ ਅੰਦੋਲਨ ਵਖਰਾ ਏ
ਆਜ਼ਾਦੀ ਦੇ ਸੱਤ
ਦਹਾਕਿਆਂ ਬਾਅਦ
ਇਹ ਜਾਪਦਾ ਕੁਝ ਸੱਜਰਾ ਏ
ਸੁੱਤੀਆਂ ਹਕੂਮਤਾਂ ਜਗਾਉਣ ਖਾਤਿਰ
ਉਨ੍ਹਾਂ ਨੂੰ ਸ਼ੀਸ਼ਾ
ਦਿਖਾਉਣ ਖਾਤਿਰ
ਪੰਜਾਬ ਦੇ ਕਿਸਾਨ ਨੇ
ਹੰਭਲਾ ਮਾਰਿਆ ਏ
ਆਪਣੇ ਹੱਕ ਨੂੰ ਬਚਾਉਣ ਖਾਤਿਰ
ਉਸ ਇਕ ਅਨੋਖਾ ਹੀ
ਮੋਰਚਾ ਸੰਭਾਲਿਆ ਏ
ਨਹੀਂ ਪਰਵਾਹ ਕੀਤੀ
ਹਕੂਮਤ ਦੇ ਜੋਰਾਂ ਦੀ
ਉਹ ਚੱਲਿਆ ਸਾਜੋ ਸਮਾਨ ਲੈ ਕੇ
ਹਰਿਆਣਾ ਵੀ ਉਸ ਦੇ ਨਾਲ ਤੁਰਿਆ
ਨਹੀਂ ਵੇਖ ਸਕਿਆ ਸਭ
ਕੁਝ ਵੱਖ ਰਹਿ ਕੇ
ਹੱਕ ਏਦਾਂ ਹੀ ਲਏ ਜਾਂਦੇ ਨੇ
ਤੇ ਜਿੰਦਾਂ ਆਪਣੀਆਂ ਵੀ
ਵਾਰਨੀਆਂ ਪੈਂਦੀਆਂ ਨੇ
ਦਸੰਬਰ ਦੀਆਂ ਠੰਡੀਆਂ ਰਾਤਾਂ ਵੀ
ਨੰਗੇ ਅਸਮਾਨ ਹੇਠ
ਕੱਟਣੀਆਂ ਪੈਂਦੀਆਂ ਨੇ
ਅੰਨ ਦਾਤੇ ਨੇ ਲੰਗਰ ਲਾ ਦਿੱਤੇ
ਤੇ ਭੁੱਖਿਆਂ ਤਾਈ ਰਜਾ ਦਿੱਤਾ
ਭਾਈ ਕਨ੍ਹਈਆ ਵਾਂਗ
ਕੋਈ ਨਾ ਫਰਕ ਕੀਤਾ
ਜ਼ਖਮ ਦੇਣ ਵਾਲੇ ਦੇ ਜਖਮਾਂ ਤੇ
ਅੱਗੇ ਵਧ ਕੇ ਮਲ੍ਹਮ ਲਾ ਦਿੱਤਾ
ਨਾ ਰਹਿ ਜਾਏ ਕੋਈ ਅਨਪੜ੍ਹ
ਕਿਤਾਬਾਂ ਦਾ ਵੀ ਲੰਗਰ ਲਾ ਦਿੱਤਾ
ਆਪਣੇ ਤੇ ਹੁੰਦੀ ਬੇਇਨਸਾਫੀ ਨੂੰ
ਇਕ ਸ਼ੇਰ ਵਾਂਗ ਗੱਜ ਕੇ
ਸਾਰੀ ਦੁਨੀਆਂ ਨੂੰ ਦਿਖਾ ਦਿੱਤਾ......

## ਟਰੈਕਟਰਾਂ ਦੇ ਘੋੜੇ / ਅਮਰਜੀਤ ਸਿੰਘ ਅਮਨੀਤ

ਦਰਿਆਵਾਂ ਦੇ ਜਾਇਓ!
ਤੁਸੀਂ ਜਦੋਂ ਤੁਰਦੇ ਹੋ
ਤਾਂ ਦਰਿਆ ਬਣ ਕੇ
ਵਹਿਣ ਲੱਗਦੇ ਹੋ
ਕੌਣ ਠੱਲ ਸਕਿਆ ਹੈ
ਤੁਹਾਨੂੰ ?

ਇਹ ਟਰੈਕਟਰ ਜੋ
ਤੁਹਾਡੇ ਖੇਤਾਂ ਵਿੱਚ
ਬਲਦ ਬਣ ਵੱਗਦੇ ਤੇ
ਹੁਣ ਜਦੋਂ ਤੁਸੀਂ
ਦਿੱਲੀ ਵੱਲ ਤੁਰੇ ਹੋ
ਤੁਹਾਡੇ ਟਰੈਕਟਰ
ਘੋੜਿਆਂ 'ਚ ਵਟ ਗਏ ਨੇ
ਇਹਨਾਂ ਦੀਆਂ
ਕਾਠੀਆਂ ਤੇ ਟਰਾਲੀਆਂ
ਕਾਹਨੂੰਵਾਨ
ਦੇ ਜੰਗਲਾਂ ਵਿਚਲੇ
ਤੁਹਾਡੇ ਘਰਾਂ 'ਚ
ਬਦਲ ਗਈਆਂ ਨੇ
ਤੁਹਾਡਾ ਠਾਠਾਂ ਮਾਰਦਾ ਜੋਸ਼
ਸਮਸ਼ੀਰਾਂ ਵਿੱਚ ਵਟ ਗਿਆ ਏ
ਤੁਹਾਡਾ ਸਬਰ ਢਾਲ਼ ਬਣ
ਤੁਹਾਡੇ ਮੋਢਿਆਂ 'ਤੇ
ਲਟਕ ਰਿਹਾ ਹੈ
ਤੁਸੀਂ ਹੁਣ ਘੋੜਿਆਂ
'ਤੇ ਸਵਾਰ ਹੋ
ਤੁਸੀਂ ਹੁਣ ਮੁਹਿੰਮ 'ਤੇ ਹੋ
ਤੁਸੀਂ ਦਰਿਆਵਾਂ ਦੇ ਜਾਏ
ਹੁਣ ਮੁਹਿੰਮ 'ਤੇ ਹੋ
ਤੁਹਾਨੂੰ ਕੌਣ ਠੱਲ ਸਕਦਾ ਹੈ ?
ਇੱਕ ਹਨੇਰੇ ਭਰਿਆ
ਯੁੱਗ ਬਦਲ ਰਿਹਾ ਹੈ
ਪਹੁ ਫੁਟਾਲ਼ਾ ਹੋ ਰਿਹਾ ਹੈ।

## ਵੇਦਨ / ਜਗਰੂਪ ਸਿੰਘ
IRS (Retd.)

ਬੇਚੈਨ ਹੁੰਦਾ ਹਾਂ
ਫਿਜਾਂ ਦੀ ਵੇਦਨ ਜਦ
ਕਲਮ ਲਿਖ ਨਹੀਂ ਸਕਦੀ
ਮਨ ਕਹਿ ਨਹੀਂ ਸਕਦਾ
ਵਾਂਗ ਉਸ ਸ਼ੂਦਰ ਦੇ
ਪਿਘਲਿਆ ਸਿੱਕਾ
ਪੈਂਦਾ ਜਿਸ ਕੰਨੀਂ
ਜਦ ਉਹ ਪਵਿੱਤਰ
ਸ਼ਲੋਕ ਸੁਣ ਲੈਂਦਾ
ਚੋਰੀ ਚੋਰੀ
ਅੱਜ ਸਭ ਦੇ ਕੰਨੀਂ
ਕੁਫਰ ਭਰੇ ਸ਼ਲੋਕ
ਦਿਨ ਰਾਤ ਪਾਏ ਜਾ ਰਹੇ ਨੇ
ਸ਼ਬਜਬਾਗ ਦਿਖਾਏ ਜਾ ਰਹੇ ਨੇ
ਨਾਨਕ ਕੂੜ ਰਿਹਾ ਭਰਪੂਰ
ਕੋਰਾ ਸੱਚ ਭਾਸਦਾ ਹੈ
ਇਸ ਦੀ ਦੁਰਗੰਧ
ਬਿਹਬਲ ਕਰਦੀ ਹੈ ਮਨ
ਨਿਰਬਲ ਕਰਦੀ ਹੈ ਤਨ
ਪਰ ਮੈਂ ਤਾਂ ਸ਼ੂਦਰ ਨਹੀਂ ਹਾਂ
ਹਿੰਦੂ ਹਾਂ, ਸਿੱਖ ਹਾਂ, ਇਸਾਈ ਹਾਂ
ਮੁਸਲਮਾਨ ਹਾਂ
ਇਸ ਵੇਦਨ ਦੀ ਪੀੜਾ ਝੱਲਦਾ
ਸਿੰਘੂ ਬੈਠਾ, ਟਿਕਰੀ ਬੈਠਾ
ਗ਼ਾਜੀਆਬਾਦ ਬਾਡਰ ਬੈਠਾ
ਕਿਸਾਨ ਹਾਂ
ਇਨਸਾਨ ਹਾਂ
ਹਿੰਦੋਸਤਾਨ ਹਾਂ।

## ਕਿਸਾਨ / ਡਾ. ਨਰਿੰਦਰ ਨਿਰਛਲ

ਕਿਸਾਨ ?
ਉਹ ਕੌਣ ਹੁੰਦੈ ?

ਅੱਛਾ ਅੱਛਾ
ਜਿਹੜਾ ਖੇਤ ਵਿਚ
ਕੰਮ ਕਰਦਾ ਉਹੀ ਨਾ
ਜਿਹੜਾ ਮੌਸਮ ਦੀ
ਪਰਵਾਹ ਨੀਂ ਕਰਦਾ

ਉਹਦੀ ਆਪਾਂ ਨੂੰ ਕੀ ਲੋੜ
ਵੋਟਾਂ ਵੇਲੇ ਦੇਖਾਂਗੇ
ਹਾਲਾਂ ਰਹਿਣ ਦਿਓ।

## ਫ਼ਰਕ ਤਾਂ ਹੈ / ਡਾ.ਸੁਖਵੀਰ ਕੌਰ ਸੁਖਨ

ਉਹ ਚਾਹੁੰਦੇ ਨੇ ਮੇਰੇ ਗਲ ਨੂੰ ਪਟਾ
ਹੱਥਾਂ ਨੂੰ ਹਥਕੜੀ
ਅੱਖਾਂ ਨੂੰ ਅੰਧਰਾਤਾ
ਢਿੱਡ 'ਤੇ ਕਬਜ਼ਾ
ਲੱਤਾਂ ਨੂੰ ਪੋਲੀਓ ਪੈਰਾਂ ਨੂੰ ਜੂੜ
ਸੋਚ 'ਤੇ ਪਹਿਰਾ
ਤੇ ਕਲਮ ਨੂੰ ਫਤਵਾ
ਪਰ ..
ਪਤਾ ਨਹੀਂ ਉਨ੍ਹਾਂ ਨੂੰ
ਅੰਗਾਰੇ ਤਾਂ ਧੁਖਦੇ ਰਹਿੰਦੇ ਨੇ
ਸੱਲ ਤਾਂ ਰਿਸਦੇ ਰਹਿੰਦੇ ਨੇ
ਜਖ਼ਮ ਤਾਂ ਨੁੱਚੜਦੇ ਰਹਿੰਦੇ ਨੇ
ਤੁਫਾਨ ਤਾਂ ਅਉਂਦੇ ਰਹਿੰਦੇ ਨੇ
ਤਖ਼ਤ ਤਾਂ ਪਲਟਕੇ ਰਹਿੰਦੇ ਨੇ
ਤੂੰ ਜੋਰ ਜਾਰੀ ਰੱਖ
ਅਸੀਂ ਤੋਰ ਜਾਰੀ ਰੱਖਾਂਗੇ
ਬਾਜੀ ਤੋਰ ਵਾਲੇ ਹੀ ਜਿੱਤਦੇ ਨੇ
ਜ਼ੋਰ ਤਾਂ ਅਕਸਰ ਥੱਕ ਹਾਰ
ਜਾਂਦਾ........

# ਰਾਸ਼ਟਰੀ ਮੀਡੀਆ ਵਿਚ ਕਿਸਾਨੀ ਮੁੱਦਿਆਂ ਦੀ ਪੇਸ਼ਕਾਰੀ / ਰਾਜਦੀਪ ਸਿੰਘ ਸਿੱਧੂ

ਸੰਚਾਰ ਤਕਨਾਲੋਜੀ ਦੇ ਦੌਰ 'ਚ ਮੀਡੀਆ ਦੀ ਅਹਿਮੀਅਤ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ ਹੈ। ਅਜੋਕੇ ਮੀਡੀਆ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਹਨ ਪਰ ਮੁੱਖ ਤੌਰ 'ਤੇ ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ ਜਿਵੇਂ ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਅਤੇ ਸੋਸ਼ਲ ਮੀਡੀਆ। ਇਹਨਾਂ ਵਿਚੋਂ ਸੋਸ਼ਲ ਮੀਡੀਆ ਨੂੰ ਛੱਡ ਕੇ ਬਾਕੀ ਦੇ ਦੋ ਪਲੇਟਫਾਰਮਾਂ ਨੂੰ ਪਰੰਪਰਾਗਤ ਮੀਡੀਆ ਦੇ ਦਾਇਰੇ ਵਿਚ ਰੱਖਿਆ ਜਾ ਸਕਦਾ ਹੈ ਕਿਉਂਕਿ ਇਹ ਕਿਸੇ ਨਾ ਕਿਸੇ ਅਦਾਰੇ ਅਧੀਨ ਕੰਮ ਕਰਦੇ ਹੋਏ ਸਰਕਾਰੀ ਰਣਨੀਤੀਆਂ ਦਾ ਹਿੱਸਾ ਜ਼ਰੂਰ ਬਣਦੇ ਹਨ। ਸੋਸ਼ਲ ਮੀਡੀਆ ਇਕ ਆਜ਼ਾਦ ਪਲੇਟਫਾਰਮ ਹੈ ਜਿਸ ਦੀ ਆਜ਼ਾਦੀ ਉਸ ਨੂੰ ਚਲਾਉਣ ਵਾਲੇ ਵਿਅਕਤੀ ਕੋਲ ਹੁੰਦੀ ਹੈ।

ਅਜੋਕੇ ਦੌਰ 'ਚ ਮੀਡੀਆ ਦੀ ਭੂਮਿਕਾ ਜਿੱਥੇ ਸਰਕਾਰਾਂ ਨੂੰ ਬਣਾਉਣ ਤੋਂ ਲੈ ਕੇ ਚਲਾਉਣ ਤੱਕ ਹੈ ਉੱਥੇ ਹੀ ਮੀਡੀਆ ਦਾ ਦਬਦਬਾ ਹਰ ਆਮ ਵਿਅਕਤੀ ਤੋਂ ਲੈ ਕੇ ਖ਼ਾਸ ਵਿਅਕਤੀ ਤੱਕ ਹੈ। ਦੁਨੀਆਂ 'ਚ ਕਿੱਥੇ ਕੀ ਵਾਪਰ ਰਿਹਾ, ਕਦੋਂ ਵਾਪਰ ਰਿਹਾ ਅਤੇ ਕਿਵੇਂ ਵਾਪਰ ਰਿਹਾ ਆਦਿ ਦੀ ਜਾਣਕਾਰੀ ਸਾਨੂੰ ਮੀਡੀਆ ਦੁਆਰਾ ਮਿਲ ਜਾਂਦੀ ਹੈ। ਰਾਜਨੀਤੀ ਤੋਂ ਲੈ ਕੇ ਖੇਡਾਂ ਦੀ ਜਾਣਕਾਰੀ, ਫਿਲਮਾਂ ਤੋਂ ਲੈ ਕੇ ਗੀਤ-ਸੰਗੀਤ ਦੀ ਦੁਨੀਆਂ ਤੱਕ ਦਾ ਸਫ਼ਰ, ਕਾਰਪੋਰੇਟ ਘਰਾਣਿਆਂ ਦੀ ਚਰਚਾ ਤੋਂ ਲੈ ਕੇ ਬਿਜਨੈਸ ਦੀਆਂ ਕਹਾਣੀਆਂ, ਲਭਾਉਣੀਆਂ ਚੀਜਾਂ/ਵਸਤਾਂ ਤੋਂ ਲੈ ਕੇ ਮੰਡੀ 'ਚ ਵਿਕ ਰਹੀ ਹਰ ਸ਼ੈਅ ਬਾਰੇ ਜਾਣਕਾਰੀ ਸਾਨੂੰ ਮੀਡੀਆ ਤੋਂ ਮਿਲ ਜਾਂਦੀ ਹੈ। ਇਸ ਸਮੇਂ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਖੰਭਾ/ਸਤੰਭ ਮੰਨਿਆ ਜਾਂਦਾ ਹੈ। ਜਦੋਂ ਅਸੀਂ ਲੋਕਤੰਤਰ ਦੀ ਗੱਲ ਕਰਦੇ ਹੋਏ ਮੀਡੀਆ ਨੂੰ ਉਸਦਾ ਇਕ ਅੰਗ ਮੰਨ ਲੈਂਦੇ ਹਾਂ ਤਾਂ ਅਜਿਹੀ ਸਥਿਤੀ 'ਚ ਮੀਡੀਆ ਦੀ ਆਮ ਲੋਕਾਂ ਲਈ ਵਚਨਬੱਧਤਾ ਹੋਰ ਵਧੇਰੇ ਵਧ ਜਾਂਦੀ ਹੈ। ਪਰ ਤ੍ਰਾਸਦੀ ਇਹ ਹੈ ਕਿ ਸਾਡੇ ਭਾਰਤੀ ਮੀਡੀਆ ਵਿਚੋਂ ਸਾਡੇ ਦੇਸ਼ ਦਾ ਇਕ ਵੱਡਾ ਤਬਕਾ ਹੀ ਗ਼ਾਇਬ ਹੈ ਜਿਸਦਾ ਸੰਬੰਧ ਕਿਸਾਨੀ ਨਾਲ ਹੈ।

ਪਲਾਗੁਮੀ ਸਾਈਨਾਥ (ਸੀਨੀਅਰ ਪੱਤਰਕਾਰ 'ਦ ਹਿੰਦੂ') ਨੇ ਭਾਰਤ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਆਮ ਪ੍ਰੈੱਸ ਵਿਚ ਰਿਪੋਰਟਾਂ ਛਾਪਣ ਦਾ ਸਿਲਸਿਲਾ 1990 ਦੇ ਦਹਾਕੇ ਵਿਚ ਸ਼ੁਰੂ ਕਰਕੇ ਇਸ ਪਾਸੇ ਪਹਿਲਕਦਮੀ ਕੀਤੀ ਸੀ। ਸ਼ੁਰੂ ਵਿਚ ਖੁਦਕੁਸ਼ੀ ਦੀਆਂ ਰਿਪੋਰਟਾਂ ਮਹਾਂਰਾਸ਼ਟਰ ਤੋਂ ਆਉਣੀਆਂ ਸ਼ੁਰੂ ਹੁੰਦੀਆਂ ਹਨ ਅਤੇ ਫਿਰ ਹੋਰਨਾਂ ਰਾਜਾਂ 'ਚੋਂ ਵੀ ਆਉਣ ਲੱਗਦੀਆਂ ਹਨ। ਹਮੀਰ ਸਿੰਘ (ਸੀਨੀਅਰ ਪੱਤਰਕਾਰ, ਪੰਜਾਬੀ ਟ੍ਰਿਬਿਊਨ) ਆਪਣੇ ਇਕ ਲੇਖ 'ਚ ਦੱਸਦੇ ਹਨ ਕਿ ਪੰਜਾਬ ਵਿਚ ਵੀ ਖ਼ੁਦਕੁਸ਼ੀਆਂ ਦਾ ਸਿਲਸਿਲਾ 1990 ਦੇ ਵਿਚ ਹੀ ਸ਼ੁਰੂ ਹੋ ਗਿਆ ਸੀ ਤੇ ਇਸ ਮੁੱਦੇ ਨੂੰ ਇੰਦਰਜੀਤ ਸਿੰਘ ਜੇਜੀ ਦੁਆਰਾ ਉਠਾਇਆ ਗਿਆ ਸੀ। ਉਸ ਸਮੇਂ ਪੰਜਾਬ ਇਕ ਅਜਿਹੇ ਦੌਰ 'ਚੋਂ ਗੁਜ਼ਰ ਰਿਹਾ ਸੀ ਜਦੋਂ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਦਾ ਵੀ ਕੋਈ ਫਾਇਦਾ ਨਹੀਂ ਹੋਣਾ ਸੀ ਅਤੇ ਸਰਕਾਰ ਵੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਮੰਨਣ ਲਈ ਤਿਆਰ ਨਹੀਂ ਸੀ। ਪੰਜਾਬ ਦਾ ਮਾਹੌਲ ਸ਼ਾਂਤ ਹੋਣ ਤੋਂ ਬਾਅਦ 1997 ਈ. ਵਿਚ ਅਕਾਲੀ ਸਰਕਾਰ ਵੱਲੋਂ ਅਰਥ-ਸ਼ਾਸਤਰੀ ਐੱਚ.ਐੱਸ.ਸ਼ੇਰਗਿੱਲ ਰਾਹੀਂ ਕਿਸਾਨਾਂ ਦੇ ਸਿਰ ਚੜ੍ਹੇ ਕਰਜ਼ੇ ਦਾ ਸਰਵੇਖਣ ਕਰਵਾਇਆ ਗਿਆ ਤਾਂ ਉਸ ਸਮੇਂ ਇਹ ਕਰਜ਼ਾ 5700 ਕਰੋੜ ਰੁਪਏ ਮੰਨਿਆ ਗਿਆ ਜਿਹੜਾ ਲਗਾਤਾਰ ਵੱਧਦਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ 'ਚ ਇਹ ਕਰਜਾ 80,000 ਹਜ਼ਾਰ ਕਰੋੜ (ਇੰਡੀਆ ਟੂਡੇ ਦੇ ਅਨੁਸਾਰ) ਤੱਕ ਪਹੁੰਚ ਚੁੱਕਾ ਹੈ। ਇਸ ਤਰ੍ਹਾਂ ਦੇ ਹਾਲਾਤ 'ਚ ਵੀ ਨੈਸ਼ਨਲ ਮੀਡੀਆ ਦੁਆਰਾ ਕਿਸਾਨਾਂ ਦੇ ਮੁੱਦਿਆਂ ਨੂੰ ਕਵਰੇਜ ਮੁਸ਼ਕਿਲ ਨਾਲ ਹੀ ਮਿਲਦੀ ਹੈ। 'ਸੋਸ਼ਲ ਮੀਡੀਆ ਇਨ ਨਿਊਜ਼-ਰੂਮਸ' ਨਾਂ ਦੇ ਇਕ ਸੈਮੀਨਾਰ 'ਚ ਪੀ.ਸਾਈਨਾਥ ਕਹਿੰਦੇ ਹਨ ਕਿ ਭਾਰਤੀ ਮੀਡੀਆ 75% ਭਾਰਤੀ ਅਬਾਦੀ ਨੂੰ ਕਵਰ ਕਰਨ 'ਚ ਅਸਫ਼ਲ ਹੈ। ਇਸੇ ਸੈਮੀਨਾਰ 'ਚ ਉਹਨਾਂ ਨੇ ਸੈਂਟਰਮੀਡੀਆ ਸਟੱਡੀ ਦਿੱਲੀ ਦੇ ਹਵਾਲੇ ਨਾਲ ਕਿਹਾ ਕਿ'ਸੀ.ਐੱਮ.ਐੱਸ, ਦਿੱਲੀ' ਦੇ ਅਨੁਸਾਰ ਭਾਰਤੀ ਰਾਸ਼ਟਰੀ ਮੀਡੀਆ ਦੀ ਖੇਤੀਬਾੜੀ ਰਿਪੋਰਟਿੰਗ ਔਸਤ ਪਿਛਲੇ ਪੰਜ ਸਾਲਾਂ ਦੌਰਾਨ 0.61 ਪ੍ਰਤੀਸ਼ਤ ਦੇ ਬਰਾਬਰ ਹੈ, ਜਿਸ ਵਿਚ ਰਾਜਨੀਤੀ ਅਤੇ ਖੇਤੀਬਾੜੀ ਮੰਤਰਾਲੇ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਜਦਕਿ ਪਿੰਡ ਪੱਧਰ ਦੀ ਰਿਪੋਰਟਿੰਗ 0.17 ਫੀਸਦੀ ਹੈ। ਸਾਲ 2016 'ਚ ਇਹ ਗਿਣਤੀ 0.24 ਪ੍ਰਤੀਸ਼ਤ ਹੋ ਜਾਂਦੀ ਹੈ।1

ਸਾਲ 2011 ਦੀ ਜਨਗਣਨਾ ਦੇ ਅਨੁਸਾਰ ਪਿੰਡਾਂ ਦੀ ਆਬਾਦੀ 69% ਹੈ। ਇਸ 69% ਆਬਾਦੀ ਨੂੰ ਮੀਡੀਆ ਸਿਰਫ਼ 0.17% ਔਸਤਨ ਕਵਰ ਕਰਦਾ ਹੈ। ਜੇਕਰ ਪੂਰੇ ਭਾਰਤ ਦੀ ਪਿੰਡਾਂ ਨਾਲ ਸੰਬੰਧਿਤ ਰਿਪੋਰਟਿੰਗ 0.17% ਹੈ ਤਾਂ ਪੰਜਾਬ ਦੀ ਨੈਸ਼ਨਲ ਮੀਡੀਆ 'ਚ ਕੀ ਸਥਿਤੀ ਹੈ? ਇਸ ਦਾ ਅੰਦਾਜਾ ਲਗਾਉਣਾ ਵੀ ਮੁਸ਼ਕਿਲ ਨਹੀਂ ਹੈ ਕਿਉਂਕਿ ਇਸ ਦੀ ਕਵਰੇਜ ਹੋ ਹੀ ਨਹੀਂ ਰਹੀ ਹੈ। ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਵੱਖ-ਵੱਖ ਖੇਤਰਾਂ ਦੀ ਕਵਰੇਜ ਲਈ ਵੱਖਰੇ-ਵੱਖਰੇ ਰਿਪੋਰਟਰ ਨਿਯੁਕਤ ਕੀਤੇ ਜਾਂਦੇ ਹਨ ਜਿਵੇਂ ਰਾਜਨੀਤੀ ਲਈ, ਖੇਡਾਂ ਲਈ, ਸਿਨੇਮਾ ਲਈ, ਜ਼ੁਰਮ ਲਈ, ਮਨੋਰੰਜਨ ਲਈ ਆਦਿ। ਪਰ ਕਿਸਾਨ ਅਤੇ ਕਿਸਾਨੀ ਨਾਲ ਸੰਬੰਧਿਤ ਖ਼ਬਰਾਂ ਅਤੇ ਸਟੋਰੀਆਂ ਦੀ ਕਵਰੇਜ ਲਈ ਕਿਸੇ ਵੀ ਅਖ਼ਬਾਰ ਜਾਂ ਨਿਊਜ਼ ਚੈਨਲ ਨੇ ਆਪਣੇ ਵੱਖਰੇ ਰਿਪੋਰਟਰ ਇਸ ਖੇਤਰ ਨੂੰ ਨਹੀਂ ਦਿੱਤੇ। ਕਿਸਾਨੀ ਨਾਲ ਸੰਬੰਧਿਤ ਜਿਹੜੀ ਥੋੜ੍ਹੀ-ਬਹੁਤ ਰਿਪੋਰਟਿੰਗ ਕੀਤੀ ਜਾਂਦੀ ਹੈ ਉਹ ਆਮ

ਰਿਪੋਰਟਰਾਂ ਨੂੰ ਕਿਸਾਨਾਂ/ਕਿਸਾਨ ਆਗੂਆਂ ਦੁਆਰਾ ਭੇਜੀਆਂ ਖ਼ਬਰਾਂ 'ਤੇ ਅਧਾਰਿਤ ਹੁੰਦੀ ਹੈ ਜਾਂ ਫਿਰ ਜਦੋਂ ਕਿਸੇ ਪ੍ਰਕਾਰ ਦਾ ਸੰਘਰਸ਼ ਆਰੰਭਿਆ ਜਾਂਦਾ ਹੈ ਤਾਂ ਕਿਸਾਨੀ ਦੇ ਮਸਲਿਆਂ ਨੂੰ ਕਵਰੇਜ ਮਿਲ ਜਾਂਦੀ ਹੈ। ਇਸ ਤੋਂ ਵੀ ਬਦਤਰ ਹਾਲਾਤ ਖੇਤ ਮਜ਼ਦੂਰ,ਕਿਸਾਨ ਔਰਤਅਤੇ ਮਜ਼ਦੂਰ ਔਰਤ ਦੇ ਹਨ ਜਿਸ ਨੂੰ ਨਾ ਤਾਂ ਰਾਸ਼ਟਰੀ ਮੀਡੀਆ ਦੁਆਰਾ ਕਵਰੇਜ ਮਿਲਦੀ ਅਤੇ ਨਾ ਹੀ ਸਥਾਨਕ ਮੀਡੀਆ ਦੁਆਰਾ। ਰਾਸ਼ਟਰੀ ਮੀਡੀਆ ਦੀ ਗੱਲ ਤਾਂ ਇਕ ਪਾਸੇ ਸਾਡੀਆਂ ਸਥਾਨਕ ਅਖ਼ਬਾਰਾਂ ਕੋਲ ਵੀ ਇਸ ਤਰ੍ਹਾਂ ਦੀਆਂ ਰਿਪੋਰਟਾਂ ਲਈ ਸਥਾਨ ਨਹੀਂ ਹੈ।

ਇਲੈਕਟ੍ਰਾਨਿਕ ਰਾਸ਼ਟਰੀ ਮੀਡੀਆ ਨਾਲੋਂ ਪ੍ਰਿੰਟ ਮੀਡੀਆ ਵਿਚ ਦ ਟ੍ਰਿਬਿਊਨ, ਦ ਹਿੰਦੂ, ਇੰਡੀਅਨ ਐਕਸਪ੍ਰੈਸ ਅਤੇ ਦੈਨਿਕ ਭਾਸਕਰ ਆਦਿ ਕੁਝ ਕੁ ਅਖ਼ਬਾਰ ਕਿਸਾਨ ਅਤੇ ਕਿਸਾਨੀ ਕਵਰ ਕਰਦੇ ਹਨ। ਦੂਜੇ ਪਾਸੇ ਜੇਕਰ ਇਲੈਕਟ੍ਰਾਨਿਕ ਮੀਡੀਆ ਦੀ ਗੱਲ ਕੀਤੀ ਜਾਵੇ ਤਾਂ ਐਨ.ਡੀ.ਟੀ.ਵੀ. ਅਤੇ ਇੱਕ ਦੋ ਹੋਰ ਚੈਨਲਾਂ ਤੋਂ ਇਲਾਵਾ ਕਿਸਾਨ ਦੀ ਸਮੱਸਿਆ ਕਿਸੇ ਵੀ ਨਿਊਜ਼ ਚੈਨਲ ਲਈ ਕੋਈ ਵੱਡੀ ਸਮੱਸਿਆ ਨਹੀਂ ਹੈ। ਰਾਸ਼ਟਰੀ ਮੀਡੀਆ ਵਿਚ ਕਿਸਾਨਾਂ ਨੂੰ ਕਵਰੇਜ ਸਿਰਫ਼ ਉਦੋਂ ਹੀ ਮਿਲਦੀ ਹੈ ਜਦੋਂ ਇਹਨਾਂ ਦੁਆਰਾ ਕੋਈ ਵੱਡਾ ਅੰਦੋਲਨ ਕੀਤਾ ਜਾਂਦਾ ਹੈ ਜਾਂ ਫਿਰ ਇਹ ਕਿਸਾਨ ਕਿਸੇ ਵੱਡੀ ਕਰੋਪੀ ਦਾ ਸ਼ਿਕਾਰ ਹੁੰਦੇ ਹਨ ਪਰ ਉਸ ਸਮੇਂ ਵੀ ਸੱਤਾਧਾਰੀ ਧਿਰਾਂ ਦੇ ਨਜ਼ਰੀਏ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ।

ਮੌਜੂਦਾ ਸਮੇਂ 'ਚ ਖੇਤੀ ਸੰਬੰਧੀ ਤਿੰਨ ਬਿਲਾਂ ਨੂੰ ਲੈ ਕੇ ਕੀਤਾ ਜਾ ਰਿਹਾ ਕਿਸਾਨੀ ਅੰਦੋਲਨ ਆਪਣੇ ਸਿਖਰ ਵੱਲ ਜਾ ਰਿਹਾ ਹੈ। ਹੁਣ ਜਦੋਂ ਹਾਲਾਤ ਇਹ ਬਣ ਗਏ ਕਿ ਕਿਸਾਨਾਂ ਦੇ ਸੰਘਰਸ਼ ਨੂੰ ਅੰਤਰ-ਰਾਸ਼ਟਰੀ ਮੀਡੀਆ ਦੁਆਰਾ ਪੂਰੀ ਦੁਨੀਆਂ ਦੇ ਸਾਹਮਣੇ ਲਿਆਂਦਾ ਜਾ ਰਿਹਾ ਹੈ ਤਾਂ ਸਾਡੇ ਦੇਸ਼ ਦੇ ਰਾਸ਼ਟਰੀ ਮੀਡੀਆ ਨੂੰ ਆਪਣੀ ਸਾਖ ਬਚਾਉਣ ਲਈ ਨਾ ਚਾਹੁੰਦੇ ਹੋਏ ਵੀ ਇਸ ਸੰਘਰਸ਼ ਦੀ ਕਵਰੇਜ ਕਰਨੀ ਪਈ। ਆਪਣੀ ਇਸ ਕਵਰੇਜ ਵਿਚ ਇਹ ਮੀਡੀਆ ਅਜਿਹਾ ਬਿਰਤਾਂਤ (Narrative) ਸਿਰਜਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਨਾਲ ਇਹ ਅੰਦੋਲਨ ਦੇਸ਼ ਵਿਰੋਧੀ ਸਾਬਿਤ ਹੋ ਜਾਵੇ। ਇਸ ਤਰ੍ਹਾਂ ਕਰਕੇ ਉਹ ਦੁਨੀਆਂ ਤਕ ਇਹ ਗੱਲ ਪਹੁੰਚਾਉਣਾ ਚਾਹੁੰਦੇ ਹਨ ਕਿ ਸਰਕਾਰ ਨੇ ਜੋ ਬਿੱਲ ਪਾਸ ਕੀਤੇ ਉਹ ਕਿਸਾਨਾਂ ਦੇ ਹਿੱਤ ਵਿਚ ਹਨ ਪਰ ਰਾਜਸੀ ਲੋਕ ਇਹਨਾਂ ਭੋਲੇ-ਭਾਲੇ ਲੋਕਾਂ ਨੂੰ ਵਰਤ ਰਹੇ ਹਨ। ਲੋਕਾਂ ਦੀਆਂ ਸੰਘਰਸ਼ੀ ਗਤੀਵਿਧੀਆਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲਾ ਰਾਸ਼ਟਰੀ ਮੀਡੀਆ ਦਾ ਇਹ ਰਵੱਈਆ ਪਹਿਲੀ ਵਾਰ ਨਹੀਂ ਹੈ ਸਗੋਂ ਅੰਦੋਲਨਾਂ ਨੂੰ ਪਹਿਲਾ ਵੀ ਇਸੇ ਤਰ੍ਹਾਂ ਢਾਅ ਲਾਈ ਜਾਂਦੀ ਰਹੀ ਹੈ।

ਪੰਜਾਬ 'ਚ ਜਿਸ ਤਰ੍ਹਾਂ ਖੁਦਕੁਸ਼ੀਆਂ ਦੀ ਖੇਤੀ ਦਾ ਸਿਲਸਿਲਾ ਵਧਦਾ ਜਾ ਰਿਹਾ ਹੈ ਅਜਿਹੇ ਹਾਲਾਤ 'ਚ ਪੰਜਾਬ ਦੀ ਆਰਥਿਕਤਾ ਤੇ ਸਮਾਜਿਕਤਾ ਡਾਵਾਂਡੋਲ ਹੋ ਰਹੀ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਵੱਲੋਂ ਕੀਤੇ ਗਏ ਸਰਵੇਖਣ ਮੁਤਾਬਿਕ 2002 ਤੋਂ ਲੈ ਕੇ 2011 ਤੱਕ ਪੰਜਾਬ ਵਿਚ 6926 ਆਤਮ ਹੱਤਿਆਵਾਂ ਹੋਈਆਂ ਜਿੰਨ੍ਹਾਂ ਵਿੱਚੋਂ 3954 ਕਿਸਾਨ ਤੇ 2972 ਖੇਤ ਮਜ਼ਦੂਰ ਸਨ।2

ਇਹ ਅੰਕੜੇ ਸਾਲਾਂ ਦੇ ਬੀਤਣ ਨਾਲ ਵੱਧਦੇ ਜਾ ਰਹੇ ਹਨ। ਹਮੀਰ ਸਿੰਘ ਦੇ ਲੇਖ ਅਨੁਸਾਰ ਸਾਲ 2000 ਤੋਂ 2015-16 ਤੱਕ ਪੰਜਾਬ ਅੰਦਰ 16,606 ਖੁਦਕੁਸ਼ੀਆਂ ਦੇ ਅੰਕੜੇ ਸਾਹਮਣੇ ਆਉਂਦੇ ਹਨ। ਇਸ ਤਰ੍ਹਾਂ ਅੰਦਾਜਨ ਹਰ ਸਾਲ ਪੰਜਾਬ ਅੰਦਰ ਇਕ ਹਜ਼ਾਰ ਤੋਂ ਵੱਧ ਖੁਦਕੁਸ਼ੀਆਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਹਨ। ਇਹਨਾਂ ਅੰਕੜਿਆਂ ਨੂੰ ਜੇਕਰ ਹੋਰ ਧਿਆਨ ਨਾਲ ਵਾਚਿਆ ਜਾਵੇ ਤਾਂ ਅੰਦਾਜਨ ਤਿੰਨ ਕਿਸਾਨ ਅਤੇ ਖੇਤ ਮਜ਼ਦੂਰ ਹਰ ਰੋਜ਼ ਆਤਮ-ਹੱਤਿਆ ਕਰ ਰਹੇ ਹਨ। ਜਦੋਂ ਇਸ ਤਰ੍ਹਾਂ ਦੇ ਵੱਡੇ ਅੰਕੜੇ ਕਿਸੇ ਅਦਾਰਿਆਂ ਦੁਆਰਾ ਪੇਸ਼ ਕੀਤੇ ਜਾਂਦੇ ਹਨ ਤਾਂ ਕੋਈ ਸਟੋਰੀ ਜਾਂ ਖ਼ਬਰ ਮੀਡੀਆ ਦੁਆਰਾ ਪੇਸ਼ ਕਰ ਦਿੱਤੀ ਜਾਂਦੀ ਹੈ ਪਰ ਹਰ ਰੋਜ਼ਹੋ ਰਹੀਆਂ ਖੁਦਕੁਸ਼ੀਆਂ ਦਾ ਜ਼ਿਕਰ ਰਾਸ਼ਟਰੀ ਮੀਡੀਆ ਦੁਆਰਾ ਨਹੀਂ ਕੀਤਾ ਜਾਂਦਾ। "ਐਮ.ਐਲ.ਡਾਰਲਿੰਗ ਦੀ 1925 ਵਿਚ ਲਿਖੀ ਪ੍ਰਸਿੱਧ ਕਿਤਾਬ, 'ਦ ਪੰਜਾਬ ਪੀਜ਼ੈਂਟ ਇੰਨ ਪਰੋਸਪੇਰਿਟੀ ਐਂਡ ਡੈਬਟ' ਵਿਚ ਉਸ ਨੇ ਸਿੱਟਾ ਕੱਢਿਆ ਸੀ ਕਿ ਪੰਜਾਬ ਦਾ ਕਿਸਾਨ ਬਹੁਤ ਕਰਜ਼ਾਈ ਹੈ। ਆਮ ਤੌਰ 'ਤੇ ਵਰਤਿਆ ਜਾਂਦਾ ਸ਼ਬਦ ਕਿ ਪੰਜਾਬ ਦਾ ਕਿਸਾਨ ਕਰਜ਼ੇ ਵਿਚ ਜਨਮ ਲੈਂਦਾ ਹੈ, ਕਰਜ਼ੇ ਵਿਚ ਜਿਉਂਦਾ ਹੈ ਅਤੇ ਅੰਤ ਕਰਜ਼ੇ ਵਿਚ ਹੀ ਮਰ ਜਾਂਦਾ ਹੈ, ਵੀ ਐਮ.ਐਲ.ਡਾਰਲਿੰਗ ਦੇ ਲਿਖੇ ਸ਼ਬਦ ਹਨ।3

ਪੰਜਾਬ ਦਾ ਕਿਸਾਨ ਅਤੇ ਖੇਤ ਮਜ਼ਦੂਰ ਇਸ ਸਮੇਂ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਕਿਸਾਨਾਂ ਦੀ ਦਸ਼ਾ ਨੂੰ ਤਾਂ ਥੋੜ੍ਹਾ-ਬਹੁਤ ਮੀਡੀਆ ਅਤੇ ਸਰਕਾਰਾਂ ਦੁਆਰਾ ਵਿਚਾਰਿਆ ਜਾਂਦਾ ਹੈ ਪਰ ਖੇਤ ਮਜ਼ਦੂਰ, ਕਿਸਾਨ ਔਰਤਾਂ ਅਤੇ ਮਜ਼ਦੂਰ ਔਰਤਾਂ ਰਾਸ਼ਟਰੀ ਮੀਡੀਆ ਅਤੇ ਸਰਕਾਰਾਂ ਦੀ ਪਹੁੰਚ ਤੋਂ ਬਹੁਤ ਦੂਰ ਨਜ਼ਰ ਆਉਂਦੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਕਿਸਾਨ ਔਰਤਾਂ ਅਤੇ ਖੇਤ ਮਜ਼ਦੂਰ ਔਰਤਾਂ ਦੁਆਰਾ ਖੁਦਕੁਸ਼ੀਆਂ ਦਾ ਸਿਲਸਿਲਾ ਵੀ ਸ਼ੁਰੂ ਹੋ ਚੁੱਕਾ ਹੈ। ਡਾ. ਸੁਖਪਾਲ ਸਿੰਘ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਦੀ ਇਕ ਰਿਪੋਰਟ ਅਨੁਸਾਰ ਪੰਜਾਬ ਵਿਚ 8% ਕਿਸਾਨ ਔਰਤਾਂ ਅਤੇ 17% ਖੇਤ ਮਜ਼ਦੂਰ ਔਰਤਾਂ ਦੁਆਰਾ ਆਤਮ-ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ। ਇਹ ਅੰਕੜੇ ਸਾਲ 2017 ਵਿਚ ਮਜ਼ਦੂਰਾਂ ਦੇ ਕਰਜ਼ੇ ਬਾਰੇ ਕੀਤੇ ਗਏ ਸਰਵੇਖਣ ਦੇ ਸਮੇਂ ਇਕੱਠੇ ਕੀਤੇ ਗਏ ਸਨ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਮਰਦਾਂ ਦੇ 46 ਪ੍ਰਤਿਸ਼ਤ ਦੇ ਮੁਕਾਬਲੇ

ਔਰਤ ਕਿਰਤੀਆਂ ਦਾ ਲਗਭਗ 69 ਪ੍ਰਤਿਸ਼ਤ ਸਵੈ-ਰੁਜ਼ਗਾਰ ਪ੍ਰਾਪਤ ਹੈ।4

ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਤੋਂ ਬਾਅਦ ਸੋਸ਼ਲ ਮੀਡੀਆ ਇਸ ਸਮੇਂ ਲੋਕਾਂ ਤੱਕ ਆਪਣੀ ਪਹੁੰਚ ਸਥਾਪਿਤ ਕਰਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਸ਼ੁਰੂ ਕੀਤੇ ਗਏ ਨਿਊਜ਼ ਚੈਨਲਾਂ ਨੂੰ ਦੇਖਣ ਵਾਲਿਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਪਰ ਫਿਰ ਵੀ ਇਸ ਦੀ ਪਹੁੰਚ ਸੀਮਤ ਹੁੰਦੀ ਹੈ ਕਿਉਂਕਿ ਹਾਲੇ ਤੱਕ ਭਾਰਤ ਦੇ ਕੁਝ ਇਲਾਕਿਆ 'ਚ ਇੰਟਰਨੈੱਟ ਦੀ ਪਹੁੰਚ ਨਹੀਂ ਹੈ। ਬੇਸ਼ੱਕ ਪੰਜਾਬ 'ਚ ਨੈੱਟਵਰਕ ਦੀ ਕੋਈ ਵੱਡੀ ਸਮੱਸਿਆ ਨਹੀਂ ਹੈ ਪਰ ਸੋਸ਼ਲ ਮੀਡੀਆ ਬਾਰੇ ਪੂਰੀ ਜਾਣਕਾਰੀ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਨਹੀਂ ਹੈ। ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਚੈਨਲ ਰਾਸ਼ਟਰੀ ਪੱਧਰ ਦੇ ਹਨ ਪਰ ਹਰ ਚੈਨਲ ਦੀ ਪਹੁੰਚ ਕਿਸਾਨ ਤੱਕ ਅਤੇ ਹਰ ਕਿਸਾਨ ਦੀ ਪਹੁੰਚ ਇਹਨਾਂ ਚੈਨਲਾਂ ਤੱਕ ਨਹੀਂ ਹੈ। ਜਿੰਨੀ ਕੁ ਪਹੁੰਚ ਸੋਸ਼ਲ ਮੀਡੀਆ ਦੀ ਹੈ ਉਹ ਉਸ ਨਾਲ ਵੀ ਰਾਸ਼ਟਰੀ ਮੀਡੀਆ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਪਰੰਪਰਾਗਤ ਮੀਡੀਆ 'ਚ ਕਿਸਾਨ ਅਤੇ ਕਿਸਾਨੀ ਨਾਲ ਸੰਬੰਧਿਤ ਮੁੱਦੇ ਹਾਸ਼ੀਆਕ੍ਰਿਤ ਹਨ ਪਰ ਸੋਸ਼ਲ ਮੀਡੀਆ 'ਤੇ ਕਿਸਾਨਾਂ ਦੀ ਹਾਲਤ ਚੰਗੀ ਹੈ। ਵਟਸਐਪ ਅਤੇ ਫੇਸਬੁੱਕ 'ਤੇ ਵੀ ਲੋਕਾਂ ਦੁਆਰਾ ਕਾਫੀ ਗਰੁੱਪ ਅਤੇ ਪੇਜ਼ ਅਜਿਹੇ ਬਣਾਏ ਗਏ ਹਨ ਜਿਨ੍ਹਾਂ ਰਾਹੀਂ ਕਿਸਾਨਾਂ ਦੁਆਰਾ ਕੀਤੇ ਜਾ ਰਹੇ ਸੰਘਰਸ਼ਾਂ ਦੀ ਜਾਣਕਾਰੀ ਨੂੰ ਸਾਂਝਾ ਕੀਤਾ ਜਾਂਦਾ ਹੈ ਤਾਂ ਜੋ ਦੇਸ਼ ਦੇ ਹੋਰਨਾਂ ਕਿਸਾਨਾਂ ਨੂੰ ਵੀ ਸੰਘਰਸ਼ ਲਈ ਲਾਮਬੱਧ ਕੀਤਾ ਜਾ ਸਕੇ। ਪੰਜਾਬ ਦੇ ਕੁਝ ਖੇਤਰੀ ਯੂ-ਟਿਊਬ ਚੈਨਲਾਂ ਨੇ ਕਿਸਾਨਾਂ ਦੇ ਦਰਦ ਨੂੰ ਪੇਸ਼ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਹੈ।'ਪੰਜਆਬ' ਨਾਂ ਦੇ ਯੂ-ਟਿਊਬ ਚੈਨਲ ਦੁਆਰਾ ਇਕ ਪ੍ਰੋਗਰਾਮ ਸਿਰਫ਼ ਕਿਸਾਨਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਖ਼ੁਦਕੁਸ਼ੀਆਂ ਤੋਂ ਬਾਅਦ ਉਹਨਾਂ ਦੇ ਪਰਿਵਾਰਾਂ ਦੀ ਦਸ਼ਾ ਨੂੰ ਬਿਆਨ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਇਹ ਪ੍ਰੋਗਰਾਮ 'ਜੱਟਾ ਤੇਰੀ ਜੂਨ ਬੁਰੀ' ਨਾਂ ਅਧੀਨ ਪੇਸ਼ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਪ੍ਰੋ ਪੰਜਾਬ, ਪ੍ਰਾਇਮ ਏਸ਼ੀਆ, ਵਰਡ ਪੰਜਾਬੀ ਟੀ.ਵੀ. ਸਮੇਤ ਪੰਜਾਬੀ ਦੇ ਅਨੇਕਾਂ ਯੂ-ਟਿਊਬ ਚੈਨਲ ਹਨ ਜਿਨ੍ਹਾਂ ਰਾਹੀਂ ਇਸ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਇਹਨਾਂ ਚੈਨਲਾਂ ਦੁਆਰਾ ਇਕ ਨਵੀਂ ਪਹਿਲ ਕੀਤੀ ਗਈ ਹੈ ਜਿਸ ਦੇ ਅਧੀਨ ਇਹ ਉਹਨਾਂ ਔਰਤਾਂ ਜਾਂ ਕੁੜੀਆਂ ਦੀ ਇੰਟਰਵਿਊ ਕਰਦੇ ਹਨ ਜਿਨ੍ਹਾਂ ਦੇ ਘਰਾਂ 'ਚ ਮਰਦ ਗਰੀਬੀ ਅਤੇ ਕਰਜ਼ੇ ਦੀ ਜੰਗ ਹਾਰਨ ਤੋਂ ਬਾਅਦ ਖੁਦਕੁਸ਼ੀ ਕਰ ਲੈਂਦੇ ਹਨ ਅਤੇ ਬਾਅਦ ਵਿਚ ਘਰ ਅਤੇ ਖੇਤ ਦੀ ਜ਼ਿੰਮੇਵਾਰੀ ਇਹਨਾਂ ਔਰਤਾਂ ਦੁਆਰਾ ਚੁੱਕੀ ਜਾਂਦੀ ਹੈ।

ਅਜੋਕੇ ਭਾਰਤ 'ਚ ਕਿਸਾਨਾਂ ਦੁਆਰਾ ਆਪਣਾ ਯੂ-ਟੀਊਬ ਚੈਨਲ 'ਕਿਸਾਨ ਏਕਤਾ ਮੋਰਚਾ', 'ਕਿਸਾਨ ਮੋਰਚਾ' ਅਤੇ ਅਖ਼ਬਾਰ 'ਟਰਾਲੀ ਟਾਈਮਜ਼' ਸ਼ੁਰੂ ਕਰਨਾ ਸਾਡੇ ਰਾਸ਼ਟਰੀ ਮੀਡੀਆ ਦੀ ਸਥਿਤੀ 'ਤੇ ਸਵਾਲ ਖੜ੍ਹੇ ਕਰਦਾ ਹੈ। ਦਰਅਸਲ ਇਸ ਸਮੇਂ ਮੀਡੀਆ ਕੇਵਲ ਰਾਜਨੀਤੀਵਾਨਾਂ ਅਤੇ ਕੁਝ-ਕੁ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਅੱਜ-ਕੱਲ੍ਹ ਮੀਡੀਆ ਦੀ ਵਰਤੋਂ ਲੋਕਾਂ ਦੇ ਮਸਲਿਆਂ ਨੂੰ ਉਜਾਗਰ ਕਰਨ ਲਈ ਨਹੀਂ ਹੁੰਦੀ ਬਲਕਿ ਲੋਕਾਂ ਦਾ ਧਿਆਨ ਸਮੱਸਿਆਵਾਂ ਤੋਂ ਲਾਂਭੇ ਕਰਨ ਲਈ ਕੀਤੀ ਜਾਣ ਲੱਗ ਪਈ ਹੈ। ਦੇਸ਼ 'ਚ ਕਿਸਾਨ, ਖੇਤ ਮਜ਼ਦੂਰ, ਛੋਟੇ ਵਪਾਰੀਆਂ ਅਤੇ ਬੇਰੁਜ਼ਗਾਰਾਂ ਦੀ ਸਥਿਤੀ ਕੀ ਹੈ? ਕਿਉਂ ਹੈ? ਕਦੋਂ ਤੱਕ ਇਸ ਤਰ੍ਹਾਂ ਰਹੇਗਾ? ਸਰਕਾਰੀ ਨੀਤੀਆਂ ਕਿਉਂ ਨਹੀਂ ਸਫ਼ਲ ਹੋ ਸਕੀਆਂ? ਆਦਿ ਬਾਰੇ ਮੀਡੀਆ ਕਦੇ ਵੀ ਸਵਾਲ ਨਹੀਂ ਪੁੱਛਦਾ ਹੈ। ਮੀਡੀਆ ਸਿਰਫ਼ ਉਸ ਖੇਤਰ ਨੂੰ ਜ਼ਿਆਦਾ ਫਰੋਲਣ 'ਚ ਵਿਸ਼ਵਾਸ ਰੱਖਦਾ ਹੈ ਜਿੱਥੋਂ ਉਸ ਚੈਨਲ ਦੀ ਟੀ.ਆਰ.ਪੀ 'ਚ ਵਾਧਾ ਹੋ ਸਕੇ ਜਾਂ ਫਿਰ ਆਰਥਿਕ ਤੌਰ 'ਤੇ ਵੱਡੀ ਮਾਤਰਾ 'ਚ ਨਫ਼ਾ ਪ੍ਰਾਪਤ ਹੋ ਸਕੇ ਅਤੇ ਲੋਕਾਂ ਨੂੰ ਭਾਵੁਕ ਕਰਕੇ ਅਸਲ ਮੁੱਦਿਆਂ ਤੋਂ ਪਾਸੇ ਰੱਖਿਆ ਜਾ ਸਕੇ। ਅੱਜ ਇਸ ਤਰ੍ਹਾਂ ਦੇ ਹਾਲਾਤ ਬਨਣ ਤੋਂ ਬਾਅਦ ਦੇਸ਼ ਦਾ ਕਿਸਾਨ ਜਿੱਥੇ ਸਰਕਾਰਾਂ ਤੋਂ ਆਪਣੇ ਹੱਕਾਂ ਦੀ ਮੰਗ ਕਰਨ ਲਈ ਸੰਘਰਸ਼ ਕਰ ਰਿਹਾ ਹੈ ਉਥੇ ਹੀ ਉਹ ਰਾਸ਼ਟਰੀ ਮੀਡੀਆ ਦੁਆਰਾ ਫੈਲਾਏ ਜਾ ਰਹੇ ਪ੍ਰੋਪੇਗੰਡੇ ਨੂੰ ਵੀ ਮਾਤ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਆਪਣੇ ਹੱਕਾ ਲਈ ਆਵਾਜ਼ ਉਠਾ ਰਿਹਾ ਕਿਸਾਨ ਸਰਕਾਰ ਦੇ ਨਾਲ-ਨਾਲ ਸਰਕਾਰਪ੍ਰਸਤ ਅਤੇ ਵਪਾਰ-ਪ੍ਰਸਤ ਰਾਸ਼ਟਰੀ ਮੀਡੀਆ ਨਾਲ ਦੂਹਰੀ ਲੜਾਈ ਲੜ ਰਿਹਾ ਹੈ।

**ਹਵਾਲੇ ਅਤੇ ਟਿੱਪਣੀਆਂ**


1) https://yourstory.com/2017/06/p-sainath-indian-media

2) ਸੁਖਦੇਵ ਸਿੰਘ (ਡਾ.)ਪੰਜਾਬੀ ਸਮਾਜ ਅਤੇ ਬਦਲਾਅ, ਖੇਤੀ ਵਿਕਾਸ ਲਈ ਅਨਿਵਾਰੀ ਹੈ ਕੇਂਦਰ ਸਰਕਾਰ ਦੀ ਯੋਗ ਸਹਾਇਤਾ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2017, ਪੰਨਾ ਨੰ. 137

3) ਸੁਖਦੇਵ ਸਿੰਘ (ਡਾ.) ਪੰਜਾਬੀ ਸਮਾਜ ਅਤੇ ਬਦਲਾਅ, ਕਿਸਾਨਾਂ ਵਿੱਚ ਆਤਮ-ਹੱਤਿਆਵਾਂ: ਕਾਰਨ ਤੇ ਪਰਭਾਵ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2017, ਪੰਨਾ ਨੰ.140

4) ਜਸਬੀਰ ਕੌਰ (ਡਾ.) (ਸੰਪਾਦਕ), ਪੰਜਾਬੀ ਭਾਸ਼ਾ ਸਾਹਿਤ ਅਤੇ ਸਮਾਜ ਦਾ ਵਿਸ਼ਵੀ ਰੂਪ, ਪੰਜਾਬ ਵਿਚ ਔਰਤ ਕਿਰਤੀਆਂ ਦੀ ਦਸ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2015, ਪੰਨਾ ਨੰ: 71



**ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।**

## ਗਾਵਾਂ ਤੇ ਕੁੱਤੇ / ਮਲਵਿੰਦਰ



ਕੁੱਤੇ ਗਲ਼ੀ ਦੇ ਵਿਚਕਾਰ ਤੇ
ਗਾਵਾਂ ਵਗਦੀ ਸੜਕ ਦੇ ਐਨ ਵਿਚਕਾਰ
ਕਿਉਂ ਆਰਾਮ ਕਰਦੀਆਂ ਹਨ?

ਅਸੀਂ ਕੁੱਤਿਆਂ ਨੂੰ
ਪਿਆਰ ਵੀ ਕਰਦੇ ਹਾਂ ਨਫ਼ਰਤ ਵੀ
ਇੰਝ ਹੀ ਗਾਵਾਂ ਨੂੰ
ਕਾਰਾਂ 'ਚ ਘੁੰਮਦੇ ਕੁੱਤਿਆਂ ਤੇ
ਗਲ਼ੀਆਂ 'ਚ ਅਵਾਰਾ
ਭਟਕਦੇ ਕੁੱਤਿਆਂ ਦੀ
ਵੱਖੋ-ਵੱਖਰੀ ਹੈ ਦੁਨੀਆਂ

ਇੰਝ ਹੀ ਖੁਰਲੀ 'ਤੇ ਬੱਝੀਆਂ ਗਾਵਾਂ ਤੇ
ਰੂੜੀਆਂ 'ਤੇ ਚਰਦੀਆਂ ਗਾਵਾਂ ਦੀ

ਕੁੱਤਿਆਂ ਗਾਵਾਂ ਵਾਂਗ ਹੀ
ਸੁਖ-ਸਹੂਲਤਾਂ ਬਦਲਦਿਆਂ ਹੀ
ਬਦਲ ਜਾਂਦੀ ਦੁਨੀਆਂ ਮਨੁੱਖ ਦੀ
ਤੇ ਹੋਰ ਕਿ
ਮਹੱਤਵਪੂਰਨ ਨਹੀਂ ਰਹੀਆਂ ਹੁਣ
ਦੁੱਧ ਦਿੰਦੀਆਂ ਗਾਵਾਂ
ਵਧੇਰੇ ਮਹੱਤਵਪੂਰਨ ਹੋ ਗਈਆਂ ਹਨ
ਅਵਾਰਾ ਘੁੰਮਦੀਆਂ
ਸਮਕਾਲੀ ਲੋਕਤੰਤਰ ਦੇ ਐਨ ਮੇਚ
ਆਉਂਦੀਆਂ

ਹੋਰ ਵੀ ਬੜਾ ਕੁਝ ਅਣਗੌਲਿਆ ਜਿਹਾ
ਮਹੱਤਵਪੂਰਨ ਹੈ ਹੋ ਗਿਆ
ਮਨੁੱਖ ਅੰਦਰ ਜਾਗ ਪਿਆ ਹੈ ਧਰਮ
ਮਰ ਗਿਆ ਹੈ ਮਨੁੱਖ
ਪਰ ਰੂੜੀਆਂ 'ਚੋਂ ਸੁਪਨੇ
ਫਰੋਲਦੇ ਬੱਚਿਆਂ ਨੂੰ
ਸਮਝ ਨਹੀਂ ਆਈ
ਰਾਜਨੀਤੀ ਗਾਵਾਂ ਦੀ
ਨਾ ਮਾਨਸਿਕਤਾ ਗਲ਼ੀ ਦੇ ਵਿਚਕਾਰ
ਆਰਾਮ ਕਰਦੇ ਕੁੱਤੇ ਦੀ...

## ਗੁਬਾਰੇ ਵੇਚਦਾ ਮੁੰਡਾ / ਨਵਦੀਪ ਮੁੰਡੀ

ਗੁਬਾਰੇ ਵੇਚਦਾ ਮੁੰਡਾ
ਪੈਲੇਸ ਦੇ ਬਾਹਰ ਖੜ੍ਹਾ
ਬੜੀ ਲਾਲਸਾ ਨਾਲ ਦੇਖਦਾ
ਵਿਆਹ ਵਿੱਚ ਲੱਗੀਆਂ ਸਟਾਲਾਂ
ਤੇ ਤੱਕਦੇ ਭਾਂਤ-ਭਾਂਤ ਦੇ ਖਾਣਿਆ ਵੱਲ
ਉਸ ਦਾ ਵੀ ਚਿੱਤ ਕਰਦੈ
ਖਾਣ ਦੇ ਲਈ ਲਜ਼ੀਜ਼ ਖਾਣਾ
--
ਮੇਰੀ ਬੇਟੀ ਦੇਖਦੀ ਉਸ ਨੂੰ
ਭਰਦੀ ਹੈ, ਹਉਕਾ



ਤੇ ਆਪਣੇ ਖਾਣੇ ਲਈ ਭਰੀ ਪਲੇਟ
ਫੜ੍ਹਾ ਕੇ ਮੈਨੂੰ ਕਹਿੰਦੀ ਹੈ
ਦੇ ਆਓ ਪਾਪਾ
ਖਾਣਾ ਉਸ ਮੁੰਡੇ ਨੂੰ
--
ਮੈਂ ਤ੍ਰਭਕ ਜਾਂਦਾ ਹਾਂ
ਮੈਂ ਆਪ ਮਹਿਮਾਨ ਹਾਂ ਵਿਆਹ ਚ
ਬੇਟੀ ਉਦਾਸ ਹੋ ਜਾਂਦੀ ਹੈ
ਇੱਕ ਬਾਪ ਕਿੱਥੇ ਦੇਖ ਸਕਦਾ ਹੈ ਬੇਟੀ
ਨੂੰ ਉਦਾਸ
--
ਮੈਂ ਗੁਬਾਰਾ ਲੈਣ ਦੇ ਪੱਜ
ਮੁੰਡੇ ਨੂੰ ਦੇ ਆਉਂਦਾ ਹਾਂ ਕੁਝ ਪੈਸੇ
ਮੇਰੀ ਬੇਟੀ ਹੋ ਜਾਂਦੀ ਹੈ ਖੁਸ਼
--
ਮੈ ਸੋਚਦਾਂ
ਮੁੰਡੇ ਦੇ ਬਾਪ ਨੇ ਕਿਵੇਂ ਤੋਰਿਆ
ਹੋਵੇਗਾ ਪੜ੍ਹਨ ਦੀ ਉਮਰੇ
ਗੁਬਾਰੇ ਵੇਚਣ
ਮੈਂ ਫਿਰ ਉਦਾਸ ਹੋ ਜਾਂਦਾ ਹਾਂ।

## ਪੰਜਾਬੀ ਮੁੰਡੇ / ਸੁਰਿੰਦਰ ਮਕਸੂਦਪੁਰੀ

ਰੁਲ ਗਏ ਪੰਜਾਬੀ ਮੁੰਡੇ
ਪਰਦੇਸੀਂ ਪਰਵਾਸ ਹੰਢਾਉਂਦੇ
ਦਿਨ ਰਾਤ ਕਮਾਈਆਂ ਕਰਦੇ
ਢਲ ਗਈ ਜਵਾਨੀ ਠਾਠਾਂ ਮਾਰਦੀ
ਪਰਾਈ ਧਰਤ ਤੇ
ਪੱਕੇ ਹੋਣ ਦੀ ਤਾਕ ਵਿਚ

ਬੱਲੇ ਬੱਲੇ, ਵਾਹ ਵਾਹ ਖੱਟ ਲਈ
ਡਾਲਰ / ਪੌਂਡ ਕੱਠੇ ਕਰ ਲਏ
ਘਰ ਵਸਾ ਲਏ ਆਰਜੀ
ਸੱਤ ਸਮੁੰਦਰੋਂ ਪਾਰ

ਕਈਆਂ ਨੇ ਗੁਆ ਲਿਆ
ਮਾਂ ਪਿਉ ਦਾ ਸਾਇਆ ਸਿਰ ਤੋਂ
ਕਈਆਂ ਨੇ ਘਰ ਗੁਆ ਲਿਆ
ਸੱਜਰਾ ਸੁਹਾਗ ਘਰ ਦਾ
ਤਾਂਘਦੇ ਹੁਣ ਵਿਚਾਰੇ
ਆਪਣੇ ਵਤਨ ਦੀ ਪਰਵਾਜ਼ ਨੂੰ

ਸੁਪਨਿਆਂ 'ਚੋਂ ਲਭ ਰਹੇ ਨੇ
ਪਿੰਡ ਦੀਆਂ ਪਗਡੰਡੀਆਂ
ਰੁੰਡ ਮਰੁੰਡੇ ਰੁੱਖਾਂ ਦੇ ਕੋਲੋਂ
ਭਾਲਣ ਠੰਡੀਆਂ ਛਾਵਾਂ.....



## ਪਰਿੰਦੇ ਤੇ ਦਰਖਤ / ਵਿਨੋਦ ਪਦਰਜ



ਮੈਨੂੰ ਪਰਿੰਦਿਆਂ ਦੀ ਚਹਿਚਹਾਟ
ਬਹੁਤ ਪਿਆਰੀ ਸੀ
ਤਾਂ ਮੈਂ ਇੱਕ ਵੱਡਾ ਸਾਰਾ
ਪਿੰਜਰਾ ਬਣਵਾਇਆ
ਜਿਸਨੂੰ ਹਰਾ ਰੰਗ ਕਰਵਾਇਆ
ਦਾਣਾ ਪਾਣੀ ਲਈ

ਸੁੰਦਰ ਕਟੋਰੀਆਂ ਲਿਆਇਆ
ਫੇਰ ਰੰਗ ਬਰੰਗੇ ਪਰਿੰਦੇ
ਖਰੀਦੇ ਇਕ ਤੋ ਇਕ
ਇਸ ਤਰਾਂ ਮੈਂ ਆਪਣੇ ਘਰ ਦੀ

ਬਾਲਕੋਨੀ ਵਿਚ ਹੀ
ਪੰਛੀਆਂ ਦਾ ਇਕ
ਸੰਸਾਰ ਬਣਾਇਆ
ਉਨ੍ਹਾਂ ਦਾ ਰੌਲਾ
ਮੈਨੂੰ ਬਹੁਤ ਸਕੂਨ ਦਿੰਦਾ ਸੀ

ਪਰਿੰਦਿਆਂ ਦੀ ਚਹਿਚਿਹਾਟ
ਉਸਨੂੰ ਵੀ ਬਹੁਤ ਪਿਆਰੀ ਸੀ
ਉਸਨੂੰ ਵੀ ਇਹ ਰੌਲਾ
ਅਲੌਕਿਕ ਸੰਗੀਤ ਲਗਦਾ ਸੀ
ਪਰ ਉਸਨੇ ਪਰਿੰਦੇ ਨਹੀਂ ਖਰੀਦੇ
ਪਿੰਜਰਾ ਨਹੀਂ ਬਣਵਾਇਆ
ਬਸ ਆਪਣੇ ਘਰ ਦੇ ਵਿਹੜੇ ਵਿਚ
ਇਕ ਦਰਖਤ ਲਗਾਇਆ.......

## ਪਿਆਰ ਦੇ ਝੁਰੜੀਆਂ ਨਹੀਂ ਪੈਂਦੀਆਂ / ਦੇਵੇਸ਼ ਪਥ ਸਰੀਆ

ਬੁੱਢੀ ਨੇ ਗੋਦ ਵਿਚ ਰਖਿਆ
ਬੁੱਢੇ ਦਾ ਸਿਰ
ਤੇ ਮਾਲਿਸ਼ ਕਰਨ ਲੱਗੀ
ਸਿਰ ਦੇ ਉਸ ਹਿੱਸੇ ਵਿਚ ਵੀ ਜਿਥੇ
ਵਰ੍ਹਿਆਂ ਪਹਿਲਾਂ
ਵਿਦਾ ਹੋ ਚੁੱਕੇ ਸੀ ਵਾਲ



ਦੋਹਾਂ ਨੂੰ ਯਾਦ ਆਇਆ
ਕਿ ਸ਼ੈਤਾਨ ਜੁਆਕ
ਟਕਲਾ ਕਹਿੰਦੇ ਸਨ ਬੁੱਢੇ ਨੂੰ
ਤੇ ਮਨ ਹੀ ਮਨ ਠੋਲਾ
ਮਾਰਨਾ ਚਾਹੁੰਦੇ ਸਨ
ਉਸਦੇ ਗੰਜੇ ਸਿਰ ਤੇ

ਦੋਵੇਂ ਹੱਸੇ ਆਪਣੇ ਬਚੇ ਹੋਏ ਦੰਦ
ਦਿਖਾਉਂਦਿਆਂ
ਬੁੱਢੀ ਨੇ ਹੱਸਦੇ ਹੋਏ
ਟਿਕਾਉਣਾ ਚਾਹਿਆ
( ਜਿੰਨਾ ਕੁ ਉਹ ਝੁਕ ਸਕੀ )
ਝੁਰੜੀਆਂ ਭਰੀ ਆਪਣੀ ਗੱਲ੍ਹ
ਬੁੱਢੇ ਦੇ ਮੱਥੇ ਤੇ

ਬੈਲਗੱਡੀ ਦੇ ਇਕ
ਬਹੁਤ ਪੁਰਾਣੇ ਪਹੀਏ ਨੇ
ਯਾਦਾਸ਼ਤ ਸੰਭਾਲਦੇ ਹੋਏ
ਬੜੇ ਮਾਣ ਨਾਲ ਦੱਸਿਆ
‘ ਮੈਂ ਹੀ ਲੈ ਕੇ ਆਇਆ ਸੀ
ਇਨ੍ਹਾਂ ਦੀ ਬਾਰਾਤ...’

## ਜ਼ਿੰਦਗੀ ਨੂੰ ਹੱਸਦੇ ਹੋਏ ਦੇਖਿਆ ਹੈ / ਦੀਪਾ ਕੰਡਪਾਲ



ਮੈਂ ਜ਼ਿੰਦਗੀ ਨੂੰ ਹੱਸਦੇ ਹੋਏ
ਦੇਖਿਆ ਹੈ
ਕਦੇ ਬਚਪਨ ਦੀਆਂ
ਸਿਮਰਤੀਆਂ ਵਿਚ
ਕਦੇ ਜਵਾਨੀ ਦੇ ਦੌਰ ਵਿਚ
ਕਦੇ ਹੰਝੂਆਂ ਵਿਚ
ਮੁਸਕਰਾਉਂਦੇ
ਕਦੇ ਹਾਸੇ ਵਿਚ
ਹੰਝੂ ਵਹਾਉਂਦੇ
ਕਦੇ ਖੁਸ਼ੀਆਂ ਦੀ ਛਾਵੇਂ
ਕਦੇ ਦੁਖਾਂ ਦੀਆਂ
ਆਹਾਂ ਵਿਚ
ਕਦੇ ਖਾਬਾਂ ਵਿਚ
ਕਦੇ ਖਿਆਲਾਂ ਵਿਚ
ਕਦੇ ਹਕੀਕਤ ਵਿਚ
ਕਦੇ ਸਵਾਲਾਂ ਵਿਚ
ਕਦੇ ਦੂਰ ਤੋਂ ਕਦੇ ਨੇੜਿਓਂ
ਕਦੇ ਟੁੱਟੀ ਹੋਈ ਆਸ ਨਾਲ
ਕਦੇ ਅਨਬੁਝੀ ਪਿਆਸ ਨਾਲ
ਕਦੇ ਸ਼ੌਕ ਨਾਲ ਕਦੇ ਅੰਦਾਜ਼ ਨਾਲ
ਕਦੇ ਸੁਪਨਿਆਂ ਦੇ ਜਾਲ ਵਿਚ
ਕਦੇ ਬੁਰੇ ਹਾਲ ਵਿਚ
ਕਦੇ ਮਲਾਲ ਵਿਚ
ਕਦੇ ਖਿਆਲ ਵਿਚ
ਮੈਂ ਜਿੰਦਗੀ ਨੂੰ
ਹੱਸਦੇ ਹੋਏ ਦੇਖਿਆ ਹੈ..।

## ਬਲਦੇਵ ਸਿੰਘ ਰਚਿਤ ਨਾਵਲ 'ਮਹਾਂਬਲੀ ਸੂਰਾ': ਇਕ ਅਧਿਐਨ / ਸੰਦੀਪ ਕੌਰ

1990 ਤੋਂ ਬਾਅਦ ਦੇ ਨਾਵਲ ਵਿਚ ਬਲਦੇਵ ਸਿੰਘ ਇਕ ਸਥਾਪਿਤ ਨਾਵਲਕਾਰ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਹੈ। ਉਸ ਨੇ ਜਿੱਥੇ ਸਮਾਜਿਕ ਯਥਾਰਥ ਦੇ ਵਿਭਿੰਨ ਪਾਸਾਰਾਂ ਨਾਲ ਸੰਬੰਧਿਤ ਵਿਸ਼ਿਆਂ ਨੂੰ ਆਪਣੇ ਨਾਵਲਾਂ ਦੀ ਕੇਂਦਰੀ ਵਸਤ ਵਜੋਂ ਚੁਣਿਆ ਹੈ, ਉਥੇ ਉਸ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਸ ਗੱਲ 'ਚ ਹੈ ਕਿ ਉਸ ਨੇ ਪੰਜਾਬੀ ਨਾਵਲ ਵਿਚ ਇਤਿਹਾਸ ਵਿਚੋਂ ਚੋਣ ਕਰਕੇ ਇਕ ਵੱਖਰੀ ਤਰ੍ਹਾਂ ਦੇ ਨਾਇਕ ਨੂੰ ਆਪਣੇ ਨਾਵਲਾਂ ਦੀ ਅਗਰਭੂਮੀ ਵਿਚ ਲਿਆਂਦਾ ਹੈ। 1990 ਤੋਂ ਬਾਅਦ ਉਦਾਰਵਾਦੀ ਅਤੇ ਨਿੱਜਵਾਦੀ ਆਰਥਿਕਤਾ ਦੇ ਵਿਸ਼ਵ ਵਿਆਪੀ ਪਾਸਾਰ ਦੇ ਸਿੱਟੇ ਵਜੋਂ ਜਿਸ ਤਰ੍ਹਾਂ ਦਾ ਸਭਿਆਚਾਰਕ ਪ੍ਰਭਾਵ ਸਾਧਾਰਨ ਮਨੁੱਖ ਨੂੰ ਆਪਣੇ ਕਲਾਵੇ 'ਚ ਲੈ ਕੇ ਉਸ ਦੇ ਸ਼ੋਸ਼ਣ ਦਾ ਆਧਾਰ ਬਣਾ ਹੈ, ਜਿਸ ਵਿਚ ਇਹ ਸਾਧਾਰਨ ਬੰਦਾ ਖਪਤ ਸਭਿਆਚਾਰ ਦੀ ਖਪਤ ਮੰਡੀ ਵਿਚ, ਖਪਤੀ ਹੋਇਆ ਭਟਕ ਰਿਹਾ ਹੈ, ਬਲਦੇਵ ਸਿੰਘ ਨੇ ਆਪਣੇ ਨਾਵਲਾਂ ਵਿਚ ਅਜਿਹੀ ਜੜ੍ਹ ਬਣ ਰਹੀ ਸਥਿਤੀ ਨੂੰ ਤੋੜਨ ਲਈ ਇਤਿਹਾਸ ਆਧਾਰਿਤ ਅਜਿਹੇ ਮਹਾਂਕਾਵਿਕ ਬਿਰਤਾਂਤਾਂ ਦੀ ਸਿਰਜਣਾ ਕੀਤੀ ਹੈ ਜਿਹਨਾਂ ਦੀ ਇਤਿਹਾਸਕ ਮਹੱਤਤਾ ਦੇ ਨਾਲ-ਨਾਲ ਸਮਕਾਲ ਵਿਚ ਵੀ ਉਹਨਾਂ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਬਲਦੇਵ ਸਿੰਘ ਦੇ ਮਹਾਂਕਾਵਿਕ ਬਿਰਤਾਂਤ 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਮਹਾਂਬਲੀ ਸੂਰਾ' ਪੰਜਾਬ ਦੇ ਅਜਿਹੇ ਮਹਾਂਨਾਇਕਾਂ ਦੀ ਪੇਸ਼ਕਾਰੀ ਕਰਦੇ ਹਨ, ਜਿਹਨਾਂ ਨੇ ਵੇਲੇ ਦੀ ਹਕੂਮਤ ਨਾਲ ਆਪਣੇ ਸੰਘਰਸ਼ ਦੌਰਾਨ ਆਪਣੀ ਜਾਨ ਦੀ ਆਹੂਤੀ ਤਾਂ ਦੇ ਦਿੱਤੀ ਪਰ ਆਪਣੇ ਬਚਾਉ ਲਈ ਕਦੇ ਵੀ ਹਕੂਮਤ ਅੱਗੇ ਨਹੀਂ ਝੁਕੇ। ਬਲਦੇਵ ਸਿੰਘ ਰਚਿਤ 'ਮਹਾਂਬਲੀ ਸੂਰਾ' ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਮਹਾਨ ਯੋਧੇ ਬੰਦਾ ਸਿੰਘ ਬਹਾਦਰ ਦੀ ਸੰਘਰਸ਼ਮਈ ਜੀਵਨ-ਗਾਥਾ ਦਾ ਗਲਪੀ ਬਿਰਤਾਂਤ ਸਿਰਜਿਆ ਗਿਆ। ਇਹ ਉਹ ਜੁਝਾਰੂ ਯੋਧਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ ਤੇ ਆਪਣਾ ਬੈਰਾਗੀ ਜੀਵਨ ਤਿਆਗ ਕੇ ਪੰਜਾਬ ਨੂੰ ਤੁਰ ਪਿਆ ਅਤੇ ਉਸ ਨੇ ਮੁਗਲ ਸਾਮਰਾਜ ਨਾਲ ਟੱਕਰ ਲੈਂਦਿਆਂ ਸਰਹਿੰਦ ਅਤੇ ਪੰਜਾਬ ਦੇ ਹੋਰ ਭਾਗਾਂ ਤੇ ਜਿੱਤ ਪ੍ਰਾਪਤ ਕਰਕੇ ਸਿੱਖ ਕੌਮ ਦੀ ਤਕਦੀਰ ਤੇ ਤਸਵੀਰ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ। ਅਜਿਹਾ ਕਰਕੇ ਉਸ ਨੇ ਗੁਰੂ ਪ੍ਰਤੀ ਆਪਣੀ ਸੱਚੀ ਸ਼ਰਧਾ, ਸਨੇਹ ਅਤੇ ਸਮਰਪਣ ਦਾ ਸਬੂਤ ਦਿੱਤਾ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਜਿਹੇ ਜੁਝਾਰੂ, ਬਹਾਦਰ ਅਤੇ ਨਵੇਂ ਇਤਿਹਾਸ ਦੀ ਸਿਰਜਣਾ ਕਰਨ ਵਾਲੇ ਯੋਧੇ ਦਾ ਮੁੱਲ ਨਹੀਂ ਪਾਇਆ ਅਤੇ ਸਿੱਖ ਧਰਮ ਲਈ ਕੀਤੀ ਕੁਰਬਾਨੀ ਨੂੰ ਅਣਗੌਲਿਆ ਕੀਤਾ ਗਿਆ। ਇਸ ਦਾ ਕਾਰਨ ਸਾਮਰਾਜ ਜਾਂ ਸੱਤਾ ਵੱਲੋਂ ਆਪਣੇ ਮੁਨਾਫੇ ਹਿਤ ਇਤਿਹਾਸ ਦੀ ਸਿਰਜਣਾ ਕਰਾਉਣਾ ਹੈ, ਜਿਸ ਵਿਚੋਂ ਅਜਿਹੀਆਂ ਲੋਕ ਸ਼ਕਤੀ ਦੀਆਂ ਪ੍ਰਤੀਕ ਸਖ਼ਸ਼ੀਅਤਾਂ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ ਜਾਂ ਉਹਨਾਂ ਦੇ ਰੂਪ ਨੂੰ ਵਿਗਾੜ ਕੇ ਪੇਸ਼ ਕੀਤਾ ਜਾਂਦਾ ਹੈ ਜਿਹਨਾਂ ਤੋਂ ਸੱਤਾ ਨੂੰ ਭੈਅ ਹੁੰਦਾ ਹੈ "ਇਤਿਹਾਸ ਦਾ ਸਿਆਸੀਕਰਨ ਹੁੰਦਾ ਰਿਹਾ ਹੈ ਅਤੇ ਅੱਜ ਵੀ ਹੋ ਰਿਹਾ ਹੈ। ਸ਼ਾਸ਼ਕ ਵਰਗ ਆਪਣੀ ਸੱਤਾ ਨੂੰ ਕਾਇਮ ਰੱਖਣ ਦੀ ਖਾਤਰ ਇਤਿਹਾਸ ਨੂੰ ਮਿਥਿਹਾਸ ਅਤੇ ਮਿਥਿਹਾਸ ਨੂੰ ਅਪਹਾਸ ਬਣਾਉਂਦੇ ਰਹਿੰਦੇ ਹਨ।"1 ਨਾਵਲ 'ਮਹਾਂਬਲੀ ਸੂਰਾ' ਦੀ ਸਿਰਜਣਾ ਕਰਨ ਪਿੱਛੇ ਨਾਵਲਕਾਰ ਦਾ ਮਨੋਰਥ ਸਿੱਖ ਸ਼ਹੀਦਾਂ ਦੇ ਾਕਾਸ਼ ਮੰਡਲ ਵਿਚ ਅਲੋਪ ਹੋਏ ਇਸ ਪਾਤਰ ਦੀ ਅਦੁੱਤੀ ਕੁਰਬਾਨੀ ਤੋਂ ਸਮੁੱਚੀ ਲੋਕਾਈ ਨੂੰ ਜਾਣੂ ਕਰਵਾ ਕੇ ਇਸ ਪਾਤਰ ਨਾਲ ਨਿਆਂ ਕਰਨਾ ਹੈ। ਇਥੇ ਇਕ ਹੋਰ ਨੁਕਤਾ ਧਿਆਨਦੇਣ ਯੋਗ ਇਹ ਹੈ ਕਿ ਨਾਵਲਕਾਰ ਨੇ ਇਥੇ ਕੇਵਲ ਇਤਿਹਾਸਕ-ਬਿਰਤਾਂਤ ਦਾ ਪੁਨਰ-ਉਤਪਾਦਨ ਨਹੀਂ ਕੀਤਾ ਸਗੋਂ ਨਾਵਲਕਾਰ ਨੇ ਇਤਿਹਾਸ ਦੀ ਨਵੇਂ ਸਿਰਿਉਂ ਪੜਚੋਲ ਕਰਕੇ ਉਸ ਦੀਆਂ ਲੁਪਤ ਪਰਤਾਂ ਨੂੰ ਨਾਵਲ ਵਿੱਚ ਉਭਾਰਿਆ ਹੈ। ਬੰਦਾ ਸਿੰਘ ਬਹਾਦਰ ਬਾਰੇ ਬਹੁਤੀਆਂ ਮਨਘੜਤ ਕਹਾਣੀਆਂ ਜਾਂ ਮਿੱਥਾਂ ਹਨ। ਇਸਲਾਮੀ ਸੱਤਾ ਨਾਲ ਜੁੜੇ ਇਤਿਹਾਸਕਾਰਾਂ ਨੇ ਉਸ ਦੇ ਮਾਨਵਵਾਦੀ, ਕ੍ਰਾਂਤੀਕਾਰੀ ਅਤੇ ਬੀਰ ਯੋਧੇ ਦੇ ਬਿੰਬ ਨੂੰ ਵਿਗਾੜ ਕੇ ਉਸ ਨੂੰ ਇਕ ਵਹਿਸ਼ੀ, ਜ਼ਾਲਮ ਅਤੇ ਨਿਰਦਈ ਬੰਦੇ ਦੇ ਰੂਪ ਵਿਚ ਪੇਸ਼ ਕੀਤਾ ਪਰ ਲੇਖਕ ਉਸ ਦੇ ਵਾਸਤਵਿਕ ਬਿੰਬ ਨੂੰ ਪੇਸ਼ ਕਰਨ ਦੇ ਨਾਲ-ਨਾਲ ਮੁਗਲ ਸਾਮਰਾਜ ਦੇ ਖ਼ਲਨਾਇਕੀ ਸਰੂਪ ਨੂੰ ਨਿਰੂਪਤ ਕਰਦਾ ਹੋਇਆ ਬੰਦਾ ਬਹਾਦਰ ਦੇ ਸਾਮੰਤਵਾਦੀ ਵਿਵਸਥਾ/ਸ਼ਾਸ਼ਨ ਦੀਆਂ ਦਮਨਕਾਰੀ ਅਤੇ ਸ਼ੋਸ਼ਣਕਾਰੀ ਨੀਤੀਆਂ ਖ਼ਿਲਾਫ਼ ਆਪਣੀ ਫੌਜ ਖੜੀ ਕਰਕੇ ਦੁਸ਼ਮਣਾਂ ਦਾ ਮੁਕਾਬਲਾ ਕਰਕੇ ਉਸ ਦੀ ਯੁੱਧ ਖੇਤਰੀ ਕਲਾ ਕੁਸ਼ਲਤਾ ਤੋਂ ਜਾਣੂ ਕਰਵਾਉਂਦਾ ਹੈ। ਨਾਵਲੀ ਬਿਰਤਾਂਤ ਦੇ ਸ਼ੁਰੂ ਵਿਚ ਬੰਦਾ ਸਿੰਘ ਬਹਾਦਰ ਨਾਲ ਪਹਿਚਾਣ ਲਛਮਣ ਦੇ ਰੂਪ ਵਿਚ ਹੁੰਦੀ ਹੈ। ਉਸ ਸਮੇਂ ਉਹ ਇਕ ਸਾਧਾਰਨ ਬਾਲਕ ਸੀ। ਮਾਂ—ਪਿਉ ਦੀ ਅਣਹੋਂਦ ਵਿਚ ਆਪਣੇ ਚਾਚੇ-ਚਾਚੀ ਹੱਥੋਂ ਸਤਾਇਆ ਬਾਲਕ ਲਛਮਣ, ਜਾਨਕੀ ਪ੍ਰਸ਼ਾਦ ਦੀ ਸੰਗਤ ਵਿਚ ਨਾ ਸਿਰਫ ਬੈਰਾਗੀ ਸਾਧੂ ਬਣ ਜਾਂਦਾ ਹੈ ਸਗੋਂ ਲਛਮਣ ਤੋਂ ਨਰਾਇਣ ਦਾਸ ਦਾ ਸਫਰ ਕਰਦਾ ਹੈ। ਇਹ ਸਫਰ ਇਥੋਂ ਤੱਕ ਹੀ ਸੀਮਤ ਨਹੀਂ ਸਗੋਂ ਨਾਵਲੀ ਕਥਾ ਵਿਚ ਉਸ ਦਾ ਮੇਲ ਸਵਾਮੀ ਰਾਮ ਦਾਸ, ਯੋਗੀ ਔਘੜ ਨਾਥ ਅਤੇ ਗੁਰੂ ਗੋਬਿੰਦ ਸਿੰਘ ਨਾਲ ਹੁੰਦਾ ਹੈ ਜੋ ਉਸ ਦੀ ਨਿਰਾਰਥਕ ਹੋਂਦ ਨੂੰ ਸਾਰਥਕਤਾ ਬਖ਼ਸ਼ਦੇ ਹਨ। ਇਸ ਸੰਬੰਧੀ ਨਾਵਲ ਵਿਚ ਸੰਵਾਦ ਇਸ ਪ੍ਰਕਾਰ ਹਨ:-

- ਬੈਰਾਗੀ ਪੰਥ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਅਸੀਂ ਜੰਗਲਾਂ ਵਿਚ, ਮਹਾੜਾਂ-ਖੱਡਾਂ-ਕੰਦਰਾਵਾਂ ਵਿਚ

ਭਰਮਣ ਕਰਦੇ ਰਹੀਏ, ਭਿੱਖਿਆ ਮੰਗ ਕੇ ਖਾਈਏ ਤੇ ਖੂੰਖਾਰ ਜਾਨਵਰਾਂ ਦਾ ਸ਼ਿਕਾਰ ਬਣ ਜਾਈਏ। ਬੈਰਾਗੀ ਪੰਥ ਆਪਣੀ ਰਖਸ਼ਾ ਦਾ ਪਾਠ ਵੀ ਦੱਸਦਾ ਹੈ। ਸੰਸਾਰੀ ਜੀਵਾਂ ਪ੍ਰਤੀ ਵੀ ਅਸੀਂ ਅੱਖਾਂ ਨਹੀਂ ਮੀਟ ਸਕਦੇ। ਉਹ ਸਾਨੂੰ ਭੋਜਨ ਦਿੰਦੇ ਹਨ, ਕਪੜੇ-ਬਸਤਰ ਦਿੰਦੇ ਹਨ। ਇਹ ਕਦੀ ਨਹੀਂ ਹੋ ਸਕਦਾ, ਅਸੀਂ ਪ੍ਰਮਾਤਮਾ ਦਾ ਨਾਮ ਜਪੀਏਤਪੱਸਿਆ ਕਰੀਏ ਤੇ ਲੋਕ ਭਾਵੇਂ ਮਰਣ, ਭਾਵੇਂ ਜੀਣ ਭਾਵੇਂ ਹਾਕਮਾਂ ਅਤੇ ਰਾਜਿਆਂ ਬਾਦਸ਼ਾਹਾਂ ਦੇ ਜ਼ੁਲਮ ਸਹਿੰਦੇ ਰਹਿਣ ਤੇ ਅਸੀਂ ਸਵਰਗ ਦੀ ਇੱਛਾ ਕਰਦੇ ਰਹੀਏ। ਅਸਾਂ ਦਾ ਬੈਰਾਗੀ ਪੰਥ ਅਜਿਹੇ ਪੰਥ ਦੀ ਰਵਾਇਤ ਨਹੀਂ ਪਾਲਦਾ। ਅਸੀਂ ਜੰਗਲਾਂ 'ਚ ਭਰਮਣ ਕਰਦੇ ਵੀ ਖੂੰਖਾਰ ਜਾਨਵਰਾਂ ਤੋਂ ਆਪਣਾ ਬਚਾਓ ਕਰਦੇ ਹਾਂ ਨਾ।2

- ਅੱਛਾ ਯੋਗੀ, ਸੰਤ ਵਹੀ ਹੈ, ਜੋ ਸੰਸਾਰ ਕੇ ਤਮਾਮ ਬੰਧਨੋਂ ਸੇ ਆਜ਼ਾਦ ਹੋ ਕਰ ਭੀ ਆਜ਼ਾਦ ਨਹੀਂ ਹੋਤਾ। ਵਹ ਆਪਣੀ ਮਾਟੀ ਲਈ, ਆਪਣੇ ਦੇਸ਼ ਲਈ, ਆਪਨੀ ਕੌਮ ਲਈ ਔਰ ਆਪਣੇ ਮੱਠ ਕੇ ਮਕਸਦ ਲਈ, ਜਾਨ ਦੇਨੇ ਕੇ ਲੀਏ ਹਰ ਸਮੇਂ ਤਿਆਰ ਰਹੇ।3

ਨਾਵਲੀ ਕਥਾ ਵਿਚ ਬੰਦਾ ਬਹਾਦਰ ਦਾ ਲਛਮਣ ਤੋਂ ਨਰਾਇਣ ਦਾਸ, ਨਰਾਇਣ ਦਾਸ ਤੋਂ ਮਾਧੋ ਦਾਸ, ਮਾਧੋ ਦਾਸ ਤੋਂ ਗੁਰਬਖ਼ਸ਼ ਸਿੰਘ ਤੋਂ ਬੰਦਾ ਬਹਾਦਰ ਆਦਿ ਮਹਿਜ਼ ਉਸ ਦੇ ਨਾਵਾਂ ਵਿਚ ਤਬਦੀਲੀ ਨਹੀਂ ਸਗੋਂ ਉਸ ਦੀ ਸੋਚ, ਅਮਲ ਤੇ ਉਸ ਦੀ ਜ਼ਿੰਦਗੀ ਜਿਊਣ ਦੇ ਮਕਸਦ ਵਿਚ ਆਈ ਤਬਦੀਲੀ ਨੂੰ ਪੇਸ਼ ਕਰਦੀ ਹੈ। ਬੇਸ਼ੱਕ ਬੰਦਾ ਆਪਣੀ ਮੁੱਢਲੀ ਉਮਰ 'ਚ ਇਕ ਬੈਰਾਗੀ ਸੀ ਪਰ ਸਥਿਤੀਆਂ ਅਤੇ ਹਾਲਾਤਾਂ ਨੇ ਉਸ ਨੂੰ ਬੈਰਾਗੀ ਨਹੀਂ ਰਹਿਣ ਦਿੱਤਾ। ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ/ਸੰਵਾਦ ਦੌਰਾਨ ਬੰਦਾ ਬਹਾਦਰ ਸਿੱਖਾਂ ਉੱਪਰ ਦੁਸ਼ਮਣਾਂ ਵੱਲੋਂ ਹੋਏ ਅਤਿਆਚਾਰ ਅਤੇ ਆਪਣੇ ਧਰਮ ਹਿਤ ਸਿੱਖਾਂ ਵੱਲੋਂ ਕੀਤੀਆਂ ਕੁਰਬਾਨੀਆਂ ਅਤੇ ਆਪਣੇ ਧਰਮ ਹਿਤ ਸਿੱਖਾਂ ਵੱਲੋਂ ਕੀਤੀਆਂ ਕੁਰਬਾਨੀਆਂ ਤੋਂ ਜਾਣੂ ਹੋ ਕੇ ਗੁਰੂ ਜੀ ਨੂੰ ਆਖਦਾ ਹੈ, "ਸਿੰਘ ਸਾਹਬ ਮੇਰੀਆਂ ਸਾਰੀਆਂ ਸ਼ੰਕਾਵਾਂ ਨਵਿਰਤ ਹੋ ਗਈਆਂ। ਮੈਂ ਇਹ ਚੋਲਾ ਲਾਹ ਕੇ ਕਮਰਕੱਸਾ ਕਰਨ ਲਈ ਰਾਜ਼ੀ ਹਾਂ। ਮਾਧੋਦਾਸ ਨੇ ਅੱਜ ਪਹਿਲੀ ਵਾਰ ਗੁਰੂ ਸਾਹਮਣੇ ਸੀਸ ਝੁਕਾ ਕੇ ਨਮਸਕਾਰ ਕੀਤਾ। ਗੁਰੂ ਦੇ ਚਿਹਰੇ ਉੱਪਰ ਖੁਸ਼ੀ ਫੈਲ ਗਈ, ਬੋਲੇ - 'ਕੱਲ੍ਹ ਸਵੇਰੇ ਅਸੀਂ ਕੁਝ ਐਲਾਨ ਕਰਾਂਗੇ। ਸਿੰਘ ਇਸਨੂੰ ਚਮਤਕਾਰ ਵੀ ਆਖ ਸਕਦੇ ਨੇ। ਮਾਧੋਦਾਸ ਅਸੀਂ ਕੁਝ ਦਿਨਾਂ ਤੋਂ ਇਕ ਗੱਲ ਆਖਣ ਦੀ ਸੋਚ ਰਹੇ ਸਾਂ। ਹੁਣ ਉਹ ਸਮਾਂ ਆ ਗਿਆ ਹੈ... ਇਸ ਚਿਹਰੇ ਵਿਚ ਅਸਾਂ ਨੂੰ ਆਪਣਾ ਹੀ ਰੂਪ ਵਿਖਾਈ ਦਿੰਦਾ ਹੈ। ਅਸੀਂ ਸਿੰਘਾਂ ਨੂੰ ਕਹਾਂਗੇ, ਗੁਰੂ ਦੇ ਇਸ ਬੰਦੇ ਨੂੰ ਗੁਰੂ ਦਾ ਰੂਪ ਹੀ ਜਾਣੋ।"4

ਸਿੱਟੇ ਵਜੋਂ ਗੁਰੂ ਦੇ ਕਹਿਣ ਅਨੁਸਾਰ ਮਿਸ਼ਨ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਬੰਦੇ ਨੇ ਪੰਜਾਬ ਜਾ ਕੇ ਸਾਰੇ ਲੋਕਾਂ ਨੂੰ ਗੁਰੂ ਦੇ ਹੁਕਮਨਾਮੇਂ ਤੋਂ ਜਾਣੂ ਕਰਵਾ ਕੇ ਇਕ ਪਲੇਟਫਾਰਮ ਤੇ ਸੰਗਠਿਤ ਕੀਤਾ ਕਿਉਂਕਿ ਇੰਨੇ ਵੱਡੇ ਸਾਮਰਾਜ ਨਾਲ ਟੱਕਰ ਲੈਣਾ ਕੋਈ ਆਸਾਨ ਕਾਰਜ ਨਹੀਂ ਸੀ। ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਉਸ ਨੇ ਡਾਕੂਆਂ, ਲੁਟੇਰਿਆਂ ਅਤੇ ਧਾੜਵੀਆਂ ਨੂੰ ਬਿਨਾਂ ਕੋਈ ਸਵਾਲ ਕੀਤਿਆਂ ਆਪਣੀ ਫੌਜ਼ ਵਿਚ ਸ਼ਾਮਲ ਕੀਤਾ। ਹੁਣ ਅਗਲਾ ਸਵਾਲ ਬੰਦੇ ਅੱਗੇ ਇਹ ਸੀ ਕਿ ਮੁਗਲਾਂ ਨਾਲ ਟੱਕਰ ਲੈਣ ਲਈ ਕਿਹੋ ਜਿਹੀ ਯੁੱਧ ਨੀਤੀ ਅਪਣਾਈ ਜਾਵੇ? ਅਜਿਹੀ ਸਥਿਤੀ ਵਿਚ ਆਪਣੇ ਬੈਰਾਗੀ ਜੀਵਨ ਸਮੇਂ ਧਾਰਮਿਕ ਸਥਾਨਾਂ ਦੀ ਯਾਤਰਾ ਕਦੇ ਸਮੇਂ ਪਹਾੜੀ ਰਾਸਤਿਆਂ ਦਾ ਜੋ ਗਿਆਨ ਪ੍ਰਾਪਤ ਕੀਤਾ, ਉਸ ਨੂੰ ਆਧਾਰ ਬਣਾ ਕੇ ਬੰਦੇ ਨੇ ਦੁਸ਼ਮਣਾਂ ਖ਼ਿਲਾਫ਼ ਛਾਪਾਮਾਰ ਯੁੱਧ ਨੀਤੀ ਅਪਣਾਈ। ਕਿਉਂਕਿ ਇਹ ਯੁੱਧ ਨੀਤੀ ਉਸ ਸਮੇਂ ਦੀਆਂ ਸਥਿਤੀਆਂ ਦੇ ਅਨੁਕੂਲ ਸੀ। ਇਸੇ ਯੁੱਧ ਨੀਤੀ ਨੂੰ ਅਪਣਾ ਕੇ ਬੰਦੇ ਨੇ ਸੋਨੀਪਤ, ਕੈਥਲ, ਸਮਾਣਾ, ਸਢੋਰਾ, ਬਨੂੜ, ਸਰਹਿੰਦ ਅਤੇ ਹੋਰ ਇਲਾਕਿਆਂ ਵਿਚ ਮੁਗਲਾਂ ਨੂੰ ਹਰਾ ਆਪਣੀ ਜਿੱਤ ਦਾ ਝੰਡਾ ਗੱਡਿਆ। ਨਾਵਲ ਵਿਚ ਨਾਵਲਕਾਰ ਇਹ ਦੱਸਣਾ ਚਾਹੁੰਦਾ ਹੈ ਕਿ ਬੰਦੇ ਦਾ ਮਕਸਦ ਸਿਰਫ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਮਾਰਨ ਤੱਕ ਸੀਮਤ ਨਾ ਹੋ ਕੇ ਸਗੋਂ ਪੰਜਾਬ ਵਿਚ ਖਾਲਸਾ ਰਾਜ ਦੀ ਸਥਾਪਤੀ ਸੀ। ਇਸੇ ਵਿਵਸਥਾ ਦੀ ਸ਼ੁਰੂਆਤ ਗੁਰੂ ਜੀ ਨੇ ਪੰਜ ਪਿਆਰੇ ਸਾਜ ਕੇ ਕੀਤੀ ਸੀ, ਇਸ ਵਿਚਾਰਧਾਰਾ ਨੂੰ ਅੱਗੇ ਬੰਦਾ ਬਹਾਦਰ ਨੇ ਅਪਣਾਇਆ। ਬੰਦਾ ਬਹਾਦਰ ਦੇ ਮਨ ਵਿਚ ਜਿੱਤੇ ਹੋਏ ਇਲਾਕਿਆਂ ਉੱਤੇ ਸੱਤਾ ਕਰਨ ਜਾਂ ਸ਼ਾਹੀ ਖਜ਼ਾਨਿਆਂ ਦੀ ਲੁੱਟ ਤੋਂ ਪ੍ਰਾਪਤ ਹੋਏ ਧਨ ਦਾ ਕੋਈ ਲੋਭ ਜਾਂ ਲਾਲਚ ਨਹੀਂ ਸੀ। ਨਾਵਲ ਵਿਚ ਬੰਦੇ ਦਾ ਇਹ ਕਥਨ ਧਿਆਨਦੇਣ ਯੋਗ ਹੈ, "ਅੱਜ ਤੋਂ ਫਤੇਹ ਸਿੰਘ ਸਮਾਣਾ ਅਤੇ ਇਸ ਦੇ ਨਾਲ ਲਗਦੇ ਪਰਗਨਿਆਂ ਦਾ ਫੌਜਦਾਰ ਹੈ। ਮੇਰਾ ਹੁਕਮ ਹੈ, ਅਗਰ ਕੋਈ ਨਵਾਬ ਜਾਂ ਸੱਯਦ ਜਿਉਂਦਾ ਮਿਲਦਾ ਹੈ, ਉਸ ਨੂੰ ਕਤਲ ਕਰ ਦਿੱਤਾ ਜਾਵ।... ਜਬਰੀ ਧਰਮ ਪਰਿਵਰਤਨ ਨਾ ਕੀਤੇ ਜਾਣ। ਮਸਜਿਦਾਂ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ।"5 ਸਮਾਣੇ ਦੀ ਜਿੱਤ ਤੋਂ ਬਾਅਦ ਬੰਦੇ ਨੇ ਲੋਕਾਂ ਨੂੰ ਆਪਣੀਆਂ ਜ਼ਮੀਨਾਂ ਦੇ ਮਾਲਕ ਘੋਸ਼ਿਤ ਕੀਤਾ। 'ਜ਼ਮੀਨ ਹਲਵਾਹਕ ਦੀ' ਨੂੰ ਸੱਚ ਕਰ ਦਿੱਤਾ। "ਆਹ ਲੋਕ ਜੋ ਅਸਾਡੇ ਸਾਹਮਣੇ ਬੈਠੇ ਹੋਏ ਨ। ਕਿਸਾਨ, ਮੁਜ਼ਾਰੇ, ਹਲਵਾਹਕ ਜਿਹੜੇ ਆਸ ਪਾਸ ਦੇ ਪਿੰਡਾਂ ਤੋਂ ਆਏ ਨੇ। ਇਹ ਜਿਹੜੀ ਜ਼ਮੀਨ ਵਾਹੁੰਦੇ ਨੇ, ਜਿੰਨੀ ਉਪਰ ਵੀ ਕਾਸ਼ਤ ਕਰਦੇ ਨੇ। ਅੱਜ ਤੋਂ ਇਹਨਾਂ ਕਿਸਾਨਾਂ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਜਾਂਦਾ ਹੈ।"6 ਬੰਦੇ ਨੂੰ ਜਿੱਥੇ ਵੀ ਜਿੱਤ ਪ੍ਰਾਪਤ ਹੋਈ, ਉਸ ਨੇ ਉਥੇ ਹੀ ਖਾਲਸਾ ਪੰਚਾਇਤਾਂ ਅਤੇ ਖਾਲਸਾ ਚੌਕੀਆਂ ਕਾਇਮ ਕਰ ਦਿੱਤੀਆਂ। ਉਪਰੋਕਤ ਤੋਂ ਸਪੱਸ਼ਟ ਹੈ ਕਿ ਬੰਦੇ ਦਾ ਮੁਗਲਾਂ ਨਾਲ ਸੰਘਰਸ਼ ਕਿਸੇ ਨਿੱਜੀ ਰੋਹ ਅਤੇ ਰੋਸ 'ਚੋਂ ਨਹੀਂ ਜਨਮਿਆਂ ਸਗੋਂ ਇਹ ਟੱਕਰ ਸਾਮੰਤਵਾਦੀ ਪ੍ਰਬੰਧ ਵਿਰੁੱਧ ਸੀ। ਨਾਵਲਕਾਰ ਨੇ ਆਪਣੇ ਇਸ ਨਾਵਲ ਵਿਚ

ਜਿੱਥੇ ਇਕ ਪਾਸੇ ਬੰਦਾ ਬਹਾਦਰ ਦੇ ਜੀਵਨ ਦਾ ਮਹਾਂ-ਬਿਰਤਾਂਤ ਸਿਰਜ ਕੇ ਉਸ ਦੁਆਰਾ ਸਿੱਖੀ ਦੇ ਸੱਚੇ-ਸੁੱਚੇ ਆਦਰਸ਼ਾਂ ਨੂੰ ਪਰਣਾਇਆ ਹੋਣਾ, ਧਰਮ ਅਤੇ ਕੌਮ ਦੀ ਖਾਤਰ ਕੁਰਬਾਨ ਹੋਣ ਦੇ ਜਜ਼ਬੇ ਨੂੰ ਪੇਸ਼ ਕੀਤਾ ਹੈ, ਉਥੇ ਦੂਜੇ ਪਾਸੇ ਮੁਗਲ ਸਾਮਰਾਜ ਦੀ ਕੂਟਨੀਤੀ/ਅਣਇਖ਼ਲਾਕੀ ਸਾਜਿਸ਼ਾਂ ਨੂੰ ਵੀ ਗੱਲਪੀ ਬਿਰਤਾਂਤ ਵਿਚ ਢਾਲਦਾ ਹੋਇਆ ਬਹੁ-ਪਾਸਾਰੀ ਵਿਸ਼ਿਆਂ ਨੂੰ ਰੂਪਮਾਨ ਕਰਦਾ ਹੈ। ਸ਼ੁਰੂਆਤੀ ਦੌਰ ਵਿਚ ਬੰਦਾ ਬਹਾਦਰ ਨੂੰ ਪ੍ਰਾਪਤ ਹੋਈਆਂ ਜਿੱਤਾਂ ਨਾਲ ਜਿੱਥੇ ਆਮ ਜਨਤਾ ਦੇ ਦਿਲ ਵਿਚ ਬੰਦੇ ਲਈ ਬਹੁਤ ਸਤਿਕਾਰ ਪੈਦਾ ਹੋ ਚੁੱਕਾ ਸੀ ਉਥੇ ਦੂਜੇ ਪਾਸੇ ਬਾਬਾ ਬਿਨੋਦ ਸਿੰਘ ਵਰਗੇ ਉਸ ਤੋਂ ਈਰਖਾ ਕਰਦੇ ਸਨ। ਬਾਬਿਆਂ ਦੀ ਇਸ ਈਰਖਾ ਨੂੰ ਮੁਗਲਾਂ ਨੇ ਆਪਣੀ ਕੂਟਨੀਤੀ ਨੂੰ ਬੰਦਾ ਦੇ ਖਿਲਾਫ਼ ਵਰਤਿਆ। ਮੁਗਲ ਬਾਦਸ਼ਾਹ ਫਰੁਖ਼ਸੀਅਰ ਨੇ ਸਿੱਖਾਂ ਦੇ ਵਿਦਰੋਹ ਨੂੰ ਦਬਾਉਣ ਲਈ ਗੁਰੂ ਗੋਬਿੰਦ ਸਿੰਘ ਦੀ ਵਿਧਵਾ, ਮਾਤਾ ਸੁੰਦਰੀ ਨੂੰ ਆਪਣੇ ਮਕਸਦ ਲਈ ਵਰਤਣ ਦੀ ਯੋਜਨਾ ਬਣਾਈ, ਸਿੱਟੇ ਵਜੋਂ ਉਹ ਇਹ ਭਰਮ ਫੈਲਾਉਣ 'ਚ ਕਾਮਯਾਬ ਰਹੇ ਕਿ ਬੰਦੇ ਨੇ ਗੁਰੂ ਜੀ ਦੇ ਹੁਕਮਾਂ ਦੀ ਅਵੱਗਿਆ ਕੀਤੀ ਹੈ। ਡਾ. ਬਲਕਾਰ ਸਿੰਘ ਦਾ ਮਤ ਹੈ ਕਿ, "ਸਿੱਖ ਹਲਕਿਆਂ ਅੰਦਰ ਬੰਦੇ ਬਾਰੇ ਇਹ ਭਾਵ, ਰਵੱਈਆ ਅਤੇ ਸੋਚ ਦੀ ਸੰਰਚਨਾਕਾਰੀ ਕਰਨੀ ਕਿ ਬੰਦਾ ਇਸ ਕਰਕੇ ਨਾਇਕ ਬਣਨ ਕਾਬਲ ਨਹੀਂ ਅਤੇ ਤਬਾਹ ਹੋਇਆ ਕਿ ਉਸ ਗੁਰੂ ਨਾਲ ਕੀਤੇ ਬਚਨ ਤੋੜੇ। ਜਿਵੇਂ ਵਿਆਹ ਕਰਾਉਣਾ, ਗੁਰੂ ਕਹਾਉਣਾ, ਫਤਿਹ ਦਰਸ਼ਨ ਦਾ ਨਾਅਰਾ ਲਾਉਣਾ।... ਜਿਸ ਕਰਕੇ ਬੰਦੇ ਦਾ ਸੈਨਾਪਤੀ ਬਿੰਬ ਖ਼ੁਦਬਖ਼ੁਦ ਢਹਿ ਢੇਰੀ ਹੋ ਜਾਂਦਾ ਹੈ। ਇਹ ਢਹਿ ਢੇਰੀ ਕਰਨਾ ਹੀ ਮੁਗਲ ਹਕੂਮਤ, ਤਾਕਤ ਅਤੇ ਬੁੱਧੀਜੀਵੀਆਂ ਦਾ ਬੀਜਿਆ ਇਕ ਬੀਜ਼ ਸੀ ਜੋ ਬਾਅਦ ਵਿਚ ਸਿੱਖ ਹਲਕਿਆਂ ਅੰਦਰ ਵਧਿਆ ਫੁੱਲਿਆ ਅਤੇ ਬੰਦੇ ਦੇ ਸ਼ਕਤੀਸ਼ਾਲੀ ਯੋਧੇ ਦੇ ਬਿੰਬ ਨੂੰ ਨਿਗਲ ਜਾਂਦਾ ਹੈ।"7

ਪਰ ਜਿੱਥੋਂ ਤੱਕ ਸਵਾਲ ਬੰਦੇ ਦੇ ਗੁਰੂ ਪ੍ਰੰਪਰਾ ਵਿਰੋਧੀ ਹੋਣ ਦਾ ਹੈ ਤਾਂ ਇਸ ਸਥਿਤੀ ਵਿਚ ਇਥੇ ਇਹ ਤਰਕ ਦੇਣਾ ਲਾਜ਼ਮੀ ਬਣ ਜਾਂਦਾ ਹੈ ਕਿ ਪਹਿਲੀ ਗੱਲ ਬੰਦੇ ਦਾ ਵਿਆਹ ਕਰਾਉਣਾ ਮਰਿਆਦਾ ਦਾ ਉਲੰਘਣ ਨਹੀਂ ਕਿਉਂਕਿ ਸਿੱਖ ਧਰਮ ਵਿਚ ਤਾਂ ਵਿਆਹ ਦੀ ਮਨਾਹੀ ਨਹੀਂ ਹੈ। ਵੱਡੀ ਗੱਲ ਇਹ ਕਿ ਵਿਆਹ ਤੋਂ ਬਾਅਦ ਵੀ ਉਹ ਲੋੜ ਪੈਣ ਤੇ ਦੋਬਾਰਾ ਜੰਗ ਲਈ ਪਹਾੜਾਂ ਤੋਂ ਰਵਾਨਾ ਹੁੰਦਾ ਹੈ। ਦੂਸਰੀ ਗੱਲ ਇਹ ਕਿ ਬੰਦੇ ਨੇ ਆਪਣੇ ਨਾਂ ਦਾ ਸਿੱਕਾ ਚਲਾਇਆ, ਇਹ ਵੀ ਗਲਤ ਹੈ। ਕਿਉਂਕਿ ਇਹ ਸਿੱਕਾ ਬੰਦੇ ਦੇ ਨਾਂ ਤੇ ਨਾ ਹੋ ਕੇ ਸਗੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਤੇ ਸੀ। ਬੰਦਾ ਬਹਾਦਰ ਬੇਸ਼ੱਕ ਆਪਣੀ ਹਰ ਲੜਾਈ ਵਿਚ ਜਿੱਤਦਾ ਰਿਹਾ, ਪਰ ਇੰਨੀ ਵੱਡੀ ਮੁਗਲ ਹਕੂਮਤ ਨੂੰ ਜੜ੍ਹੋਂ ਉਖਾੜਨਾ ਸੌਖਾ ਕਾਰਜ ਨਹੀਂ ਸੀ। ਲੋਹਗੜ੍ਹ ਦੇ ਕਿਲ੍ਹੇ ਵਿਚ ਮੁਗਲਾਂ ਦਾ ਘੇਰੇ ਸਖਤ ਹੁੰਦਾ ਦੇਖ ਅਤੇ ਆਪਣੇ ਸਾਥੀਆਂ ਦਾ ਭੁੱਖ ਨਾਲ ਬੁਰਾ ਹਾਲ ਦੇਖ ਕੇ ਸਰਦਾਰਾਂ ਦੇ ਕਹਿਣ ਤੇ ਬੰਦਾ ਉਥੋਂ ਭੱਜ ਨਿਕਲਿਆ। ਮੁਨੀਅਮ ਖਾਂ ਆਪਣੇ ਦੁਸ਼ਮਣ ਨੂੰ ਇੰਨੀ ਆਸਾਨੀ ਨਾਲ ਹੱਥੋਂ ਨਿਕਲਦਾ ਦੇਖ ਮੌਤ ਨੂੰ ਪਿਆਰਾ ਹੋ ਗਿਆ। ਕੀਰਤਪੁਰ ਪਹੁੰਚ ਕੇ ਸਾਧਨਾਂ ਦੀ ਕਮੀ ਹੋਣ ਕਰਕੇ ਬੰਦੇ ਨੇ ਪੰਜਾਬ, ਜੰਮੂ ਤੇ ਉਤਰ ਪ੍ਰਦੇਸ਼ ਦੀਆਂ ਸੰਗਤਾਂ ਨੂੰ ਹੁਕਮਨਾਮ ਭੇਜ ਕੇ ਆਪਣੇ ਨਾਲ ਮਿਲਣ ਲਈ ਕਿਹਾ। ਅਬਦੁਸ ਸਮਦ ਖਾਂ ਦੀ ਫੌਜ ਨੇ ਸੇਠ ਦੁਨੀ ਚੰਦ ਦੀ ਹਵੇਲੀ 'ਚ ਛੁੱਪੇ ਸਿੱਖਾਂ ਨੂੰ ਘੇਰਾ ਪਾ ਲਿਆ। ਲੰਮੇ ਘੇਰੇ ਕਾਰਨ ਸਿੱਖਾਂ ਦਾ ਭੁੱਖ ਨਾਲ ਬੁਰਾ ਹਾਲ ਹੋ ਗਿਆ। ਅਖੀਰ ਜ਼ਕਰੀਆਂ ਖਾਂ ਨੇ ਸਾਰੇ ਯੋਧਿਆਂ ਨੂੰ ਗ੍ਰਿਫਤਾਰ ਕਰ ਲਿਆ।

ਨਾਵਲਕਾਰ ਨੇ ਆਪਣੇ ਇਸ ਨਾਵਲ ਵਿਚ ਬੰਦਾ ਬਹਾਦਰ ਸੰਬੰਧੀ ਇਸ ਧਾਰਨਾ ਦਾ ਖੰਡਨ ਕੀਤਾ ਹੈ ਕਿ ਉਸ ਵਿਚ ਕੋਈ ਅਲੌਕਿਕ ਸ਼ਕਤੀ ਸੀ। ਨਾਵਲ ਵਿਚ ਬੰਦੇ ਦੀ ਪ੍ਰਸਿੱਧੀ ਦੀ ਹਰ ਪਾਸੇ ਚਰਚਾ ਤੋਂ ਤੰਗ ਆ ਕੇ ਜਦੋਂ ਬਹਾਦਰ ਸ਼ਾਹ ਸੋਚਦਾ ਹੈ, "ਜ਼ਰੂਰ ਏਸ ਕਾਫ਼ਰ ਬੰਦਾ ਸਿੰਘ ਕੋਲ ਕਾਲਾ-ਇਲਮ ਹੋਏਗਾ। ਸਾਡੇ ਕੁਝ ਸਿਪਾਹੀਆਂ ਨੇ ਉਸ ਦੇ ਮੂੰਹ ਵਿਚੋਂ ਅੱਗ ਨਿਕਲਦੀ ਵੇਖੀ ਹੈ। ਕੁਝ ਤਾਂ ਇਹ ਵੀ ਆਖਦੇ ਨੇ ਉਹ ਆਪਣੇ ਮਾਰੇ ਗਏ ਸਿੱਖਾਂ ਵਿਚ ਫਿਰ ਜਾਨ ਪਾ ਦਿੰਦਾ ਹੈ।"8 ਉਪਰੋਕਤ ਟਿੱਪਣੀ ਵਿਚ ਮੁਗਲ ਸ਼ਾਸ਼ਕ ਬੰਦੇ ਦੀ ਜਿੱਤ ਦਾ ਕਾਰਨ ਉਸ ਦੀਆਂ ਕਰਾਮਾਤੀ ਸ਼ਕਤੀਆਂ ਵਿਚ ਨਿਸ਼ਚਿਤ ਕਰਦੇ ਹਨ ਜਦਕਿ ਬਲਦੇਵ ਸਿੰਘ ਬੰਦੇ ਦੀ ਜਿੱਤ ਦਾ ਸਿਹਰਾ ਕਿਸੇ ਜਾਦੂਈ ਤਾਕਤ ਦੇ ਸਿਰ ਮੜ੍ਹਨ ਦੀ ਬਜਾਇ ਉਸ ਵਿਚ ਕੌਮੀ ਜਜ਼ਬੇ ਨੂੰ ਜਿੱਤ ਦਾ ਅਸਲੀ ਕਾਰਨ ਮੰਨਦੇ ਹਨ। ਨਾਵਲੀ ਬਿਰਤਾਂਤ ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਬੰਦਾ ਬਹਾਦਰ ਇਕ ਮਹਾਨ, ਨਿੱਡਰ ਅਤੇ ਦਲੇਰ ਯੋਧਾ ਹੋਣ ਦੇ ਨਾਲ-ਨਾਲ ਨਿਪੁੰਨ ਯੁੱਧ ਨੀਤੀ ਘੜਨ ਵਿਚ ਮਾਹਿਰ ਹੈ, ਜੰਗੀ ਉਤਰਾਅ ਚੜ੍ਹਾਅ ਤੋਂ ਜਾਣੂ ਹੈ। ਪਰ ਇਕ ਸਾਧਾਰਨ ਮਨੁੱਖ ਹੋਣ ਦੇ ਨਾਤੇ ਉਸ ਵਿਚ ਕੁਝ ਊਣਤਾਈਆਂ ਸਨ। ਬੰਦੇ ਦੀ ਸਭ ਤੋਂ ਵੱਡੀ ਗਲਤੀ ਤਾਂ ਇਹ ਸੀ ਕਿ ਉਸ ਨੇ ਜਿੱਤਾਂ ਤੋਂ ਬਾਅਦ ਸਿੱਖਾਂ ਨੂੰ ਆਪਣੀ ਅਗਵਾਈ ਵਿਚ ਨਾ ਹੀ ਇਕਜੁੱਟ ਕੀਤਾ ਅਤੇ ਜਿਹਨਾਂ ਇਲਾਕਿਆਂ ਨੂੰ ਜਿੱਤਿਆ, ਉਹਨਾਂ ਨੂੰ ਹੋਰ ਸਿੱਖਾਂ ਨੂੰ ਵੰਡ ਦਿੱਤਾ। ਇਸ ਤਰ੍ਹਾਂ ਮਹਾਨ ਯੋਧਾ ਹੋਣ ਦੇ ਨਾਲ-ਨਾਲ ਪ੍ਰਸ਼ਾਸ਼ਨਿਕ ਪੱਧਰ 'ਤੇ ਇਕ ਸਲਤਨਤ ਕਾਇਮ ਕਰਨ ਲਈ ਲੋੜੀਂਦੀ ਦੂਰ ਅੰਦੇਸ਼ੀ, ਦ੍ਰਿਸ਼ਟੀਕੋਣ ਅਤੇ ਸਿਆਣਪ ਤੋਂ ਕੰਮ ਨਹੀਂ ਲਿਆ। ਉਸ ਨੂੰ ਲੜਾਈ ਜਿੱਤਣੀ ਤਾਂ ਆਉਂਦੀ ਸੀ ਪਰ ਉਸ ਜਿੱਤ ਨੂੰ ਸੰਭਾਲਣਾ ਜਾਂ ਅੱਗੇ ਤੋਰਨਾ ਆਦਿ ਦੀ ਜਾਂ ਤਾਂ ਉਸ ਕੋਲ ਸਮਝ ਨਹੀਂ ਸੀ ਜਾਂ ਉਸ ਦਾ ਇਸ ਪਾਸੇ ਵੱਲ ਧਿਆਨ ਨਹੀਂ ਗਿਆ। ਜਿਸ ਕਰਕੇ ਉਹ ਆਪਣੀਆਂ ਜਿੱਤਾਂ ਨੂੰ ਸਥਾਈ ਰੂਪ ਨਾ ਦੇ ਸਕਿਆ। ਕਨਿੰਘਮ ਲਿਖਦਾ ਹੈ, "ਹਮੇਸ਼ਾ ਕਾਮਯਾਬੀ ਹੀ ਮਹਾਨਤਾ ਦਾ ਪੈਮਾਨਾ ਨਹੀਂ ਹੁੰਦੀ। ਸਿੱਖਾਂ ਦੇ ਆਖਰੀ ਪੈਗੰਬਰ (ਗੁਰੂ ਗੋਬਿੰਦ ਸਿੰਘ) ਆਪਣੇ ਉਦੇਸ਼ ਦੀ

## ਮਿੰਨੀ ਕਹਾਣੀ / ਫੇਸਬੁੱਕ / ਹਰਪ੍ਰੀਤ ਸਿੰਘ ਰਾਣਾ



ਜਦੋਂ ਤੋਂ ਪਤੀ ਪਤਨੀ ਦੋਵਾਂ ਨੇ ਨਵਾਂ ਐਂਡਰਆਇਡ ਮੋਬਾਈਲ ਲਿਆ। ਉਹ ਆਪਣੇ ਆਪ ਵਿਚ ਮਸਤ ਹੋ ਗਏ। ਬੱਚੇ ਬਾਹਰਲੇ ਸ਼ਹਿਰ ਹੋਸਟਲ ਵਿਚ ਪੜ੍ਹ ਰਹੇ ਸਨ। ਦੋਨੇ ਪਤੀ-ਪਤਨੀ ਜਦੋਂ ਸ਼ਾਮ ਨੂੰ ਆਪਣੇ ਦਫਤਰਾਂ ਤੋਂ ਵਾਪਸ ਆਉਂਦੇ ਤਾਂ ਇਕ ਦੂਜੇ ਨਾਲ ਗੱਲਾਬਾਤ ਕਰਨ ਦੀ ਜਗ੍ਹਾ ਮੋਬਾਈਲ 'ਤੇ ਫੇਸਬੁੱਕ ਅਤੇ ਵੈਟਸਐਪ ਵਿਚ ਮਸਤ ਹੋ ਜਾਂਦੇ। ਨੌਕਰਾਣੀ ਵੱਲੋਂ ਹੀ ਘਰ ਦਾ ਕੰਮਕਾਰ ਰੋਟੀ ਵਗੈਰਾ ਤਿਆਰ ਕਰਨ ਦੀ ਜਿੰਮੇਵਾਰੀ ਨਿਭਾਈ ਜਾ ਰਹੀ ਸੀ।

ਪਤੀ ਦੀ ਉਮਰ ਪੰਜਤਾਲੀ ਅਤੇ ਪਤਨੀ ਬਿਆਲੀ ਸਾਲ ਦੀ ਸੀ। ਪਤੀ ਦਾ ਪਰਾਈਆਂ ਔਰਤਾਂ ਵੱਲ ਝੁਕਾਅ ਦਿਨੋਂ-ਦਿਨ ਵੱਧ ਰਿਹਾ ਸੀ। ਪਤੀ ਦੇ ਦੋਸਤਾਂ ਨੇ ਸਲਾਹ ਦਿੱਤੀ ਕਿ ਕਿਸੇ ਹੋਰ ਦੀ ਫੋਟੋ ਲਾ ਕੇ ਨਕਲੀ ਫੇਸ ਬੁੱਕ ਆਈ ਡੀ. ਬਣਾਓ ਤੇ ਪਰਾਈਆਂ ਔਰਤਾਂ ਨਾਲ ਖੁੱਲ ਕੇ ਚੈਟਿੰਗ ਕਰੋ। ਪਤੀ ਨੂੰ ਫੇਸਬੁੱਕ ਤੇ ਪਰਾਈਆਂ ਔਰਤਾਂ ਨਾਲ ਚੈਟਿੰਗ ਕਰ ਕੇ ਆਨੰਦ ਆਉਂਦਾ। ਚੈਟਿੰਗ ਕਰਦਿਆਂ ਇਕ ਔਰਤ ਪਤੀ ਦੇ ਨਜ਼ਦੀਕ ਆ ਗਈ। ਇਕ ਦਿਨ ਮਿਲਣ ਦਾ ਸਮਾਂ ਤੈਅ ਹੋ ਗਿਆ।

ਸ਼ਹਿਰ ਤੋਂ ਡੇਢ ਕੁ ਸੋ ਕਿਲੋਮੀਟਰ ਦੂਰ ਇਕ ਪਿਕਨਿਕ ਸਪਾਟ ਤੇ ਮਿਲਣਾ ਸੀ। ਰਾਤ ਵੀ ਉਥੇ ਕਿਸੇ ਰਿਜ਼ੋਰਟ ਵਿਚ ਬਿਤਾਉਣੀ ਸੀ। ਪਤੀ ਨੇ ਦਫਤਰੀ ਟੂਰ ਦਾ ਬਹਾਨਾ ਕਰਕੇ ਪਤਨੀ ਤੋਂ ਇਜ਼ਾਜ਼ਤ ਲਈ ਅਤੇ ਪਤਨੀ ਨੇ ਹੱਸ ਕੇ ਵਿਦਾ ਕੀਤਾ। ਰਸਤੇ ਵਿਚ ਕਾਰ ਪੰਚਰ ਹੋਣ ਕਾਰਨ ਪਤੀ ਲੇਟ ਹੋ ਗਿਆ। ਪਤੀ ਦੇ ਚਿਹਰੇ ਤੇ ਛੇਤੀ ਪੁੱਜਣ ਦੀ ਚਾਹਤ ਅਤੇ ਲੇਟ ਹੋਣ ਕਾਰਨ ਉਲਝਣ ਸਾਫ ਝਲਕ ਰਹੀ ਸੀ।

ਪਤੀ ਜਦੋਂ ਮਿੱਥੇ ਸਥਾਨ ਤੇ ਪੁੱਜਾ ਤਾਂ ਸੂਰਜ ਡੁੱਬ ਚੁੱਕਾ ਸੀ ਤੇ ਹਨੇਰਾ ਉੱਤਰ ਆਇਆ ਸੀ। ਇਕ ਨੀਲੀ ਸਾੜ੍ਹੀ ਵਿਚ ਲੰਮੀਆਂ ਜ਼ੁਲਫਾਂ ਵਾਲੀਆਂ ਔਰਤ ਖੜੀ ਸੀ। ਪਤੀ ਉਸ ਦੇ ਨਜ਼ਦੀਕ ਪਹੁੰਚਿਆ ਤਾਂ ਉਸ ਦੇ ਪੈਰਾਂ ਦੀ ਆਹਟ ਸੁਣ ਕੇ ਔਰਤ ਪਿੱਛੇ ਵੱਲ ਘੁੰਮੀ। ਪਤੀ ਉੱਥੇ ਹੀ ਠੰਠਬਰ ਗਿਆ। ਔਰਤ ਦੇ ਹੱਥੋਂ ਮੋਬਾਈਲ ਛੁੱਟ ਧਰਤੀ ਤੇ ਜਾ ਡਿੱਗਾ।

ਦੋਨੇ ਪਤੀ-ਪਤਨੀ ਚੁੱਪ ਚਾਪ ਡਰੇ ਹੋਏ ਇਕ ਦੂਜੇ ਨੂੰ ਅਜੀਬ ਨਜ਼ਰਾਂ ਨਾਲ ਤੱਕ ਰਹੇ ਸਨ।

ਪ੍ਰਾਪਤੀ ਵੇਖਣ ਲਈ ਜ਼ਿੰਦਾ ਨਾ ਰਹੇ। ਪਰ ਉਹ ਹਾਰੇ ਹੋਏ ਲੋਕਾਂ ਦੀਆਂ ਸੁਤੀਆਂ ਹੋਈਆਂ ਸ਼ਕਤੀਆਂ ਨੂੰ ਜਗਾ ਕੇ ਉਹਨਾਂ ਵਿਚ ਸਮਾਜਿਕ ਸੁਧਾਰ ਅਤੇ ਕੌਮੀ ਚੜ੍ਹਤ ਦੀ ਉਚੀ ਪਰ ਵਾਜ਼ਿਬ ਚਾਹਤ ਜਗਾਉਣ ਵਿਚ ਕਾਰਗਰ ਰਹੇ।"9 ਇਸ ਤਰ੍ਹਾਂ ਬੰਦੇ ਦਾ ਸੰਘਰਸ਼ ਅਜ਼ਾਈ ਨਹੀਂ ਗਿਆ ਸਗੋਂ ਉਸ ਦੇ ਸੰਘਰਸ਼ ਨੇ ਗਰੀਬ ਤੇ ਦੱਬੇ ਕੁਚਲੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ।

ਸੋ ਬਲਦੇਵ ਸਿੰਘ ਰਚਿਤ 'ਮਹਾਂਬਲੀ ਸੂਰਾ' ਦੀ ਕਥਾ- ਵਸਤੂ ਦਾ ਸੰਬੰਧ ਸਤਾਰਵੀਂ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਹੈ, ਬਲਦੇਵ ਸਿੰਘ ਨੇ ਇਸ ਨਾਵਲ ਨੂੰ ਸਿਰਜਣ ਲਈ ਡੂੰਘਾ ਅਧਿਐਨ ਕਰਕੇ, ਉਸ ਅਧਿਐਨ ਨੂੰ ਆਪਣੀ ਕਲਾਤਮਕਤਾ ਵਿਚ ਢਾਲ ਕੇ ਸਫ਼ਲ ਬਿਰਤਾਂਤਕ ਸੰਗਠਨ ਵਿਚ ਬੰਨ੍ਹਿਆ ਹੈ। ਨਾਵਲ ਵਿਚਲੇ ਵੇਰਵੇ ਅਤੇ ਸਮੁੱਚਾ ਬਿਰਤਾਂਤ ਅੰਤ ਵਿਚ ਬੰਦੇ ਵਰਗੇ ਯੋਧੇ ਨੂੰ ਨਾਇਕ ਦਾ ਰੁਤਬਾ ਪ੍ਰਦਾਨ ਕਰਦੇ ਹਨ। ਲੇਖਕ ਨੇ ਇਸ ਨਾਵਲ ਵਿਚ ਬੰਦਾ ਬਹਾਦਰ ਦੇ ਜੀਵਨ ਅਤੇ ਸੰਘਰਸ਼ ਦੀ ਚੇਤਨਾ ਨੂੰ ਉਸ ਦੇ ਸਮਕਾਲ ਦੀਆਂ ਰਾਜਸੀ, ਵਿਚਾਰਧਾਰਕ ਅਤੇ ਸਮਾਜ-ਸਭਿਆਚਾਰਕ ਸਥਿਤੀਆਂ ਪ੍ਰਸਥਿਤੀਆਂ ਦੇ ਸੰਦਰਭ 'ਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਵਲ ਦਾ ਵਿਸ਼ਾ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਇਸ ਦੀ ਸਮਕਾਲੀ ਪ੍ਰਸੰਗਕਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਹੀ ਇਕ ਨਾਵਲ ਦੀ ਪ੍ਰਾਪਤੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਨਰੰਜਨ ਆਰਿਫ਼ੀ, ਰੰਘਰੇਟਿਆਂ ਦਾ ਇਤਿਹਾਸ, ਮੁਖਬੰਦ, ਪੰਨਾ 01
2. ਬਲਦੇਵ ਸਿੰਘ, ਮਹਾਂਬਲੀ ਸੂਰਾ, ਪੰਨਾ 26
3. ਉਹੀ, ਪੰਨਾ 49
4. ਉਹੀ, ਪੰਨਾ 148
5. ਉਹੀ, ਪੰਨਾ 201
6. ਉਹੀ, ਪੰਨਾ 200
7. ਬਲਕਾਰ ਸਿੰਘ, "ਅਣਗੌਲੇ ਸੰਦਰਭਾਂ ਦੀ ਬਿਰਤਾਂਤਕਾਰੀ: ਬੰਦਾ ਸਿੰਘ ਬਹਾਦਰ ਸ਼ਮਦਰਸ਼ੀ" ਅੰਕ-83, ਪੰਨਾ 123
8. ਉਹੀ, ਪੰਨਾ 330
9. ਉਧਰਿਤ, ਐਮ.ਐਸ.ਚਾਂਦਲਾ, ਬੰਦਾ ਬਹਾਦਰ, ਪੰਨਾ 222



**ਖੋਜਾਰਥੀ, ਪੰਜਾਬੀ ਵਿਭਾਗ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

ਪੰਜਾਬ ਦੀ ਧਰਤੀ ਸ਼ੁਰੂ ਤੋਂ ਹੀ ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਤੇ ਸੰਤ-ਮਹਾਤਮਾ ਦੀ ਧਰਤੀ ਰਹੀ ਹੈ। ਜਿਨ੍ਹਾਂ ਵਿੱਚੋਂ ਸੰਤ ਬਾਬਾ ਅਤਰ ਸਿੰਘ ਇਕ ਮਹਾਨ ਸੰਤ, ਨਾਮ ਦੇ ਰਸੀਏ, ਕਰਮਯੋਗੀ ਅਤੇ ਪਵਿੱਤਰ ਆਤਮਾ ਸਨ।

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧ ਭਾਵੈ ਸੋਈ ਆਖਾ
ਤਿਲੁ ਤੇਰੀ ਵਡਿਆਈ ॥

ਸੰਤ ਅਤਰ ਸਿੰਘ ਦੇ ਜੀਵਨ ਬਾਰੇ ਕੁਝ ਵੀ ਲਿਖਣਾ ਜਾਂ ਬੋਲਣਾ ਅਨਮੋਲ ਰਤਨਾਂ ਦੇ ਅਥਾਹ ਸਮੁੰਦਰ ਵਿੱਚੋਂ ਇਕ ਰਤਨ ਛੂਹਣ ਬਰਾਬਰ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦੇ ਗੁਣ ਅਤੇ ਉਨ੍ਹਾਂ ਵੱਲੋਂ ਕੀਤੇ ਕੰਮ ਨਾ ਭੁੱਲਣਯੋਗ ਹਨ। ਸੰਤ ਅਤਰ ਸਿੰਘ ਕੇਵਲ ਸਿੱਖ ਕੌਮ ਦੇ ਹੀ ਨਹੀਂ ਬਲਕਿ ਪੂਰੀ ਇਨਸਾਨੀਅਤ ਦੇ ਇਕ ਸੁੱਚੇ ਹੀਰੇ ਸਨ। ਆਪ ਦਾ ਜਨਮ ਚੇਤ ਸੁਦੀ ਏਕਮ ਸੰਮਤ ਬਿਕਰਮੀ 1923 (17 ਮਾਰਚ 1866 ਈਸਵੀ) ਨੂੰ ਬਾਬਾ ਕਰਮ ਸਿੰਘ ਅਤੇ ਮਾਤਾ ਭੋਲੀ ਦੇ ਘਰ ਜ਼ਿਲ੍ਹਾ ਸੰਗਰੂਰ ਤਹਿਸੀਲ ਸੁਨਾਮ ਦੇ ਪਿੰਡ ਚੀਮਾ (ਪੰਜਾਬ) ਵਿਖੇ ਹੋਇਆ।1 ਆਪ ਨੇ ਪਿੰਡ ਦੇ ਡੇਰੇ ਵਿੱਚ ਹੀ ਬਾਬਾ ਬੂਟਾ ਸਿੰਘ ਤੋਂ ਗੁਰਮੁਖੀ ਲਿਖਣੀ ਅਤੇ ਪੜ੍ਹਨੀ ਸਿੱਖੀ, ਆਪ ਨੇ ਸਿੱਖ ਧਰਮ ਦੀਆਂ ਪੁਸਤਕਾਂ ਅਤੇ ਵਿਚਾਰ ਸਾਗਰ ਪੁਸਤਕ ਦਾ ਗਿਆਨ ਹਾਸਲ ਕੀਤਾ ਅਤੇ ਉਨ੍ਹਾਂ ਦੀ ਬਿਰਤੀ ਵੀ ਪੂਰੀ ਤਰ੍ਹਾ ਧਾਰਮਿਕ ਬਣ ਚੁੱਕੀ ਸੀ। ਆਪ ਪਸ਼ੂ ਚਰਾਉਂਦੇ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਉਚਾਰਦੇ ਰਹਿੰਦੇ ਸਨ।

ਸੰਤ ਬਾਬਾ ਅਤਰ ਸਿੰਘ ਦਾ ਰੁਝਾਨ ਬੰਦਗੀ ਵੱਲ ਹੋਣ ਕਾਰਨ ਆਪ ਦੁਨਿਆਵੀ ਕਾਰ ਵਿਵਹਾਰ ਤੋਂ ਉਪਰਾਮ ਸਨ। ਚੀਮਾ ਨਗਰ ਦੇ ਸਰਦਾਰ ਦਲੇਲ ਸਿੰਘ ਸੂਬੇਦਾਰ ਦੀ ਸਲਾਹ ਤੇ ਆਪ ਦੇ ਮਾਤਾ-ਪਿਤਾ ਨੇ ਸੰਤ ਅਤਰ ਸਿੰਘ ਨੂੰ ਦੁਨਿਆਵੀ ਕਾਰ ਵਿਵਹਾਰ ਵਿੱਚ ਲਗਾਉਣ ਲਈ ਫ਼ੌਜ ਵਿਚ ਭਰਤੀ ਕਰਵਾਉਣ ਦਾ ਮਨ ਬਣਾਇਆ। 1884 ਈਸਵੀ ਵਿਚ 18 ਸਾਲ ਦੀ ਉਮਰ ਵਿੱਚ ਆਪ ਧਰਮਕੋਟ ਜਾ ਕੇ ਫ਼ੌਜ ਵਿਚ ਭਰਤੀ ਹੋ ਗਏ। 2 ਇੱਥੋਂ ਆਪ ਨੂੰ ਕੋਹਾਟ ਤੋਪਖਾਨੇ ਵਿੱਚ ਭੇਜ ਦਿੱਤਾ ਗਿਆ ਤੇ ਇੱਕ ਸਾਲ ਇੱਥੇ ਸਿਖਲਾਈ ਲੈਂਦੇ ਰਹੇ। ਇੱਥੇ ਕੰਮ ਵੱਧ ਹੋਣ ਕਾਰਨ ਭਜਨ-ਬੰਦਗੀ ਲਈ ਉਨ੍ਹਾਂ ਨੂੰ ਘੱਟ ਸਮਾਂ ਮਿਲਦਾ ਸੀ। ਇਸ ਲਈ ਸੰਤ ਅਤਰ ਸਿੰਘ ਨੇ ਦਲੇਲ ਸਿੰਘ ਨੂੰ ਕਹਿ ਕੇ 54 ਸਿੱਖ ਪਲਟਨ ਵਿਚ ਆਪਣੀ ਬਦਲੀ ਕਰਵਾ ਲਈ, ਜਿੱਥੇ ਸਿਮਰਨ ਲਈ ਖੁੱਲ੍ਹਾ ਸਮਾਂ ਮਿਲਣ ਲੱਗਾ। ਇੱਥੇ ਹੀ ਫ਼ੌਜ ਵਿੱਚ ਉਨ੍ਹਾਂ ਨੇ ਵਿਆਹ ਨਾ ਕਰਵਾਉਣ ਦਾ ਫ਼ੈਸਲਾ ਕਰ ਲਿਆ।

ਪਲਟਨ ਵਿਚ ਹੀ ਸੰਤ ਅਤਰ ਸਿੰਘ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਭਾਈ ਜੋਧ ਸਿੰਘ ਨਾਲ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਲੱਗ ਪਏ। ਹੁਣ ਉਨ੍ਹਾਂ ਦੀ ਪਹਿਰੇ ਦੀ ਡਿਊਟੀ ਵੀ ਮਾਫ਼ ਕਰ ਦਿੱਤੀ ਗਈ। ਆਪ ਨੂੰ ਸਿਮਰਨ ਲਈ ਚੰਗਾ ਸਮਾਂ ਮਿਲ ਗਿਆ। ਭਾਈ ਜੋਧ ਸਿੰਘ ਦੀ ਸੰਗਤ ਵਿਚ ਰਹਿੰਦਿਆਂ ਆਪ ਦੀ ਮਨ ਦੀ ਵੈਰਾਗੀ ਅਵਸਥਾ ਦਿਨੋ-ਦਿਨ ਵਧਦੀ ਗਈ। ਪਿਤਾ ਦੇ ਦੇਹਾਂਤ ਤੋਂ ਬਾਅਦ ਮਨ ਦੁਨੀਆਂ-ਦਾਰੀ ਤੋਂ ਹੋਰ ਵੀ ਉਪਰਾਮ ਹੋ ਗਿਆ। ਆਪ ਫ਼ੌਜ ਵਿੱਚੋਂ ਬਿਨਾਂ ਆਗਿਆ ਲਏ ਆ ਗਏ ਪਰ ਘਰ ਨਾ ਗਏ, ਸਗੋਂ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਦੇ ਦਰਸ਼ਨਾਂ ਲਈ ਪੈਦਲ ਚਲੇ ਗਏ। ਉੱਥੇ ਉਨ੍ਹਾਂ ਨੇ ਗੋਦਾਵਰੀ ਨਦੀ ਦੇ ਕੰਢੇ ਬੈਠ ਕੇ ਆਪ ਨੇ ਸਵਾ ਲੱਖ ਪਾਠ ਜਪੁਜੀ ਸਾਹਿਬ ਦੇ ਸੰਪੂਰਨ ਕੀਤੇ। ਨਗੀਨਾ ਘਾਟ ਵਿਖੇ ਇੱਕ ਸਾਲ ਸੱਤ ਮਹੀਨੇ ਤਪ ਕੀਤਾ।3 ਫਿਰ ਉਹ ਪੰਜਾਬ ਵੱਲ ਨੂੰ ਚੱਲ ਪਏ। ਪੈਦਲ ਹੀ ਮੱਧ ਪ੍ਰਦੇਸ਼ ਦੇ ਜੰਗਲਾਂ ਵਿੱਚੋਂ ਹੁੰਦੇ ਹੋਏ ਉਜੈਨ, ਅਜਮੇਰ, ਚਿਤੌੜਗੜ੍ਹ, ਮਥਰਾ ਤੋਂ ਹੁੰਦੇ ਹੋਏ ਦਿੱਲੀ ਪੁੱਜੇ ਤੇ ਅਖ਼ੀਰ ਹਰਿਦੁਆਰ ਆ ਗਏ। ਹਰਿਦੁਆਰ ਤੋਂ ਰਿਸ਼ੀਕੇਸ਼ ਜਾ ਕੇ ਗੰਗਾ ਕਿਨਾਰੇ ਤਪ ਕਰਨ ਲੱਗੇ। ਰਿਸ਼ੀਕੇਸ਼ ਤੋਂ ਘੁੰਮਦੇ ਹੋਏ ਸੰਤ ਅਤਰ ਸਿੰਘ ਆਪਣੇ ਨਗਰ ਚੀਮਾ ਵਿਖੇ ਪੁੱਜੇ।

ਨਗਰ ਚੀਮਾ ਵਿੱਚ ਕੁਝ ਦਿਨ ਨਿਵਾਸ ਕਰਨ ਸਮੇਂ ਸੰਤ ਅਤਰ ਸਿੰਘ ਨੂੰ ਆਪਣੇ ਬਚਪਨ ਦੇ ਸਾਥੀ ਨੰਬਰਦਾਰ ਹਰਨਾਮ ਸਿੰਘ ਤੋਂ ਪਤਾ ਲੱਗਾ ਕਿ ਫ਼ੌਜੀ ਬਿਨਾਂ ਆਗਿਆ ਗ਼ੈਰਹਾਜ਼ਰ ਰਹਿਣ ਕਾਰਨ ਆਪ ਦੀ ਭਾਲ ਵਿੱਚ ਪਿੰਡ ਆਉਂਦੇ ਹਨ। ਹਰਨਾਮ ਸਿੰਘ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਆਪ ਖ਼ੁਦ ਫ਼ੌਜ ਵਿੱਚੋਂ ਆਪਣਾ ਨਾਮ ਕਟਵਾ ਲਵੋ। ਜਦੋਂ ਆਪ ਨਾਮ ਕਟਵਾਉਣ ਲਈ ਫ਼ੌਜ ਦੀ 54 ਸਿੱਖ ਪਲਟਨ ਵਿੱਚ ਗਏ ਤਾਂ ਕਰਨੈਲ ਗੈਸਲੀ ਸਾਹਿਬ ਨੇ ਆਪ ਦੀ ਪਿਛਲੀ ਕਾਰਗੁਜ਼ਾਰੀ ਦੇਖਦੇ ਹੋਏ ਆਪ ਨੂੰ ਫ਼ੌਜ ਵਿਚ ਰੁਕਣ ਲਈ ਬੇਨਤੀ ਕੀਤੀ। ਪਰ ਉਹ ਨਾ ਮੰਨੇ ਤੇ ਉਨ੍ਹਾਂ ਨੂੰ ਕਿਹਾ, "ਹੁਣ ਤਾਂ ਅਸੀਂ ਅਕਾਲ ਪੁਰਖ ਦੀ ਹੀ ਨੌਕਰੀ ਕਰਨੀ ਹੈ।"4 ਸੰਤਾਂ ਨੂੰ ਕਈ ਦਿਨ ਕੋਰਟ ਗਾਰਡ ਵਿੱਚ ਰੱਖਣ ਸਮੇਂ ਕਰਨੈਲ ਗੈਸਲੀ ਨੇ ਉਨ੍ਹਾਂ ਨੂੰ ਲਗਾਤਾਰ ਨਾਮ ਸਿਮਰਨ ਵਿੱਚ ਲੀਨ ਦੇਖਿਆ। ਇਹ ਦੇਖ ਕੇ ਉਨ੍ਹਾਂ ਨੇ ਅਖ਼ੀਰ ਫ਼ੌਜ ਵਿੱਚੋਂ ਸੰਤ ਅਤਰ ਸਿੰਘ ਦਾ ਨਾਂ ਕੱਟ ਦਿੱਤਾ।

ਫ਼ੌਜ ਵਿੱਚੋਂ ਫਾਰਗ ਹੋ ਕੇ ਉਨ੍ਹਾਂ ਨੇ ਪੰਜਾ ਸਾਹਿਬ ਜਾਣ ਦਾ ਮਨ ਬਣਾਇਆ। ਰਸਤੇ ਵਿਚ ਉਹ ਸ਼ਾਹਾਂ ਦੀ ਢੇਰੀ ਪਿੰਡ ਵਿਖੇ ਭਾਈ ਗੁਰਮੁਖ ਸਿੰਘ ਅਤੇ ਮਾਈ ਰਾਧਾ ਕੋਲ ਰੁਕੇ, ਫਿਰ ਇਸ ਸਥਾਨ ਤੋਂ ਪੰਜਾ ਸਾਹਿਬ ਲਈ ਚੱਲ ਪਏ। ਰਾਵਲਪਿੰਡੀ ਵਿਖੇ ਕੁਝ ਸਮਾਂ ਬੰਦਗੀ ਕਰਨ ਉਪਰੰਤ ਉਹ ਬਿਕਰਮੀ ਸੰਮਤ 1950 ਨੂੰ ਆਪਣੇ ਪ੍ਰੇਮੀ ਸੰਤ ਰਾਮ ਸਿੰਘ ਜੀ ਪਾਸ ਥਮਾਲੀ ਪੁੱਜੇ। ਦੋਵਾਂ ਨੇ ਕੁਝ ਸਮਾਂ ਸਿਮਰਨ ਸਾਧਨਾ ਕਰਦਿਆਂ ਇਕੱਠਾ ਬਤੀਤ ਕੀਤਾ।

ਸੰਤ ਅਤਰ ਸਿੰਘ ਨੇ ਸੰਤ ਰਾਮ ਸਿੰਘ ਨੂੰ ਕਿਸੇ ਇਕਾਂਤ ਸਥਾਨ ਤੇ ਬੈਠ ਕੇ ਸਿਮਰਨ ਕਰਨ ਦੀ ਆਪਣੀ ਇੱਛਾ ਦੱਸੀ। ਸੰਤ ਰਾਮ ਸਿੰਘ ਨੇ ਆਪਣੇ ਪੁਰਾਤਨ ਪਿੰਡ ਕਨੋਹਾ ਦਾ ਡੇਰਾ ਸੰਤ ਅਤਰ ਸਿੰਘ ਨੂੰ ਦਿਖਾਇਆ, ਜੋ ਆਪ ਨੂੰ ਪਸੰਦ ਆਇਆ। ਸੰਤ ਅਤਰ ਸਿੰਘ ਨੇ ਇਥੇ ਭਾਰੀ ਤਪ ਸਾਧਨਾ ਕੀਤੀ। ਕੱਲਰ ਕਨੋਹਾ ਤੋਂ ਡੇਰਾ ਖਾਲਸਾ (ਪਾਕਿਸਤਾਨ), ਥੋਹਾ ਖਾਲਸਾ ਤੇ ਧਮਿਆਲ ਜਾ ਕੇ ਵੀ ਤਪ ਸਾਧਨਾ ਕੀਤੀ। ਆਪ ਨੇ ਸੰਗਤਾਂ ਨੂੰ ਸੱਚੀ-ਸੁੱਚੀ ਕਿਰਤ ਕਮਾਈ ਕਰਨ ਦਾ ਉਪਦੇਸ਼ ਦਿੱਤਾ। ਕੱਲਰ ਕਨੋਹਾ ਤੋਂ ਸੰਤ ਅਤਰ ਸਿੰਘ ਆਪਣੇ ਜਥੇ ਸਮੇਤ ਪੰਜਾ ਸਾਹਿਬ ਪੁੱਜੇ। ਇਸ ਸਮੇਂ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਅੰਮ੍ਰਿਤਸਰ ਵਾਲੇ ਵੀ ਪੰਜਾ ਸਾਹਿਬ ਵਿਖੇ ਯਾਤਰਾ ਤੇ ਆਏ ਸਨ। ਉਨ੍ਹਾਂ ਨੇ ਸੰਤ ਅਤਰ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਕੁਝ ਦਿਨਾਂ ਬਾਅਦ ਸੰਤ ਅਤਰ ਸਿੰਘ ਚੁੱਪ-ਚੁਪੀਤੇ ਸ੍ਰੀ ਅੰਮ੍ਰਿਤਸਰ ਸੰਤ ਬਾਬਾ ਸ਼ਾਮ ਸਿੰਘ ਕੋਲ ਪੁੱਜ ਗਏ। ਇੱਥੋਂ ਅੰਮ੍ਰਿਤਸਰ ਹੁੰਦੇ ਹੋਏ ਆਪ ਦਮਦਮਾ ਸਾਹਿਬ ਪੁੱਜੇ।

ਸ੍ਰੀ ਅੰਮ੍ਰਿਤਸਰ ਵਿਖੇ ਸੰਤ ਅਤਰ ਸਿੰਘ ਅਕਾਲ ਤਖ਼ਤ ਅਤੇ ਮੰਜੀ ਸਾਹਿਬ ਕਾਫ਼ੀ ਸਮਾਂ ਦੀਵਾਨ ਸਜਾਉਂਦੇ ਰਹੇ। ਇੱਥੇ ਵੀ ਸੰਤ ਬਾਬਾ ਅਤਰ ਸਿੰਘ ਨੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਗੁਰੂ ਨਾਨਕ ਦੇਵ ਦੁਆਰਾ ਚਲਾਈ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਇਸਤਰੀ ਵਰਗ ਨੂੰ ਸਨਮਾਨਿਤ ਕਰਦਿਆਂ ਬੀਬੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣਾ ਸੰਤ ਅਤਰ ਸਿੰਘ ਨੇ ਹੀ ਆਰੰਭ ਕੀਤਾ। ਆਪ ਨੇ 14 ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ।

ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਦੇ ਰਾਜੇ ਸੰਤ ਅਤਰ ਸਿੰਘ ਦੇ ਪੱਕੇ ਸ਼ਰਧਾਲੂ ਸਨ। ਪੰਥ ਰਤਨ ਮਾਸਟਰ ਤਾਰਾ ਸਿੰਘ ਪਹਿਲੀ ਵਾਰ ਸੰਤ ਅਤਰ ਸਿੰਘ ਨੂੰ ਡੇਰਾ ਖਾਲਸਾ ਮਿਲੇ। ਉਹ ਵੀ ਇਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ। ਭਾਈ ਕਾਹਨ ਸਿੰਘ ਨਾਭਾ ਇੱਕ ਦੀਵਾਨ ਵਿੱਚ ਸੰਤ ਅਤਰ ਸਿੰਘ ਦੇ ਦਰਸ਼ਨ ਕਰਨ ਆਏ। ਭਾਈ ਸਾਹਿਬ ਆਪਣੇ ਅਨੁਭਵ ਸੰਤ ਅਤਰ ਸਿੰਘ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ:- "ਸੰਤ ਜੀ ਆਤਮ ਗਿਆਨੀ, ਭਗਤ, ਨਾਮ ਰਸੀਏ, ਰਾਗ ਵਿੱਦਿਆ ਦੇ ਪੂਰੇ ਜਾਣੂੰ, ਪਰਉਪਕਾਰੀ, ਉਦਾਰਚਿੱਤ ਅਤੇ ਅਤਿਅੰਤ ਸਨਿਮਰ ਸਨ। ਅਜਿਹੇ ਮਹਾਂਪੁਰਖ ਜੀਵਾਂ ਦੇ ਕਲਿਆਣ ਵਾਸਤੇ ਕਦੇ-ਕਦੇ ਹੀ ਸੰਸਾਰ ਵਿੱਚ ਪ੍ਰਗਟ ਹੁੰਦੇ ਹਨ।"5

ਸੰਤ ਹੋਣ ਦਾ ਸਨਮਾਨ ਪਹਿਲੀ ਵਾਰ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਨੂੰ ਹੀ ਪ੍ਰਾਪਤ ਹੋਇਆ। ਸਿੱਖ ਵਿੱਦਿਅਕ ਕਾਨਫਰੰਸ ਦੀ ਪ੍ਰਬੰਧਕ ਸੰਸਥਾ ਚੀਫ਼ ਖਾਲਸਾ ਦੀਵਾਨ ਸਮੇਤ ਖਾਲਸਾ ਪੰਥ ਦੀਆਂ ਸਮੂਹ ਪ੍ਰਮੁੱਖ ਹਸਤੀਆਂ ਅਤੇ ਸੰਗਤਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸ੍ਰੀਮਾਨ ਸੰਤ ਅਤਰ ਸਿੰਘ ਨੂੰ ਸੰਤ ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਕਿਸੇ ਵੀ ਮਹਾਂਪੁਰਖ ਨੂੰ ਸੰਤ ਨਹੀਂ ਕਿਹਾ ਜਾਂਦਾ ਸੀ।

ਸੰਤ ਅਤਰ ਸਿੰਘ ਅੰਮ੍ਰਿਤਸਰ ਤੋਂ ਆਪਣੇ ਪਿੰਡ ਨਗਰ ਚੀਮਾ ਵਿਖੇ ਹੁੰਦੇ ਹੋਏ ਕੱਟੂਵਾਲੀਆਂ ਤੋਂ ਮਸਤੂਆਣਾ ਪੁੱਜੇ। ਸੰਮਤ ਬਿਕਰਮੀ 1958 ਚੇਤ ਸੁਦੀ ਏਕਮ ਵਾਲੇ ਦਿਨ ਸੰਤ ਅਤਰ ਸਿੰਘ ਨੇ ਮਸਤੂਆਣੇ ਦੇ ਝਿੜੇ ਵਿਚ ਰਹਿੰਦੇ ਹੋਏ ਬਚਨ ਕੀਤੇ,"ਇੱਥੇ ਗੁਰਦੁਆਰਾ ਬਣੇਗਾ, ਇੱਥੇ ਸਰੋਵਰ ਹੋਵੇਗਾ, ਲੰਗਰ ਚੱਲਣਗੇ, ਵਿਦਿਆਲੇ ਚੱਲਣਗੇ, ਭੁਝੰਗੀ ਮੁਫ਼ਤ ਵਿੱਦਿਆ ਪੜ੍ਹਿਆ ਕਰਨਗੇ।" ਫਿਰ ਹੌਲੀ-ਹੌਲੀ ਸੰਤ ਅਤਰ ਸਿੰਘ ਨੇ ਗੁਰਦੁਆਰਾ ਮਸਤੂਆਣਾ ਸਾਹਿਬ ਦੀ ਕਾਰ ਸੇਵਾ ਆਰੰਭ ਕਰਵਾ ਦਿੱਤੀ।

ਰੀਪੁਦਮਨ ਸਿੰਘ, ਵਾਲੀਏ ਰਿਆਸਤ ਨਾਭਾ ਜਦੋਂ ਕਸ਼ਮੀਰ ਜਾ ਰਹੇ ਸੀ ਤਾਂ ਉਹ ਸੰਤਾਂ ਦੇ ਦਰਸ਼ਨ ਕਰਨ ਲਈ ਰਾਵਲਪਿੰਡੀ ਰੁਕੇ। ਉਨ੍ਹਾਂ ਨੇ ਸੰਤ ਅਤਰ ਸਿੰਘ ਨੂੰ ਬੇਨਤੀ ਕੀਤੀ ਕਿ ਮਾਲਵਾ ਇਲਾਕਾ ਬਹੁਤ ਪਛੜਿਆ ਹੋਇਆ ਹੈ ਉਸ ਤੇ ਵੀ ਕਿਰਪਾ ਕਰੋ। ਆਪ ਨੇ ਫੁਰਮਾਇਆ, "ਅਸੀਂ ਉਸ ਇਲਾਕੇ ਵਿੱਚ ਖਾਲਸੇ ਦਾ ਇੱਕ ਕੇਂਦਰ ਰਚ ਰਹੇ ਹਾਂ। ਸਾਡਾ ਸੰਕਲਪ ਹੈ ਕਿ ਉੱਥੇ ਮਾਲਵੇ ਦੀ ਵਿੱਦਿਅਕ ਯੂਨੀਵਰਸਿਟੀ ਬਣੇ। ਪਰ ਉਹ ਇਲਾਕਾ ਮਾਇਆ ਪੱਖੋਂ ਕਮਜ਼ੋਰ ਹੈ, ਇਸ ਲਈ ਇੱਧਰ ਪ੍ਰਚਾਰ ਕਰਕੇ ਮਾਇਆ ਭੇਜ ਰਹੇ ਹਾਂ।" ਰੀਪੁਦਮਨ ਨੇ ਕਿਹਾ, "ਆਪ ਮਾਲਵੇ ਤੇ ਕਿਰਪਾ ਕਰੋ, ਮਾਇਆ ਦੀ ਸੇਵਾ ਦਾਸ ਕਰੇਗਾ।"6

ਰੀਪੁਦਮਨ ਸਿੰਘ ਨੇ ਆਪਣਾ ਵਚਨ ਪੂਰਾ ਕੀਤਾ ਤੇ ਆਪਣੇ ਰਾਜ ਕਾਲ ਵਿੱਚ ਮਸਤੂਆਣਾ ਸਾਹਿਬ ਦੀ ਸੇਵਾ ਵਿਚ ਭਰਪੂਰ ਹਿੱਸਾ ਪਾਇਆ। ਸੰਤ ਅਤਰ ਸਿੰਘ ਰਾਵਲਪਿੰਡੀ ਤੋਂ ਮਸਤੂਆਣਾ ਸਾਹਿਬ ਆ ਗਏ। ਸੰਗਤਾਂ ਨੇ ਵੀ ਪੂਰੇ ਉਤਸ਼ਾਹ ਨਾਲ ਸੇਵਾ ਕੀਤੀ। ਦਰਬਾਰ ਸਾਹਿਬ ਦੀ ਸੇਵਾ ਦੋ ਸਾਲਾਂ ਵਿੱਚ ਸੰਪੂਰਨ ਹੋਈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਮੁੱਖਵਾਕ ਲਿਆ ਗਿਆ, ਜੋ ਨਿਮਨ ਲਿਖਤ ਅਨੁਸਾਰ ਬਖਸ਼ਿਸ਼ ਹੋਇਆ:-

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆਂ
ੴ ਸਤਿਗੁਰ ਪ੍ਰਸਾਦਿ॥
ਗੁਰੁਸਾਗਰ ਰਤਨੀ ਭਰਪੂਰੇ॥ ਅੰਮ੍ਰਿਤ ਸੰਤ ਚੁਗਹਿ ਨਹੀਂ ਦੂਰੇ॥

ਇਹ ਹੁਕਮਨਾਮਾ ਸੁਣ ਕੇ ਤੀਰਥ ਅਸਥਾਨ ਦਾ ਨਾਮ ਗੁਰੁਸਾਗਰ ਸਾਹਿਬ ਰੱਖਿਆ ਗਿਆ। ਜੋ ਹੁਣ ਗੁਰੁਸਾਗਰ ਮਸਤੂਆਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।

ਸੰਤ ਅਤਰ ਸਿੰਘ ਨੇ ਕੇਵਲ ਧਾਰਮਿਕ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਸਿੱਖ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ। "ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਸਹਿਯੋਗ ਦਿੱਤਾ ਅਤੇ

ਨਾਨਕਿਆਣਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1921 ਵਿੱਚ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਏ ਸਿੰਘਾਂ ਦੀ ਅਰਦਾਸ ਸਮੇਂ ਦੀਵਾਨ ਵਿੱਚ ਸ਼ਾਮਲ ਹੋਏ। ਉਹ ਜੈਤੋ ਵਿਖੇ ਅਕਾਲੀ ਮੋਰਚੇ ਵੱਲੋਂ ਰੱਖੇ ਭੋਗ ਸਮੇਂ ਵੀ ਹਾਜ਼ਰ ਹੋਏ। ਇੰਟੈਲੀਜੈਂਸ ਵਿਭਾਗ ਦੀ ਸਰਕਾਰੀ ਰਿਪੋਰਟ 1911 ਦੇ ਅਨੁਸਾਰ ਸੰਤ ਅਤਰ ਸਿੰਘ ਹੀ ਸਿੱਖਾਂ ਦੀ ਤੱਤ ਖਾਲਸਾ ਲਹਿਰ ਦੇ ਪ੍ਰੇਰਕ ਸਨ।"7

ਉਨ੍ਹਾਂ ਨੇ ਵਿੱਦਿਆ ਦੇ ਪ੍ਰਸਾਰ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਆਪ ਜੀ ਨੇ 1906-1907 ਈਸਵੀ ਵਿਚ ਇਸਤਰੀ ਵਿੱਦਿਆ ਸਕੂਲ ਮਸਤੂਆਣਾ ਸਾਹਿਬ ਵਿਖੇ ਆਰੰਭ ਕੀਤਾ। ਇਸ ਨੂੰ ਬਾਅਦ ਵਿੱਚ ਕੁਝ ਔਕੜਾਂ ਕਾਰਨ ਭਸੌੜ ਦੇ ਗੁਰਮਤਿ ਪ੍ਰਚਾਰ ਕੇਂਦਰ ਦੇ ਸਥਾਨ ਤੇ ਭੇਜ ਦਿੱਤਾ ਗਿਆ। 1914 ਈਸਵੀ ਵਿੱਚ ਮਦਨ ਮੋਹਨ ਮੌਲਵੀਆ ਤੇ ਹੋਰ ਰਾਜਿਆਂ ਦੀ ਬੇਨਤੀ ਤੇ ਬਨਾਰਸ ਹਿੰਦੂ ਯੂਨੀਵਰਸਿਟੀ ਵਿਖੇ ਸੰਸਕ੍ਰਿਤ ਕਾਲਜ ਦੀ ਨੀਂਹ ਰੱਖਣ ਦੀ ਰਸਮ ਵੀ ਆਪ ਨੇ ਨਿਭਾਈ। ਸੰਤ ਅਤਰ ਸਿੰਘ ਨੇ 1915 ਈਸਵੀ ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਫਿਰੋਜ਼ਪੁਰ ਵਿੱਚ ਭਾਗ ਲਿਆ। ਉਨ੍ਹਾਂ ਨੇ ਕਈ ਸਿੱਖਿਆ ਸੰਸਥਾਵਾਂ ਜਿਵੇਂ ਖਾਲਸਾ ਹਾਈ ਸਕੂਲ ਲਾਇਲਪੁਰ, ਖਾਲਸਾ ਹਾਈ ਸਕੂਲ ਚੱਕਵਾਲ, ਮਿਸ਼ਨਰੀ ਕਾਲਜ ਗੁੱਜਰਾਂਵਾਲਾ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਮਾਲਵੇ ਦੇ ਅਤਿ ਪਛੜੇ, ਅਨਪੜ੍ਹਤਾ ਪ੍ਰਧਾਨ ਇਲਾਕੇ ਵਿੱਚ ਜਿੱਥੇ ਲੋਕਾਂ ਦੇ ਮਨੋਰੰਜਨ ਲਈ ਜਲਸਿਆਂ ਵਿੱਚ ਗੰਦੀਆਂ ਬੋਲੀਆਂ ਪਾਉਣ ਦਾ ਰਿਵਾਜ ਸੀ, ਇੱਕ ਮਹਾਨ ਵਿੱਦਿਆ ਕੇਂਦਰ ਦੀ ਸਥਾਪਨਾ ਕਰਕੇ ਇੱਥੋਂ ਦੀ ਲੋਕਾਈ ਤੇ ਵੱਡਾ ਪਰ-ਉਪਕਾਰ ਕੀਤਾ। 1916 ਈਸਵੀ ਵਿਚ ਨਾਭਾ ਸਟੇਟ ਨਾਲ ਮਾਨਤਾ ਪ੍ਰਾਪਤ ਲੜਕਿਆਂ ਦਾ ਹਾਈ ਸਕੂਲ ਖੋਲ੍ਹਿਆ। ਜੋ ਹੁਣ 1976 ਤੋਂ ਬਹਾਦਰਪੁਰ ਵਿਖੇ ਅਕਾਲ ਸੀਨੀਅਰ ਸੈਕੰਡਰੀ ਸਕੂਲ ਦੇ ਰੂਪ ਵਿੱਚ ਚੱਲ ਰਿਹਾ ਹੈ।

1920 ਈਸਵੀ ਨੂੰ ਅਕਾਲ ਕਾਲਜ ਆਰੰਭ ਕੀਤਾ ਗਿਆ। ਅਕਾਲ ਸਕੂਲ ਅਤੇ ਕਾਲਜ ਵਿੱਚ ਸ਼ੁਰੂ ਤੋਂ ਹੀ ਸਾਇੰਸ ਅਤੇ ਕਿੱਤਾ ਸਿਖਲਾਈ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ ਸੀ। ਕਿੱਤਾ ਮੁਖੀ ਸਿੱਖਿਆ ਉਸ ਜ਼ਮਾਨੇ ਵਿਚ ਮਸਤੂਆਣਾ ਸਾਹਿਬ ਵਿਖੇ ਸ਼ੁਰੂ ਕੀਤੀ ਗਈ, ਜਦੋਂ ਦੇਸ਼ ਵਿੱਚ ਅਜਿਹੀ ਸਿਖਲਾਈ ਬਾਰੇ ਕੋਈ ਸੋਚ ਵੀ ਨਹੀਂ ਸੀ ਸਕਦਾ। ਮਸਤੂਆਣਾ ਸਾਹਿਬ ਵਿਖੇ ਵਿੱਦਿਆ ਦੇ ਨਾਲ ਵਿਦਿਆਰਥੀਆਂ ਲਈ ਬਿਲਕੁਲ ਮੁਫ਼ਤ ਪੁਸਤਕਾਂ, ਰਿਹਾਇਸ਼, ਲੰਗਰ ਅਤੇ ਬਸਤਰਾਂ ਦਾ ਪ੍ਰਬੰਧ ਕੀਤਾ। 1907 ਈਸਵੀ ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਵੀ ਆਪ ਨੇ ਰੱਖੀ। ਸੰਤ ਅਤਰ ਸਿੰਘ ਲੁਧਿਆਣਾ ਵਿਖੇ ਖਾਲਸਾ ਹਾਈ ਸਕੂਲ ਦਾ ਨੀਂਹ ਪੱਥਰ ਰੱਖਣ ਲਈ ਗਏ।

ਸੰਤ ਅਤਰ ਸਿੰਘ ਦੀ ਪ੍ਰੇਰਨਾ ਸਦਕਾ ਹੀ ਸੰਤ ਤੇਜਾ ਸਿੰਘ ਨੇ ਕਲਗੀਧਰ ਟਰੱਸਟ ਦੀ ਸਥਾਪਨਾ ਕੀਤੀ। ਜਿਸ ਦੇ ਅਧੀਨ ਅਕਾਲ ਅਕੈਡਮੀਆਂ ਦੀ ਸਥਾਪਨਾ ਕੀਤੀ ਗਈ ਜੋ ਅੱਜਕੱਲ੍ਹ ਵਿੱਦਿਆ ਪ੍ਰਦਾਨ ਕਰ ਰਹੀਆਂ ਹਨ। ਸੰਤ ਅਤਰ ਸਿੰਘ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਹਰ ਸਾਲਾਨਾ ਸਮਾਗਮ ਵਿੱਚ ਹਾਜ਼ਰ ਹੁੰਦੇ ਸਨ ਕਿਉਂਕਿ ਉਹ ਇਸ ਨੂੰ ਸਿੱਖ ਪੰਥ ਦੀ ਇਕੱਤਰਤਾ, ਮਜ਼ਬੂਤੀ ਤੇ ਤਰੱਕੀ ਲਈ ਜ਼ਰੂਰੀ ਸਮਝਦੇ ਸੀ।

1923 ਈਸਵੀ ਨੂੰ ਗੁਰੁਸਾਗਰ ਮਸਤੂਆਣਾ ਸਾਹਿਬ ਦਾ ਪ੍ਰਬੰਧ ਕਮੇਟੀ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨੂੰ ਸੌਂਪ ਕੇ ਸੰਤ ਅਤਰ ਸਿੰਘ ਪੋਠੋਹਾਰ, ਮਾਝੇ ਅਤੇ ਮਾਲਵੇ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਸੱਪ ਦੇ ਡੱਸਣ ਕਾਰਨ ਫੈਲੇ ਜ਼ਹਿਰ ਦੇ ਕਾਰਨ 31 ਜਨਵਰੀ 1927 ਈਸਵੀ ਨੂੰ ਸੰਤ ਅਤਰ ਸਿੰਘ ਅੰਮ੍ਰਿਤ ਵੇਲੇ ਸਵਾ ਇਕ ਵਜੇ ਸੱਚ ਖੰਡ ਚਲੇ ਗਏ। ਸੰਤ ਅਤਰ ਸਿੰਘ ਦਾ ਨਾਂ ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ। ਸ੍ਰ: ਆਸਾ ਸਿੰਘ ਨਿਰਮਾਣ ਨੇ ਸਹੀ ਲਿਖਿਆ ਹੈ:-

"ਧੰਨ ਸੰਤ ਅਤਰ ਸਿੰਘ ਜਿੱਥੋਂ ਦੀ ਤੂੰ ਲੰਘ ਗਿਉਂ,
ਅਤਰਾਂ ਤੋਂ ਵੱਧ ਪਈ ਵਾਸ਼ਨਾ ਹੈ ਆਂਵਦੀ।"8

## ਹਵਾਲੇ ਤੇ ਟਿੱਪਣੀਆਂ

1 ਸ੍ਰ: ਮੁਖਤਿਆਰ ਸਿੰਘ 'ਗੋਸਲ', ਸ੍ਰ: ਅਮਰ ਸਿੰਘ 'ਧੀਮਾਨ', ਸੰਖੇਪ ਜੀਵਨ ਕਥਾ, ਅਕਾਲ ਕਾਲਜ ਕੌਂਸਲ, ਮਸਤੂਆਣਾ ਸਾਹਿਬ, 2006, ਪੰਨਾ 4; ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 52
2 ਸ੍ਰ: ਮੁਖਤਿਆਰ ਸਿੰਘ 'ਗੋਸਲ', ਸ੍ਰ: ਅਮਰ ਸਿੰਘ 'ਧੀਮਾਨ', ਉਕਤ ਪੁਸਤਕ, ਪੰਨਾ 4; ਭਾਈ ਕਾਨ੍ਹ ਸਿੰਘ ਨਾਭਾ, ਉਕਤ ਪੁਸਤਕ, ਪੰਨਾ 52; ਹਰਬੰਸ ਸਿੰਘ, ਦਾ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਵਾਂ ਪ੍ਰਕਾਸ਼ਨ 2012, ਪੰਨਾ 212, 17 ਸਾਲ ਦੀ ਉਮਰ ਵਿੱਚ ਸੰਤ ਅਤਰ ਸਿੰਘ ਧਰਮਕੋਟ ਜਾ ਕੇ ਫ਼ੌਜ ਵਿਚ ਭਰਤੀ ਹੋ ਗਏ ਸਨ।
3 ਸ੍ਰ: ਮੁਖਤਿਆਰ ਸਿੰਘ 'ਗੋਸਲ', ਸ੍ਰ: ਅਮਰ ਸਿੰਘ 'ਧੀਮਾਨ', ਉਕਤ ਪੁਸਤਕ, ਪੰਨਾ 8
4 ਉਹੀ, ਪੰਨਾ 12
5 ਉਹੀ, ਪੰਨਾ 49
6 ਉਹੀ, ਪੰਨਾ 39
7 ਹਰਬੰਸ ਸਿੰਘ, ਉਕਤ ਪੁਸਤਕ, ਪੰਨਾ 214
8 ਸ੍ਰ: ਮੁਖਤਿਆਰ ਸਿੰਘ 'ਗੋਸਲ', ਸ੍ਰ: ਅਮਰ ਸਿੰਘ 'ਧੀਮਾਨ' ਉਕਤ ਪੁਸਤਕ, ਪੰਨਾ 71

**ਪਿੰਡ ਤੇ ਡਾਕਖਾਨਾ ਬਡਰੁੱਖਾਂ,**
**ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ (ਪੰਜਾਬ)**

ਪੁਸਤਕ ਪੜਚੋਲ

## ਪੰਜਾਬੀ ਸੰਸਕਾਰ ਤੇ ਸੰਸਕ੍ਰਿਤੀ ਦਾ ਸੰਕਲਪ ਉਭਾਰਦੀਆਂ ਹਨ ਡਾ. ਹਰਮਹੇਂਦਰ ਸਿੰਘ ਬੇਦੀ ਰਚਿਤ ਕਾਵਿ-ਸੰਗ੍ਰਹਿ 'ਇਕਾਂਤ ਵਿੱਚ ਸ਼ਬਦ' ਦੀਆਂ ਕਵਿਤਾਵਾਂ / ਡਾ. ਧਰਮਪਾਲ ਸਾਹਿਲ



ਮੂਲ ਤੌਰ ਤੇ ਉੱਘੇ ਹਿੰਦੀ ਕਵੀ ਤੇ ਸਮਰੱਥ ਅਲੋਚਕ ਡਾ. ਹਰਮਹੇਂਦਰ ਸਿੰਘ ਬੇਦੀ ਆਪਣੇ ਨੌ ਮੌਲਿਕ ਕਾਵਿ ਸੰਗ੍ਰਹਿ ਨਾਲ ਪੰਜਾਬ ਹੀ ਨਹੀਂ ਸਗੋਂ ਰਾਸ਼ਟਰ ਪੱਧਰ ਤੇ ਰਚੀ ਜਾ ਰਹੀ ਹਿੰਦੀ ਕਵਿਤਾ ਵਿੱਚ ਜ਼ਿਕਰਯੋਗ ਥਾਂ ਰਖਦੇ ਹਨ। ਉਨ੍ਹਾਂ ਵਲੋਂ ਆਪਣੇ ਸਤਵੇਂ ਸੰਗ੍ਰਹਿ ''ਇਕਾਂਤ ਮੇਂ ਸ਼ਬਦ'' ਦਾ ਪੰਜਾਬੀ 'ਚ ਸਵੈ ਅਨੁਵਾਦਤ ਸੰਗ੍ਰਹਿ 'ਇਕਾਂਤ ਵਿੱਚ ਸ਼ਬਦ' ਪੰਜਾਬੀ ਪਾਠਕਾਂ ਤੀਕ ਪੁਜਾਇਆ ਹੈ। ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਡਾ. ਬੇਦੀ ਨੇ ਹਿੰਦੀ ਅਤੇ ਪੰਜਾਬੀ ਦੋਵਾਂ ਹੀ ਭਾਸ਼ਾਵਾਂ ਵਿੱਚ ਰਚੀਆਂ ਕਵਿਤਾਵਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪੱਲਾ ਮਜਬੂਤੀ ਨਾਲ ਫੜੀ ਰਖਿਆ ਹੈ। ਪੰਜਾਬੀ ਕਾਵਿ ਮੁਹਾਵਰਾ, ਪੰਜਾਬ ਦੀ ਮਿੱਟੀ ਦਾ ਰੰਗ-ਸੁਗੰਧ, ਸੰਸਕਾਰ, ਸੰਸਕ੍ਰਿਤੀ ਇਨ੍ਹਾਂ ਕਵਿਤਾਵਾਂ'ਚ ਖੰਡ-ਮਿਸ਼ਰੀ ਵਾਂਗ ਰਚੇ ਬਸੇ ਹਨ। ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਪ੍ਰਕਿਰਤੀ ਨਾਲ ਸੰਵਾਦ ਹੈ। ਜੀਵਨ ਦੇ ਗੂੜ੍ਹ ਰਹਿੱਸਾਂ ਤੇ ਪ੍ਰਸ਼ਨ ਹਨ। ਆਪਣੀਆਂ ਜੜ੍ਹਾਂ ਵੱਲ ਪਰਤਣ, ਉਨਾਂ ਨਾਲ ਜੁੜਣ ਦਾ ਉਪਰਾਲਾ ਹੈ। ਕਵੀ ਮਹਾਨਗਰ ਵਿੱਚ ਰਹਿੰਦਾ ਹੋਇਆ ਵੀ ਪਹਾੜਾਂ ਦੀ ਗੋਦ ਵਿੱਚ ਸਮਾਧੀ ਲਾ ਕੇ, ਕਿਸੇ ਤਪਸਵੀ ਵਾਂਗ ਆਪਣੇ ਅੰਦਰਲੇ ਸੰਸਾਰ ਅਤੇ ਕੁਦਰਤ ਨਾਲ ਇੱਕ ਮਿੱਕ ਹੋਕੇ ਸੰਵਾਦ ਰਚਾਉਂਦਾ ਮਹਿਸੂਸ ਹੁੰਦਾ ਹੈ। ਚਿੰਤਨ-ਮਨਨ ਤੇ ਇਕਾਗਰਤਾ ਦੇ ਸਰੋਵਰ 'ਚ ਟੁੱਭੀ ਲਾ ਕੇ ਮੌਲਿਕ ਵਿਚਾਰਾਂ ਦੇ ਮੋਤੀ ਲੱਭਦਾ, ਆਤਮ ਦਰਸ਼ਨ ਰਾਹੀਂ ਪੁਰਾਤਨ ਤੇ ਨਵੀਨਤਮ ਯਥਾਰਥ ਦੇ ਰੂਬਰੂ ਹੁੰਦਾ ਪ੍ਰਤੀਤ ਹੁੰਦਾ ਹੈ। ਇੰਜ ਗਹਿਨ ਆਤਮ ਚਿੰਤਨ ਅਤੇ ਮੰਥਨ 'ਚੋਂ ਨਿਕਲੀਆਂ ਇਹ ਕਵਿਤਾਵਾਂ ਮਨੁੱਖੀ ਸਰੋਕਾਰਾਂ, ਮਨੁੱਖੀ ਪਰਵਿਰਤੀਆਂ, ਮਨੁੱਖੀ ਸਮਰਿਤੀਆਂ, ਮਨੁੱਖੀ ਵਿਰਤੀਆਂ ਦਾ ਦਾਰਸ਼ਨਿਕ ਤੇ ਅਧਿਆਤਮ ਪੱਧਰ ਤੇ ਵਿਸ਼ਲੇਸ਼ਣ ਕਰਦੀਆਂ ਉਨ੍ਹਾਂ ਰਮਜਾਂ ਦਾ ਪ੍ਰਗਟਾਅ ਕਰਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਯੁਗਾਂ-ਯੁਗਾਂ ਤੋਂ ਆਪਣੇ ਸੰਸਕਾਰਾਂ, ਤੇ ਮਨ ਦੀਆਂ ਕਈ ਪਰਤਾਂ ਹੇਠ ਦਬਾਈ ਬੈਠਾ ਹੈ। ਮਨੁੱਖੀ ਗਿਆਨ, ਵਿਵੇਕ, ਚਿੰਤਨ ਅਤੇ ਅਵਚੇਤਨ ਨੂੰ ਫਰੋਲਦੀਆਂ ਮਨੁੱਖੀ ਅਸਤੀਤਵ ਦੀਆਂ ਜੜ੍ਹਾਂ ਦੇ ਪਸਾਰ ਤੇ ਰੋਸ਼ਨੀ ਪਾਉਂਦੀਆਂ ਨਜ਼ਰ ਆਉਂਦੀਆਂ ਹਨ।

''ਇਕਾਂਤ ਵਿੱਚ ਸ਼ਬਦ' ਓਪਰੀ ਨਜ਼ਰੇ ਸਰਲ, ਤਰਲ, ਸਪਸ਼ਟ ਤੇ ਸਧਾਰਨ ਜਿਹੀ ਅਭਿਵਿਅਕਤੀ ਮਹਿਸੂਸ ਹੁੰਦੀਆਂ ਹਨ, ਪਰ ਜਿਵੇਂ-ਜਿਵੇਂ ਪਾਠਕ ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਤੋਂ ਪਾਰ ਜਾ ਕੇ, ਇਨ੍ਹਾਂ ਹੇਠਲੇ ਵਗਦੇ ਵਿਚਾਰਧਾਰਕ ਦਰਿਆ ਨਾਲ ਵਹਿਣ ਲਗਦਾ ਹੈ ਤੇ ਡੂੰਘਾ ਹੋਰ ਡੂੰਘਾ ਉਤਰਦਾ ਜਾਂਦਾ ਹੈ, ਫਿਰ ਇਨ੍ਹਾਂ ਕਵਿਤਾਵਾਂ ਦੇ ਵਿਸ਼ੇਸ਼ਕਾਰੀ ਅਤੇ ਚਮਤਕਾਰੀ ਅਰਥ ਉਘੜ ਦੇ ਸਾਮ੍ਹਣੇ ਆਉਣ ਲਗਦੇ ਹਨ। ਸਾਡਾ ਗਿਆਨ, ਧਿਆਨ, ਧਰਮ, ਕਰਮ,




ਵਿਵੇਕ, ਚੇਤੰਨਤਾ, ਅਵਚੇਤਨਤਾ, ਜਿੰਦਗੀ ਭੇਤਾਂ, ਅਨੁਭੂਤੀਆਂ ਦੇ ਨਵੇਂ ਨਿਵੇਕਲੇ ਅਰਥ ਸਪਸ਼ਟ ਹੋਣ ਲਗਦੇ ਹਨ। ਪਾਠਕ ਡਾ. ਬੇਦੀ ਦੀ ਮੌਲਿਕ ਬਿੰਬ ਪ੍ਰਬੰਧ ਅਤੇ ਕਾਵਿਕ ਵਿਧਾਨ ਨਾਲ ਸਰਸ਼ਾਰ ਹੁੰਦਾ ਹੈ। ਸੰਗ੍ਰਹਿ ਦੀਆਂ ਕਵਿਤਾਵਾਂ ਸਹਿਜ 'ਸੁਹਜ-ਸੁਆਦ' (ਐਸਥੈਟਿਕ ਪਲਈਜਰ) ਦਾ ਅਨੰਦ ਦੇਣ ਵਾਲੀਆਂ ਰਚਨਾਵਾਂ ਨਹੀਂ ਸਗੋਂ ਉਨ੍ਹਾਂ ਸਾਰੀਆਂ ਜਟਿਲਤਾਵਾਂ, ਗੁੰਝਲਾ, ਦਵੰਦ, ਵਿਕਰਤੀਆਂ,ਵਿਸੰਗਤੀਆਂ, ਜਿਹੜੀਆਂ ਮਨੁੱਖੀ ਬਾਹਰੀ ਸੰਸਾਰ ਵਿੱਚ ਮਹਿਸੂਸ ਕਰ ਰਿਹਾ ਹੈ, ਜਦੋਂਕਿ ਇਨ੍ਹਾਂ ਦੇ ਬੀਜ ਮਨੁੱਖ ਦੇ ਅੰਦਰਲੇ ਮਨ ਸੰਸਾਰ ਵਿੱਚ ਹੀ ਰੌਸ਼ਨੀ ਪਾਉਂਦੀਆਂ ਹਨ। ਆਤਮ ਦਰਸ਼ਨ ਰਾਹੀਂ ਉਨ੍ਹਾਂ ਨਾਲ ਸਾਖਸ਼ਾਤਕਾਰ ਕਰਾਉਂਦੀਆਂ ਹਨ ਤੇ ਇਨ੍ਹਾਂ ਸਭ ਤੋਂ ਨਿਜਾਤ ਦਾ ਰਾਹ ਵੀ ਬਾਹਰੋਂ ਨਹੀਂ ਸਗੋਂ ਆਪਣੇ ਅੰਦਰੋਂ ਹੀ ਤਲਾਸ਼ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਯਾਨੀ ਇਨ੍ਹਾਂ ਅਲਾਮਤਾਂ ਦਾ ਡਾਇਗੋਨਸਿਸ ਅਤੇ ਟਰੀਟਮੈਂਟ 'ਮਨੁੱਖ ਦੇ ਹੀ ਅੰਦਰ' ਹੀ ਹੋਣ ਦਾ ਸੰਕੇਤ ਦਿੰਦੀਆਂ ਹਨ। ਅਗਿਆਤ ਤੋਂ ਗਿਆਤ, ਸਥੂਲ ਤੋਂ ਸੂਖਮ, ਹਨੇਰੇ ਤੋਂ ਰੌਸ਼ਨੀ ਵੱਲ, ਬਾਹਰ ਤੋਂ ਅੰਦਰ ਵੱਲ ਦੀ ਯਾਤਰਾ ਸਾਰੇ ਭਾਰਤ ਦਰਸ਼ਨ ਦੀ ਵਿਲੱਖਣਤਾ ਹੈ. ਜਿਸਨੂੰ ਸਮੇਂ-ਸਮੇਂ ਤੇ ਪੰਜਾਬ ਦੀ ਧਰਤੀ ਤੇ ਪ੍ਰਕਾਸ਼ਮਾਨ ਹੋਣ ਵਾਲੇ ਬਾਬਾ ਨਾਨਕ, ਗੁਰੂਆਂ, ਪੀਰਾਂ, ਸੰਤਾਂ ਨੇ ਆਪਣੀ ਇਲਾਹੀ ਬਾਣੀ ਰਾਹੀਂ ਪੂਰੇ ਵਿਸ਼ਵ ਤੀਕ ਫੈਲਾਇਆ ਹੈ, ਉਸਦੀ ਪ੍ਰਤੀਨਿਧਤਾ ਅਤੇ ਪ੍ਰੌੜ੍ਹਤਾ ਕਰਦੀਆਂ ਹਨ-ਡਾ. ਬੇਦੀ ਦੀਆਂ ਕਵਿਤਾਵਾਂ। ''ਅੰਤਰਯਾਤਰਾ ਦੀ ਭੂਮਿਕਾ, ਦਿਸਹੱਦੇ ਤੋਂ ਪਾਰ, ਇਕਾਂਤ ਵਿੱਚ ਸ਼ਬਦ, ਆਤਮ ਕ੍ਰਾਂਤੀ ਸ਼ਬਦ ਜਾਦੂ, ਅੰਤਰੀਵ ਚਿੰਤਨ, ਨਦੀ ਸਮ੍ਰਿਤੀ, ਬੁਧਮ ਸ਼ਰਣਮ ਗੱਛਾਮੀ, ਸਮਦਰਸ਼ਨ ਜਾਪ, ਜਾਣਾ ਕਿੱਥੇ, ਬਹੁਤ ਕੁਝ ਵਾਪਿਸ, ਲੰਬੀ ਉਡੀਕ ਦੇ ਸ਼ਬਦ, ਇਸ ਕੰਢੇ ਤੇ, ਦੇਵ ਗੀਤ ਆਦਿ ਕਵਿਤਾਵਾਂ

ਵਿੱਚ ਉਪਰੋਕਤ ਕਥਨ ਅਤੇ ਵਿਚਾਰਾਂ ਦੀ ਪੁਖ਼ਤਾ ਤੌਰ ਤੇ ਪੁਸ਼ਟੀ ਹੋ ਜਾਂਦੀ ਹੈ। ਵੰਨਗੀ ਪੇਸ਼ ਹੈ-

''ਹੁਣ। ਨਾ ਜਨਮ ਦਾ ਮੋਹ। ਨਾ ਰੁਕਣ ਦਾ ਭੈ। ਨਾ ਠਹਿਰਨ ਦੀ ਕਾਹਲੀ। ਖ਼ਿੜ ਉੱਠੇ ਨੇ। ਅਨੇਕ ਰੰਗ। ਕਦੀ ਗੀਤ ਬਣਕੇ। ਨੱਚ ਉਠਦੀ ਹੈ ਦੇਹ। ਆਪਣੀ ਸੀਮਾ ਲੰਘ ਕੇ...। (ਸ਼ਬਦਾਂ ਦੀ ਤਟਸਥਤਾ)

ਇਨ੍ਹਾਂ ਕਵਿਤਾਵਾਂ ਵਿੱਚ ਕਵੀ ਅੰਤਰ ਸੰਵਾਦ (ਮਨ-ਆਤਮਾ ਨਾਲ) ਰਚਾਉਂਦਾ ਜੀਵਨ ਦੀ ਨਿਰੰਤਰਤਾ, ਜੀਵਨ ਵਿਸਮਾਦ ਨੂੰ ਪ੍ਰਗਟ ਕਰਦਾ, ਬਹੁਤ ਕੁਝ ਅਣਕਹੇ, ਅਣਦਿਸਦੇ, ਅਣਮਹਿਸੂਸੇ, ਅਣਸੁਣੇ ਨੂੰ ਕਾਵਿਕ ਬਿੰਬ ਰਾਹੀਂ ਉਸਾਰਦਾ ਆਪਣੀ ਕਵਿਤਾ ਯਾਤਰਾ ਦੇ ਅੱਗੇ ਵਧਦਾ ਜਾਂਦਾ ਹੈ ਤੇ ਆਖ਼ਿਰ 'ਬੁਧਮ ਸ਼ਰਣਮ ਗੱਛਾਮੀ' ਤੇ ਪੜਾਅ ਤੀਕ ਅਪੜ ਜਾਂਦਾ ਹੈ। ਇਹ ਸ਼ੂਨਿਆ ਤੋਂ ਸ਼ੂਨਿਆ ਦੀ ਯਾਤਰਾ ਹੀ ਤਾਂ ਹਾਸਿਲ ਹੈ ਗੌਤਮ ਤੋਂ ਸਿਧਾਰਥ ਤੋਂ ਬੁੱਧ ਹੋਣ ਤੱਕ। ਜਿਸਨੂੰ ਬੜੀ ਖ਼ੂਬਸੂਰਤੀ ਨਾਲ ਕਾਵਿਕਤਾ ਪ੍ਰਦਾਨ ਕੀਤੀ ਹੈ ਡਾ. ਬੇਦੀ ਨੇ। ਕਵੀ ਜੀਵਨ ਵਿੱਚ ਕਾਰਜਸ਼ੀਲਤਾ ਅਤੇ ਗਤੀਸ਼ੀਲਤਾ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸ ਕਵਿਤਾ ਵਿੱਚ ''ਰਾਮੂ' ਦੀ ਕਾਰਜਸ਼ੀਲਤਾ ਨੂੰ ਹੀ ਬੁੱਦ ਦੀ ਪ੍ਰਸੰਸਕਤਾ ਨਾਲ ਜੋੜ ਕੇ ਉਸਨੂੰ ਮਹੱਤਾ ਦਿੰਦਾ ਹੈ।

ਡਾ. ਬੇਦੀ ਦੀਆਂ ਕਵਿਤਾਵਾਂ ਨਿਜ ਤੋਂ ਸਮੂਹ ਵੱਲ ਸਫਰ ਕਰਦੀ ਕਾਵਿ ਸੰਵੇਦਨਾ ਦਾ ਪ੍ਰਤੀਰੂਪ ਹਨ। ਇੰਜ ਇਨਾਂ ਕਵਿਤਾਵਾਂ ਵਿਚਲਾ ਚਿੰਤਨ, ਵਿਚਾਰ ਪ੍ਰਸਾਰ ਤੇ ਕਾਵਿਕ ਬੋਧ ਸਧਾਰਣ ਤਲ ਤੋਂ ਕਿਤੇ ਉਪਰ ਉਠ ਜਾਂਦਾ ਹੈ ਤੇ ਕਦੇਂ-ਕਦੇਂ ਉਸ਼ੋ ਵਾਂਗ ਆਪਣੀ ਹੋਂਦ ਤੋਂ ਪਰੇ ਹੋਕੇ, ਦੂਰ ਖੜੋਕੇ ਆਪਣੇ ਨਿਜ ਨੂੰ ਵੇਖਣ, ਪਰਖਣ, ਫਰੋਲਣ, ਘੋਖਣ ਦੀ ਪ੍ਰੇਰਣਾ ਦਿੰਦਾ ਪ੍ਰਤੀਤ ਹੁੰਦਾ ਹੈ। ਭਾਵੇਂ ਅਜੋਕੀ ਵਿਵਸਥਾ ਤੋਂ ਪੈਦਾ ਹੋਇਆ ਸੰਤਾਪ, ਤਨਾਅ ਹੋਵੇ ਜਾਂ ਮਨੁੱਖ ਦੀਆਂ ਸਮਰਿਤੀਆਂ ਦੀ ਟੀਮ ਹੋਵੇ ਜਾਂ ਜਾਤ-ਪਾਤ, ਧਰਮ-ਮਜ਼ਬ, ਦੇਸ਼-ਕੌਮ ਦੀਆਂ ਵੰਡੀਆਂ ਤੋਂ ਉਪਜੀ ਸ਼ਰੀਰਕ, ਮਾਨਸਿਕ, ਸਮਾਜਕ, ਵਿਕਰਤੀਆਂ ਹੋਣ।

''ਇਕਾਂਤ ਵਿੱਚ ਸ਼ਬਦ'' ਇੱਕ ਪਰਤੀਕਾਤਮਕ ਕਾਵਿਕ ਬਿੰਬ ਹੈ, ਜੋ ਸੰਗ੍ਰਹਿ ਦੀਆਂ ਲਗਭਗ ਸਾਰੀਆਂ ਹੀ ਕਵਿਤਾਵਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਹੈ। ਇਕਾਂਤ ਸਿਰਫ਼ ਇਕੱਲਾਪਨ, ਤਨਹਾਈ ਜਾਂ ਸੁੰਨਮਸਾਨ, ਸੰਨਾਟਾ ਨਾ ਹੋਕੇ ਕੁਦਰਤ, ਤੇ ਮਨੁੱਖੀ ਪ੍ਰਵਿਰਤੀ ਵਿਚਲੀ ਵਿਸ਼ੇਸ਼ ਅਵਸਥਾ ਨੂੰ ਚਿਨ੍ਹੰਤ ਕਰਦਾ ਹੈ। ਸ਼ਬਦਾਂ ਰਾਹੀਂ ਇਕਾਂਤ ਰੂਪੀ ਸੂਨਿਆ ਨੂੰ ਵਿਸਥਾਰ ਦੇ ਕੇ ਇੱਕ ਕਾਵਿਕ ਸੰਸਾਰ ਦੀ ਸਿਰਜਣਾ ਕਰਦਾ ਹੈ, ਜਿਸ ਵਿੱਚ ਸ਼ਬਦ, ਸ਼ਬਦਾਂ ਨਹੀਂ ਰਹਿੰਦਾ, ਸਗੋਂ ਦੇਹ ਲੀਲ੍ਹਾ, ਮਿਲਣ ਘੜੀ ਸੁਹਾਗ, ਉੱਤਰ ਰੋਮਾਂਸ, ਕਿਸ ਹੱਦ ਤੱਕ, ਲੋਕਤੰਤਰ ਦੀ ਮਾਇਆ, ਹਾਰ ਦੀ ਸੰਪੂਰਨਤਾ, ਦੇਵਗੀਤ, ਦਿਸਹੱਦੇ ਤੋਂ ਪਾਰ, ਪ੍ਰੇਮ ਦੀ ਪ੍ਰਯੋਗਸ਼ਾਲਾ, ਸਮਦਰਸ਼ਨ ਜਾਪ, ਸੂਰਜ ਨੂੰ ਢੱਲਣ ਦਾ ਅਨੁਭਵ, ਪੱਥਰਾਂ ਨੂੰ ਮਿਲੇ ਤੇ ਉਹ ਹੁਣ ਨਹੀਂ ਤੋੜਦੀ ਪੱਥਰ (ਨਿਰਾਨਾ ਦੀ ਤੋੜਤੀ ਪੱਥ਼ ਦੇ ਮਿਥਕ ਨੂੰ ਤੋੜਦੀ) ਵਰਗੀਆਂ ਮਿਆਰੀ ਕਵਿਤਾਵਾਂ ਦਾ ਸਿਰਜਕ ਹੋ ਨਿਬੜਦਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਕੁਦਰਤੀ ਕਾਵਿਕ ਪ੍ਰਤੀਕ, ਬਿੰਬ, ਉਪਮਾਵਾਂ,ਰੂਪਕ ਕਵਿਤਾਵਾਂ ਨੂੰ ਬਹੁਅਰਥੀ ਬਣਾਉਂਦੇ ਹਨ। ਕਾਵਿਕ ਸੁੰਦਰਤਾ ਤੇ ਸੁਹਜਤਾ ਪੈਦਾ ਹੁੰਦੀ ਹੈ। ਮਾਨੀਖੇਜ ਅਰਥ ਤੇ ਭਾਵ ਸੰਚਾਰ ਹੁੰਦਾ ਹੈ। ਕਵਿਤਾਵਾਂ ਵਿਚਲਾ ਸੰਦੇਸ਼ ਮਨ ਅੰਦਰ ਲਹਿ ਜਾਂਦਾ ਹੈ। ਹਿੰਦੀ ਤੋਂ ਅਨੁਵਾਦਤ ਹੋ ਕੇ ਵੀ ਇਹ ਕਵਿਤਾਵਾਂ ਮੂਲ ਪੰਜਾਬੀ ਦੀਆਂ ਹੀ ਪਰਤੀਤ ਹੁੰਦੀਆਂ ਹਨ। ਡਾ. ਬੇਦੀ ਤੋਂ ਇਲਾਵਾ ਇਨ੍ਹਾਂ ਕਵਿਤਾਵਾਂ ਦੀ ਰੂਹ ਨੂੰ ਪੰਜਾਬੀ ਰੂਪ ਵਿੱਚ ਢਾਲਣਾ ਹੋਰ ਕਿਸੇ ਦੇ ਵਸ਼ ਦੀ ਗੱਲ ਵੀ ਨਹੀਂ ਸੀ। ਹਿੰਦੀ ਭਾਸ਼ਾ ਵਾਂਗ ਹੀ 'ਇਕਾਂਤ ਵਿੱਚ ਸ਼ਬਦ' ਦੀਆਂ ਕਵਿਤਾਵਾਂ ਦਾ ਪ੍ਰਬੰਧ ਪੰਜਾਬੀ ਪਾਠਕਾਂ ਵਲੋਂ ਪਸੰਦ ਕੀਤਾ ਜਾਵੇਗਾ। ਨਿਵੇਕਲੀ ਸੁਰ ਅਤੇ ਵਿਲੱਖਣ ਜਮੀਨ ਤੇ ਉਸਾਰੀਆਂ ਇਹ ਕਵਿਤਾਵਾਂ ਪੰਜਾਬੀ ਕਵਿਤਾ ਦਾ ਹਾਸਿਲ ਹਨ।

**(9876156964)**

## ਮਿੰਨੀ ਕਹਾਣੀਆਂ / ਸ਼ਰਨਪ੍ਰੀਤ ਕੌਰ



### ਲੱਕੜਾਂ

ਵਿਧਵਾ ਤੇ ਬੀਮਾਰ ਸੀਤੋ ਹਰ ਰੋਜ਼ ਚੁੱਲ੍ਹੇ ਦੇ ਬਾਲਣ ਲਈ ਲੱਕੜਾਂ ਚੁੱਕਕੇ ਲਿਆਉਂਦੀ।ਉਸਦੀ ਇੱਕ ਸਿੱਧਰੀ ਜਿਹੀ ਕੁੜੀ ਸੀ ਜੋ ਆਟਾ ਮੰਗ ਲਿਆਉਂਦੀ ਇਸ ਤਰ੍ਹਾਂ ਦੋਵੇਂ ਦੋ ਡੰਗ ਦੀ ਰੋਟੀ ਖਾ ਕੇ ਗੁਜ਼ਾਰਾ ਕਰ ਰਹੀਆਂ ਸਨ। ਇੱਕ ਦਿਨ ਸੀਤੋ ਲੱਕੜਾਂ ਚੁੱਕਣ ਜਾ ਰਹੀ ਸੀ ਸੜਕ ਤੇ ਗਸ਼ ਖਾ ਕੇ ਡਿੱਗ ਪਈ ਉਥੇ ਹੀ ਉਸਦੀ ਮੌਤ ਹੋ ਗਈ ਤੇ ਉਸਦਾ ਬੇਜਾਨ ਸਰੀਰ ਲੱਕੜਾਂ ਦੀ ਮੰਗ ਕਰ ਰਿਹਾ ਸੀ। ਉਸਦੀ ਬੇਸਹਾਰਾ ਤੇ ਲਾਚਾਰ ਕੁੜੀ ਨੂੰ ਹੁਣ ਰੋਣ ਤੋਂ ਬਿਨ੍ਹਾਂ ਹੋਰ ਕੁਝ ਨੀ ਸੀ ਪਤਾ।

### ਤਲਾਕ

ਇੱਕ ਦਿਨ ਸੀਮਾ ਨੇ ਕੋਰਟ 'ਚ ਆਪਣੇ ਪਤੀ ਤੇ ਇਹ ਦੋਸ਼ ਲਾ ਕੇ ਕਿ ਉਸਦੇ ਵਿਆਹ ਤੋਂ ਬਾਦ ਵੀ ਕਿਸੇ ਹੋਰ ਔਰਤ ਨਾਲ ਸਬੰਧ ਹਨ, ਤਲਾਕ ਲੈ ਲਿਆ।

ਕੁਝ ਦਿਨਾਂ ਬਾਦ ਉਸੇ ਕੋਰਟ 'ਚ ਸੀਮਾ ਆਪਣੇ ਪਤੀ ਦੇ ਦੋਸਤ ਜਿਸਨੇ ਆਪਣੀ ਪਤਨੀ ਨੂੰ ਬਦਚਲਨ ਕਹਿਕੇ ਥੋੜੀ ਦੇਰ ਪਹਿਲਾਂ ਹੀ ਤਲਾਕ ਦਿੱਤਾ ਸੀ ਉਸ ਨਾਲ ਵਿਆਹ ਕਰਾਉਣ ਲਈ ਕਾਗਜ ਜਮ੍ਹਾ ਕਰਵਾ ਰਹੀ ਸੀ।

## 'ਮਹਾਂਬਲੀ ਸੂਰਾ' ਨਾਵਲ ਦਾ ਨਾਇਕ ਬੰਦਾ ਸਿੰਘ ਬਹਾਦਰ / ਅਮਨਦੀਪ ਕੌਰ

ਪੰਜਾਬੀ ਨਾਵਲ ਵਿਚ ਬਲਦੇਵ ਸਿੰਘ ਨੇ ਇਤਿਹਾਸ ਦੇ ਪਾਤਰਾਂ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕਰਨ ਦਾ ਖ਼ੂਬਸੂਰਤ ਅਤੇ ਨਿਵੇਕਲਾ ਯਤਨ ਹੈ। 'ਮਹਾਂਬਲੀ ਸੂਰਾ' ਨਾਮੀ ਉਸ ਦਾ ਨਾਵਲ ਸਿੱਖ ਇਤਿਹਾਸ ਦੇ ਉੱਤਰ ਗੁਰੂਕਾਲ ਦੇ ਪ੍ਰਮੁੱਖ ਪਾਤਰ ਬੰਦਾ ਸਿੰਘ ਬਹਾਦਰ ਦੀ ਸ਼ਖ਼ਸ਼ੀਅਤ ਉੱਤੇ ਕੇਂਦਰਿਤ ਸੀ। ਬੰਦਾ ਸਿੰਘ ਬਹਾਦਰ ਨੂੰ ਸਿੱਖ ਰਾਜ ਦੇ ਬਾਨੀ ਅਤੇ ਮੁਜਾਰਿਆ ਦੇ ਹਮਦਰਦ ਵਜੋਂ ਇਤਿਹਾਸ ਵਿਚ ਯਾਦ ਕੀਤਾ ਜਾਂਦਾ ਹੈ। ਉਸ ਦੀ ਸ਼ਖ਼ਸ਼ੀਅਤ ਦੇ ਉਭਾਰ ਵਿਚ ਤਤਕਾਲੀ ਇਤਿਹਾਸਕ, ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਹਾਲਾਤਾਂ ਨੇ ਬਹੁਤ ਯੋਗਦਾਨ ਪਾਇਆ

**(ੳ) ਰਾਜਨੀਤਿਕ ਹਾਲਾਤ**

ਬੰਦਾ ਸਿੰਘ ਦੇ ਸਮੇਂ ਰਾਜਨੀਤਿਕ ਤੌਰ ਤੇ ਹਿੰਦੋਸਤਾਨ ਵਿਚ ਮੁਗਲਾਂ ਦਾ ਰਾਜ ਸੀ। ਬੰਦਾ ਸਿੰਘ ਦੇ ਮੁੱਢਲੇ ਜੀਵਨ ਉੱਪਰ ਲੇਖਕ ਨੇ ਔਰੰਗਜ਼ੇਬ ਦੇ ਸ਼ਾਸ਼ਨ ਕਾਲ ਦਾ ਪ੍ਰਭਾਵ ਦਿਖਾਇਆ ਹੈ। ਬੰਦਾ ਸਿੰਘ ਦੇ ਜਾਨਕੀ ਪ੍ਰਸ਼ਾਦੀ ਨੂੰ ਗੁਰੂਧਾਰਨ ਨਾਲ ਹੀ ਉਸ ਨੂੰ ਮੁਲਕ ਦੇ ਰਾਜਨੀਤਿਕ ਹਾਲਤ ਦੀ ਸਿੱਖਿਆ ਮਿਲਦੀ ਹੈ। ਇਸ ਤੋਂ ਬਾਅਦ ਬੰਦਾ ਸਿੰਘ 'ਮੋਰੋਪੰਤ ਪੇਸ਼ਵਾ' ਦੀ ਸੇਨਾ ਵਿਚ ਭਰਤੀ ਹੁੰਦਾ ਹੈ। ਇੱਥੇ ਇਸ ਨੂੰ ਰਾਜ ਦੀ ਪ੍ਰਾਪਤੀ ਲਈ ਲੜੇ ਜਾਂਦੇ ਯੁੱਧਾਂ ਅਤੇ ਰਾਜ ਪਲਟਿਆ ਦਾ ਕਾਫੀ ਤਜਰਬਾ ਹੁੰਦਾ ਹੈ। ਨਾਵਲ ਨੇ ਲਿਖਿਆ ਹੈ।

ਪਰ ਇਨ੍ਹਾਂ ਵਰ੍ਹਿਆਂ ਵਿਚ ਉਸ ਨੇ ਬੜਾ ਕੁੱਝ ਵੇਖਿਆ, ਸਿੱਖਿਆ, ਜਾਣਿਆ। ਯੁੱਧ ਵਿਚ

ਸਿੱਧਾ ਸ਼ਾਮਲ ਹੋਣ ਦੇ ਉਸ ਨੂੰ ਅਨੇਕਾਂ ਮੌਕੇ ਮਿਲੇ। ਯੁੱਧ ਦਾ ਬਿਗਲ ਵਜਦਿਆ ਹੀ ਖ਼ੂਨ ਉਸਦੇ ਸਿਰ ਨੂੰ ਚੜ੍ਹ ਜਾਂਦਾ ਤੇ ਉਹ ਖ਼ੂੰਖਾਰ ਸਾਂਢ ਵਾਂਗ ਧੁੱਸ ਦੇ ਕੇ ਵੈਰੀਆਂ ਦੀਆਂ ਸਫਾਂ ਨੂੰ ਤਹਿਸ ਨਹਿਸ ਕਰ ਦਿੰਦਾ। ਉਸ ਦੀ ਬਹਾਦਰੀ ਅਤੇ ਜਾਬਾਜੀ ਦੀਆਂ ਸਿਫਤਾਂ ਸ਼ਿਵਾਜੀ ਦੇ ਪੁੱਤਰ ਨੇ ਵੀ ਕੀਤੀਆਂ।1

ਉਸ ਸਮੇਂ ਰਾਜਨੀਤਿਕ ਹਾਲਾਤ ਚੰਗੇ ਨਹੀਂ ਸਨ ਪ੍ਰੰਤੂ ਥੋੜੇ ਜਿਹੇ ਸਮੇਂ ਵਿਚ ਉਸ ਨੇ ਪੰਜਾਬ ਦੀ ਰਾਜਨੀਤੀ ਵਿਚ ਇਕ ਨਵੀਂ ਧਿਰ ਸਿੱਖ ਯੋਧਿਆਂ ਦੇ ਰੂਪ ਵਿਚ ਖੜ੍ਹੀ ਦਿੱਤੀ। ਜਿਸ ਨੂੰ ਜਨਮ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਨੇ ਦਿੱਤਾ ਪਰ ਉਸ ਨੂੰ ਇਤਿਹਾਸ ਵਿਚ ਰਾਜ ਤੱਕ ਬੰਦਾ ਸਿੰਘ ਬਹਾਦਰ ਲੈ ਕੇ ਗਿਆ।

**(ਅ) ਧਾਰਮਿਕ ਹਾਲਾਤ**

ਬੰਦਾ ਸਿੰਘ ਗੁਰੂ ਸਾਹਿਬਾਨ ਦੀ ਸੋਚ ਤੇ ਖਰਾ ਉੱਤਰਿਆ। ਉਸਨੇ ਆਪਣੇ ਰਾਜ ਪ੍ਰਬੰਧ ਵਿਚ ਨੀਵਿਆਂ ਤੋਂ ਨੀਵੇ ਲੋਕਾਂ ਨੂੰ ਉੱਚੀਆਂ ਪਦਵੀਆਂ ਤੱਕ ਪੁਹੰਚਾ ਦਿੱਤਾ। ਨੀਚ, ਅਛੂਤਾਂ ਆਦਿ ਨੂੰ ਉਸ ਨੇ ਹਾਕਮ ਬਣਾ ਦਿੱਤਾ। 'ਮਹਾਂਬਲੀ ਸੂਰਾ' ਨਾਵਲ ਵਿਚ ਉਸ ਦੀ ਮਾਨਵ ਪੱਖੀ ਸੋਚ ਨੂੰ ਸੱਥ ਵਿਚ ਬੈਠੇ ਲੋਕ ਆਪਸ ਵਿਚ ਗੱਲ-ਬਾਤ ਕਰਦੇ ਹਨ ਕਿ ਤੇਰੀ ਗੱਲ 'ਚ ਊ ਦੇਖੀਏ ਤਾਂ ਬਹੁਤਾ ਝੂਠ ਨੀ ਹੈ। ਭਲਾ ਕਰੋੜੀ ਸਿੰਘ ਕਿਵੇਂ ਜਮੀਨ ਦੇ ਦੂ ਜੱਟਾਂ ਨੂੰ। ਹੁਣ ਉਹਦੀ ਜਮੀਨ ਤਾਂ ਦਲਿਤ ਵੀ ਵਾਹੁੰਦੇ ਐ। ਬੰਦਾ ਸਿੰਘ ਹੁਣ ਇਹਨਾਂ ਨੂੰ ਬਣਾ ਦਿਉ ਜਮੀਨਾਂ ਦੇ ਮਾਲਕ, ਹੁਣ ਇਹ ਵੀ ਜੱਟਾਂ 'ਚ ਰਲਣਗੇ। ਹੈ ਤਾਂ ਇਹ ਜੱਗੋ ਤੇਰਵੀਂ ਗੱਲ। ਫੂਲਾ ਸਿੰਘ ਬੋਲਿਆ। 2

ਸਿੱਖ ਧਰਮ ਵਿਚ ਸਮਾਨਤਾ ਉੱਪਰ ਬਲ ਦਿੱਤਾ ਗਿਆ।

**(ੲ) ਆਰਥਿਕ ਹਾਲਾਤ** ਉਸ ਨੇ ਲਿਤਾੜੇ ਹੋਏ ਮੁਜਾਰਿਆ ਨੂੰ ਉਸ ਜਮੀਨ ਦੇ ਮਾਲਕ ਬਣਾਇਆ। ਜਿਨ੍ਹਾਂ ਨੂੰ ਉਹ ਵਾਹੁੰਦੇ ਸਨ। ਜਾਗੀਰਦਾਰ ਇਨੇ ਹੰਕਾਰੀ ਸਨ ਕਿ ਉਹ ਚੰਗੀ ਫਸਲ ਨਾ ਹੋਣ ਦੀ ਸੂਰਤ ਵਿਚ ਮੁਜਾਰਿਆ ਤੋਂ ਜਬਰਦਸਤੀ ਲਗਾਨ ਲੈਂਦੇ ਸਨ। 'ਰਾਜ ਪ੍ਰਬੰਧ ਵਿਚ ਬੰਦਾ ਸਿੰਘ ਦੇਸ਼ ਵਿਚ ਇਕ ਬੜੀ ਭਾਰੀ ਸੁਧਾਰ ਦੀ ਗੱਲ ਕੀਤੀ ਕਿ ਮੁਗਲ ਰਾਜ ਦਾ ਜਿਮੀਦਾਰਾ ਪ੍ਰਬੰਧ ਉੱਡਾ ਦਿੱਤਾ। ਜਿਸ ਨਾਲ ਕਿ ਹਲ ਵਾਹ ਕਿਸਾਨ ਗੁਲਾਮਾਂ ਦੀ ਹਾਲਤ ਤੋਂ ਵੀ ਬੁਰੇ ਅਤੇ ਨੀਵੇਂ ਹੋ ਗਏ। ਬੰਦਾ ਸਿੰਘ ਦੇ ਤਹਿਤ ਵਿਚ ਸਿੰਘਾਂ ਦਾ ਰਾਜ, ਹੋ ਜਾਣ ਨਾਲ ਹਲ ਵਾਹਕ ਕਿਸਾਨ ਆਪਣੇ ਹਲਾਂ ਹੇਠਲੀਆਂ ਜਮੀਨਾਂ ਦੇ ਮਾਲਕ ਬਣ ਗਏ ਅਤੇ ਪੁਰਾਣੇ ਰਿਵਾਜ ਨਾਲ ਹੋ ਰਿਹਾ ਜੁਲਮ ਪੰਜਾਬ ਵਿਚੋ ਸਦਾ ਲਈ ਮਿਟ ਗਿਆ'।3

**(ਸ) ਸਮਾਜਿਕ ਹਾਲਾਤ**

ਮੱਧਕਾਲ ਦੇ ਸਮੇਂ ਸਮਾਜਿਕ ਹਾਲਾਤ ਚੰਗੇ ਨਹੀਂ ਸਨ। ਮੁਗਲ ਹਾਕਮ ਆਮ ਲੋਕਾਂ ਉੱਪਰ ਅਸਹਿ ਜੁਲਮ ਕਰ ਰਹੇਂ ਸਨ। ਜਗੀਰਦਾਰੀ ਪ੍ਰਬੰਧ ਭਾਰੂ ਹੋਣ ਕਰਕੇ ਕਿਰਤੀ ਵਰਗ ਦੀ ਲੁੱਟ-ਖਸੁੱਟ ਸਿਖਰ ਤੇ ਸੀ। ਗੈਰ-ਮੁਸਲਿਮ ਲੋਕਾਂ ਦੇ ਜਾਨ ਮਾਲ ਨੂੰ ਖਤਰਾ ਸੀ। ਇਸਤਰੀ ਦੀ ਹਾਲਤ ਤਰਸਯੋਗ ਸੀ। ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਚਾਇਤ ਦੇ ਸੰਕਲਪ ਨੂੰ ਉਭਾਰਨਾ ਅਸਲ ਵਿਚ ਜਮਹੂਰੀਅਤ ਢਾਂਚੇ ਦੀ ਉਸਾਰੀ ਕਰਨਾ ਸੀ । 'ਖਾਲਸਾ ਹੀ ਗੁਰੂ' ਗੁਰੂ ਹੀ ਖਾਲਸਾ ਦੀ ਨਵੀਂ ਰੀਤ ਇਸ ਢਾਂਚੇ ਦੀ ਮਿਸਾਲ ਹੈ। ਇਸ ਤਰ੍ਹਾਂ ਸਿੱਖ ਪੰਥ ਨੂੰ ਐਸੇ ਫਿਰਕੇ ਦੇ ਤੌਰ ਤੇ ਜੱਥੇਬੰਦ ਨਹੀਂ ਗਿਆ ਜੋ ਸਿਰਫ ਧਰਮ ਦੇ ਪਰੰਪਰਾਈ ਭਾਰਤੀ ਤੌਰ ਤਰੀਕੇ ਅਨੁਸਾਰ ਚੱਲਦਾ ਰਹੇ ਬਲਕਿ ਸਿੱਖ ਪੰਥ ਨੂੰ ਜਾਤ-ਪਾਤੀ ਸਮਾਜ ਨੂੰ ਬਦਲਣ ਧਾਰਮਿਕ ਤੇ ਸਿਆਸੀ ਜਬਰ ਦਾ ਮੁਕਾਬਲਾ ਕਰਨਾ, ਆਮ ਜਨਤਾ ਦੇ ਹੱਥ ਸਿਆਸੀ ਤਾਕਤ ਹਾਸਿਲ ਕਰਨ ਦਾ ਵਸੀਲਾ ਬਣਾਇਆ ਗਿਆ।4 ਜਿਸਨੂੰ ਨਾਵਲਕਾਰ ਨੇ 'ਮਹਾਂਬਲੀ ਸੂਰਾ' ਨਾਵਲ ਰਾਹੀਂ ਉਭਾਰਨ ਦਾ ਯਤਨ ਕੀਤਾ ਹੈ।

ਇਹ ਨਾਵਲ ਮਨੁੱਖ ਨੂੰ ਸੇਧ ਦਿੰਦਾ ਹੈ ਕਿ ਹਾਲਾਤ ਭਾਵੇਂ ਕਿਹੋ ਜਿਹੇ ਹੋਣ ਮਨੁੱਖ ਉੱਪਰ ਪ੍ਰਭਾਵੀ ਹੁੰਦੇ ਹਨ। ਦੂਜੇ ਪਾਸੇ ਮਨੁੱਖੀ ਮਨ ਦਾ ਸਵੈ ਕਾਬੂ ਅਤੇ ਠੀਕ ਸਿੱਖਿਆ ਹਾਲਾਤ ਨਾਲ

**(ਬਾਕੀ ਪੰਨਾ 48 'ਤੇ)**

# ਹਰੇ ਇਨਕਲਾਬ ਤੋਂ ਪਿੱਛੋਂ 'ਲਾਗੀ ਅਤੇ ਜਜਮਾਨੀ' ਵਿਵਸਥਾ ਅਧੀਨ 'ਲਾਗੀ' ਜਾਤਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ ਦਸ਼ਾ ਅਤੇ ਸਭਿਆਚਾਰਕ ਸਪੇਸ (ਪਿੰਡ ਪੱਧਰ ਦੀ ਸਮਾਜ- ਸਭਿਆਚਾਰਕ ਇਕਾਈ ਦੇ ਪਰਿਪੇਖ ਵਿਚ) / ਬਲਵੰਤ ਸਿੰਘ

ਹਰੇ ਇਨਕਲਾਬ ਤੋਂ ਪਿੱਛੋਂ 'ਲਾਗੀ ਅਤੇ ਜਜਮਾਨੀ' ਵਿਵਸਥਾ ਅਧੀਨ 'ਲਾਗੀ' ਜਾਤਾਂ ਦੀ ਆਰਥਿਕ,ਸਮਾਜਿਕ, ਰਾਜਨੀਤਿਕ ਦਸ਼ਾ ਅਤੇ ਸਭਿਆਚਾਰਕ ਸਪੇਸ

(ਪਿੰਡ ਪੱਧਰ ਦੀ ਸਮਾਜ- ਸਭਿਆਚਾਰਕ ਇਕਾਈ ਦੇ ਪਰਿਪੇਖ ਵਿਚ)

**ਭੂਮਿਕਾ:-**

ਪੁਰਾਤਨ ਪੇਂਡੂ ਸਮਾਜ ਦੇ ਸਾਂਝੇ ਲੱਛਣ, ਇਸ ਦੇ 'ਛੋਟੇ ਆਕਾਰ, ਕੁਦਰਤੀ ਵਾਤਾਵਰਣ, ਇਕਾਂਤ, ਮੁੱਖ ਧੰਦਾ ਖੇਤੀਬਾੜੀ, ਪ੍ਰਥਾਵਾਂ ਤੇ ਰੀਤੀ ਰਿਵਾਜ, ਭਾਈਚਾਰਕ ਸਾਂਝ ਅਤੇ ਪਰਸਪਰ ਮੇਲ ਅਤੇ ਆਪਸੀ ਸੰਬੰਧ ਰਿਸ਼ਤਾ-ਨਾਤਾ ਪ੍ਰਣਾਲ਼ੀ' ਨਾਲ ਉਸਰੇ ਹੋਏ ਹਨ।

"ਸੋਰੋਕਿਨ ਤੇ ਜਿਮਬਰਮੈਨ ਮੁਤਾਬਕ, "ਪੇਂਡੂ ਸਮਾਜ ਵਿਚ ਸ਼ਹਿਰੀ ਦੇ ਮੁਕਬਾਲੇ ਸਾਪੇਖਿਤ ਤੌਰ ਤੇ ਖੇਤੀਬਾੜੀ ਦੇ ਧੰਦਿਆਂ ਦੀ ਬਹੁਤਾਤ ਹੁੰਦੀ ਹੈ ਲੋਕ ਮਨੁੱਖੀ ਵਾਤਾਵਰਣ ਦੇ ਬਜਾਇ ਕੁਦਰਤੀ ਵਾਤਾਵਰਣ ਦੇ ਨੇੜੇ, ਛੋਟੇ-ਛੋਟੇ ਸੰਪਰਦਾਵਾਂ ਦੇ ਇਕੱਠ ਵਿਚ ਸਾਪੇਖਕ ਤੌਰ ਤੇ ਖਿਲਰਵੀਂ ਵਸੋਂ ਵਿਚ ਰਹਿੰਦੇ ਹਨ। ਪੇਂਡੂ ਸਮਾਜ ਵਿਚ ਵਧੇਰੇ ਸਮਅੰਨਤਾ, ਘੱਟ ਅੰਦਰੂਨੀ ਵਖਰੇਵੇਂ ਤੇ ਘੱਟ ਸਤਰੀਕਰਣ, ਇਲਾਕਈ ਤੇ ਪੇਸ਼ਾਵਰਾਨਾ ਵੰਡ ਤੇ ਮੱਧਮ ਗਤੀਸ਼ੀਲਤਾ ਹੁੰਦੀ ਹੈ। ਪੇਂਡੂ ਸਮਾਜ ਦੇ ਵਿਅਕਤੀ ਦੇ ਬਾਹਰਲੇ ਲੋਕਾਂ ਨਾਲ ਸੰਬੰਧ ਘੱਟ ਹੁੰਦੇ ਹਨ ਅਤੇ ਉਹਨਾਂ ਦਾ ਮੇਲ ਮਿਲਾਪ ਇਕ ਛੋਟੇ ਭੂਗੋਲਿਕ ਖੇਤਰ ਤੇ ਸਮਾਜਿਕ ਤਾਣੇ-ਬਾਣੇ ਤਾਈਂ ਸੀਮਿਤ ਹੁੰਦਾ ਹੈ ਅਤੇ ਬਹੁਤਾ ਕਰਕੇ ਉਹਨਾਂ ਦੇ ਸੰਬੰਧ ਆਹਮੋ-ਸਾਹਮਣੇ ਢੰਗ ਵਾਲੇ ਅਤੇ ਕਈ ਕੇਸਾਂ ਵਿਚ ਸਬੰਧ ਬੜੇ ਦੇਰ-ਪਾ ਹੁੰਦੇ ਹਨ"।1

ਲਾਰਸ਼ਨ ਪੇਂਡੂ ਸਮਾਜ ਦੀ ਪਰਿਭਾਸ਼ਾ ਤਾਂ ਨਹੀਂ ਦਿੰਦਾ ਪਰ ਪੇਂਡੂ ਸ਼ਬਦ ਦਾ ਹਵਾਲਾ ਦਿੰਦਾ ਲਿਖਦਾ ਹੈ ਕਿ "ਪੇਂਡੂ ਤੋਂ ਮਤਲਬ ਹੈ ਜਿਥੇ ਆਬਾਦੀ ਘੱਟ ਸੰਘਣੀ ਤੇ ਛੋਟੇ ਆਕਾਰਾਂ ਵਿਚ ਹੁੰਦੀ ਹੈ"।2

ਲਾਂਗ ਮੁਤਾਬਕ "ਪੇਂਡੂ ਸਮਾਜ ਉਹ ਹੈ ਜਿਥੇ ਬਹੁਤੇ ਲੋਕ ਖੇਤੀਬਾੜੀ ਤੇ ਹੋਰ ਸਹਾਇਕ ਧੰਦਿਆਂ ਵਿਚ ਕੰਮ ਕਰਦੇ ਹਨ ਅਤੇ ਇਹ ਗਰੀਬਾਂ ਦੀ ਸ਼੍ਰੇਣੀ ਦਾ ਇਕ ਵੱਡਾ ਭਾਗ ਵੀ ਹਨ"।3

ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਣ ਲਈ ਲਾਗੀ ਅਤੇ ਜਜਮਾਨੀ ਵਿਵਸਥਾ ਨੂੰ ਸਮਝ ਲੈਣਾ ਜਰੂਰੀ ਹੈ।

1.ਲਾਗੀ ਦਾ ਸ਼ਾਬਦਿਕ ਅਰਥ- "ਬੰਧਾਨ ਲੈ ਕੇ ਕੰਮ ਕਰਨ ਵਾਲੇ ਬ੍ਰਾਹਮਣ, ਨਾਈ ਝਿਊਰ ਆਦਿ"।4

2."ਲਾਗ ਦਾ ਅਰਥ ਜਜਮਾਨ ਵਲੋਂ ਲਾਗੀ ਨੂੰ ਮਿਲਣ ਵਾਲਾ ਇਵਜਾਨਾ"।5

3. ਲਾਗੀ ਦਾ ਅਰਥ "ਲਾਗ ਲੈਣ ਵਾਲਾ ਕੰਮ"6

"ਲਾਗੀ' ਸ਼ਬਦ ਦੇ ਕੋਸ਼ਗਤ ਅਰਥ ਖੁਸ਼ੀ ਗਮੀ ਦੇ ਕਾਰਜਾਂ ਵਿੱਚ ਮੁਸੱਕਤ ਕਰਕੇ ਗੁਜ਼ਾਰਾ ਕਰਨ ਵਾਲੇ ਬ੍ਰਾਹਮਣ, ਨਾਈ, ਝਿਊਰ ਆਦਿ ਕੰਮੀਆਂ ਤੋਂ ਲਏ ਜਾਂਦੇ ਹਨ। ਪਰੋਹਤਾਂ (ਬ੍ਰਾਹਮਣਾ) ਅਤੇ ਲਾਗੀਆਂ (ਨਾਈ, ਝਿਊਰ, ਤਰਖਾਣ, ਲੁਹਾਰ, ਜੁਲਾਹੇ ਛੀਂਬੇ ਆਦਿ) ਨੇ ਆਪਣਾ ਜਜ਼ਮਾਨਾਂ (ਲੰਮੇ ਸਮੇਂ ਤੋਂ ਸੰਪਰਕ) ਵਿੱਚ ਰਹਿਣ ਵਾਲੇ, ਟੱਬਰਾਂ) ਦੇ ਧਾਰਮਿਕ ਸੰਸਕਾਰਾਂ ਅਤੇ ਖੁਸ਼ੀ ਗਮੀ ਦੇ ਕਾਰਜਾਂ ਸਮੇਂ (ਬ੍ਰਾਹਮਣ ਨੂੰ ਛੱਡ ਕੇ ) ਮਿਹਨਤ ਮੁਸ਼ੱਕਤ ਵਾਲੇ ਕੰਮ ਕਰਨੇ ਹੁੰਦੇ ਹਨ। ਜਿੰਨਾਂ ਬਦਲੇ ਲਾਗੀਆਂ ਨੂੰ ਨਕਦ ਅਨਾਜ ਜਾਂ ਕਿਸੇ ਹੋਰ ਖਾਧ-ਸਮੱਗਰੀ ਦੇ ਰੂਪ ਵਿੱਚ ਇਵਜਾਨਾ ਮਿਲਣਾ ਹੁੰਦਾ ਹੈ। ਪਰ ਜਜਮਾਨ ਅਤੇ ਲਾਗੀ ਦਾ ਸੰਬੰਧ ਮਾਲਕ ਅਤੇ ਨੌਕਰ ਵਾਲਾ ਨਹੀਂ ਹੁੰਦਾ ਹੈ। ਭਾਵੇ ਭਾਰਤ ਦੇ ਕਈ ਪ੍ਰਾਂਤਾਂ ਵਿੱਚ ਲਾਗੀਆਂ ਨੂੰ ਮਿਲਣ ਵਾਲਾ ਇਵਜਾਨਾ ਹਰ ਅਵਸਰ ਅਨੁਮਾਨ ਬੰਧਾਨ ਦੇ ਰੂਪ ਵਿੱਚ ਪ੍ਰਚਲਿਤ ਹੈ। ਪ੍ਰਾਚੀਨ ਸਮਿਆਂ ਵਿਚ ਜਜਮਾਨ ਅਤੇ ਲਾਗੀ ਦੀ ਪ੍ਰਥਾ ਕੇਵਲ ਹਿੰਦੂ ਸਮਾਜਾਂ ਵਿਚ ਹੀ ਪ੍ਰਚਲਿਤ ਸੀ। ਜੇ ਸਮਾਂ ਪਾ ਕੇ ਕਿਰਸਾਣੀ ਦਾ ਵੀ ਹਿੱਸਾ ਬਣ ਗਈ ਇਉਂ ਧਨੀ ਕਾਸ਼ਤ ਕਾਰਾਂ ਜਮਾਤਾਂ ਲਈ ਕੰਮ ਕਰਨ ਲਈ ਤਰਖਾਣ, ਲੁਹਾਰ, ਨਾਈ ਝਿਊਰ, ਘੁਮਿਆਰ, ਛੀਂਬੇ ਆਦਿ ਲਾਗੀ ਬਣ ਗਏ। ਪਰ ਫਿਰ ਵੀ ਲਾਗੀਆਂ ਦੀਆਂ ਸ਼੍ਰੇਣੀਆਂ ਵਿੱਚ ਉਹੋ ਜਾਤਾਂ ਦੇ ਕਾਮੇ ਆਏ, ਜਿੰਨਾਂ ਦੇ ਕਿੱਤੇ ਅਤੇ ਕਾਰਜ ਜੀਵਨ ਰਹਿਤਲ ਸੰਬੰਧਿਤ ਸਰੋਕਾਰਾਂ ਨਾਲ ਜੁੜੇ ਹੋਏ ਸਨ।ਇਸ ਲਈ ਚਮੜਾਂ ਦਾ ਕੰਮ ਕਰਨ ਵਾਲੇ ਹਰੀਜਨਾਂ ਨੂੰ ਛੱਡ ਕੇ ਕਾਮਾਂ ਸ਼੍ਰੇਣੀਆਂ ਕੰਮੀ-ਕਮੀਣਾ ਦੇ ਰੂਪ ਘੱਟ ਅਤੇ ਲਾਗੀ ਦੇ ਰੂਪ ਵਿੱਚ ਵਧੇਰੇ ਜਾਣੀਆ ਗਈਆਂ ਹਨ"7

"ਜਜਮਾਨੀ ਵਿਅਵਸਥਾ ਦਾ ਵਰਣਨ ਅੰਤਰ-ਪਰਿਵਾਰਕ ਅੰਤਰਜਾਤੀ ਸੰਬੰਧ ਦੇ ਰੂਪ ਵਿਚ ਕੀਤਾ ਗਿਆ ਹੈ ਜਿਸ ਵਿਚ ਸਰੰਖਿਅਕਾਂ (Patrons) ਅਤੇ ਸੇਵਾਕਰਤਾਵਾਂ ਦੇ ਵਿੱਚ ਦੇ ਸੰਬੰਧ ਸਵਾਮੀ ਅਤੇ ਅਧੀਨ (Superordinate-Subordinate) ਦੇ ਹੁੰਦੇ ਹਨ। ਸਰੰਖਿਅਕ ਸਵੱਛ ਜਾਤੀਆਂ ਦੇ ਪਰਿਵਾਰ ਹੁੰਦੇ ਹਨ, ਜਦਕਿ ਸੇਵਾਕਰਤਾ ਨੀਵੀਂ ਅਤੇ ਅਸਵੱਛ ਜਾਤੀ ਦੇ ਪਰਿਵਾਰ ਹੁੰਦੇ ਹਨ। ਸੋ ਕਿਹਾ ਜਾ ਸਕਦਾ ਹੈ ਜਜਮਾਨੀ ਵਿਅਵਸਥਾ ਇਕ ਵਿਤਰਣ ਵਿਅਵਸਥਾ ਹੈ, ਜਿਸ ਵਿਚ ਉੱਚ ਜਾਤੀ ਦੇ ਜਮੀਨ ਦੇ ਮਾਲਕਾਂ ਪਰਿਵਾਰਾਂ ਨੂੰ ਨੀਵੀਂ ਜਾਤੀ ਦੇ ਲੋਕਾਂ ਦੁਆਰਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸੇਵਕ ਜਾਤੀ ਦੇ ਲੋਕਾਂ ਨੂੰ 'ਕਮੀਨ' ਕਹਿ ਕੇ ਬੁਲਾਇਆ ਜਾਂਦਾ ਹੈ, ਜਦਕਿ ਸੇਵਿਤ ਜਾਤੀਆ ਨੂੰ 'ਜਜਮਾਨ' ਕਿਹਾ ਜਾਂਦਾ ਹੈ। ਸੇਵਕ ਜਾਤੀਆਂ ਨੂੰ

ਉਨਾਂ ਦੀ ਸੇਵਾ ਦੇ ਬਦਲੇ ਵਿਚ ਨਕਦ ਜਾਂ ਵਸਤੂ ਦੇ ਰੂਪ ਵਿਚ ਭੁਗਤਾਨ ਕੀਤਾ ਜਾਂਦਾ ਹੈ"।8

"ਜਜਮਾਨੀ-ਵਿਵਸਥਾ ਪਰੰਪਰਾਗਤ ਕਿੱਤਿਆਂ ਦੇ ਫਰਜ਼ਾਂ (Occupational obligations) ਦੀ ਵਿਵਸਥਾ ਹੈ। ਪ੍ਰਾਚੀਨ ਭਾਰਤ ਵਿਚ ਜਾਤੀਆਂ ਇਕ ਦੂਜੇ ਉੱਤੇ ਆਰਥਿਕ ਰੂਪ ਨਾਲ ਨਿਰਭਰ ਹੁੰਦੀਆਂ ਸਨ। ਇਕ ਪੇਂਡੂ ਵਿਅਕਤੀ ਪਰੰਪਰਾਗਤ ਵਿਸ਼ਿਸ਼ਟ ਕਿੱਤਾ ਉਸ ਦੀ ਜਾਤੀ ਨੂੰ ਸੌਂਪੀ ਗਈ ਵਿਸ਼ੇਸ਼ੱਗਤਾ ਦੇ ਆਧਾਰ ਉੱਤੇ ਅਪਣਾਉਂਦਾ ਸੀ। ਕਿੱਤਿਆਂ ਦੇ ਵਿਸ਼ਿਸ਼ਟਕਰਣ ਨੇ ਪੇਂਡੂ ਸਮਾਜ ਵਿਚ ਸੇਵਾਵਾਂ ਦੇ ਅਦਾਨ-ਪ੍ਰਦਾਨ ਨੂੰ ਜਨਮ ਦਿੱਤਾ। ਸੇਵਾ ਕਰਤਾ (Serving) ਅਤੇ ਸੇਵਿਤ (Served) ਜਾਤੀਆਂ ਦੇ ਵਿਚ ਇਹ ਸੰਬੰਧ ਵਿਅਕਤੀਗਤ, ਅਸਥਾਈ, ਸੀਮਿਤ ਅਤੇ ਸੰਵਿਦਾਤਮਕ (Contractual) ਨਹੀਂ ਸੀ, ਬਲਕਿ ਇਹ ਜਾਤੀ-ਅਭਿਮੁਖ, ਸਥਾਈ ਅਤੇ ਵਿਸਤ੍ਰਿਤ ਸਮਰਥਨ ਦੇਣ ਵਾਲਾ ਸੀ। ਉਹ ਵਿਵਸਥਾ ਜਿਸ ਵਿਚ ਜਮੀਨ ਦੇ ਮਾਲਕ (Land owning) ਪਰਿਵਾਰ ਅਤੇ ਉਨ੍ਹਾਂ ਜਮੀਨਹੀਨ ਪਰਿਵਾਰਾਂ ਵਿਚ, ਜੋ ਉਸ ਨੂੰ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ,ਸਥਾਈ ਸੰਬੰਧ ਮਿਲਦੇ ਹਨ, ਉਸ ਨੂੰ ਜਜਮਾਨੀ ਵਿਵਸਥਾ ਕਿਹਾ ਜਾਂਦਾ ਹੈ"9

1964 ਵਿੱਚ "ਨਵੀਆਂ ਖੇਤੀ ਜੁਗਤਾਂ ਅਧੀਨ ਆਏ ਇਨਕਲਾਬ ਅਤੇ ਵਧੀ ਫਸਲੀ ਪੈਦਾਵਾਰ ਨਾਲ ਕਿਸਾਨੀ ਲੋਕਾਂ ਅਤੇ ਇਸ ਨਾਲ ਜੀਆਂ ਸਹਿਯੋਗੀ ਜਾਤਾਂ ਦਾ ਜੀਵਨ ਪੱਧਰ ਉੱਚਾ ਹੋਇਆ। ਜਜਮਾਨੀ ਵਿਵਸਥਾ ਅਧੀਨ ਕੰਮ ਕਰਦੀਆਂ ਲਾਗੀ ਜਾਤਾਂ ਨੂੰ ਪਹਿਲਾਂ ਦੇ ਮੁਕਾਬਲੇ ਜਿਆਦਾ ਸੇਵਾ ਦਾ ਭੂਗਤਾਨ ਹੋਇਆ। ਲੋਕ ਕਿੱਤਿਆਂ ਨਾਲ ਜੁੜੇ ਵੱਖ-ਵੱਖ ਜਾਤਾਂ ਵਿੱਚ ਸਮਾਜਿਕ, ਆਰਥਿਕ, ਪੱਧਰ ਤੇ ਤਬਦੀਲੀ ਵਾਪਰਨੀ ਸ਼ੁਰੂ ਹੋ ਚੁੱਕੀ ਸੀ।

ਪੰਜਾਬੀ ਸਭਿਆਚਾਰ ਦੀ ਪੇਂਡੂ ਇਕਾਈ ਵਿੱਚ ਲਾਗੀ ਜਾਤਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪੰਜਾਬ ਦਾ ਮੁੱਖ ਕਿਤਾ ਖੇਤੀਬਾੜੀ ਹੋਣ ਕਰਕੇ, ਖੇਤੀ ਪੈਦਾਵਾਰ ਲਈ ਲਾਗੀ ਜਾਤਾਂ ਸ਼੍ਰੇਣੀਆਂ ਦੀ ਮਹੱਤਪੂਰਨ ਯੋਗਦਾਨ ਰਿਹਾ ਹੈ। ਖੇਤੀ ਦੇ ਸੰਦਾ ਲਈ ਲੁਹਾਰ, ਤਰਖਾਣ ਪਾਣੀ ਲਈ ਸਿੰਜਾਈ ਲਈ ਝਿਊਰ, ਜਿਊਦੇ ਹਨ, ਸਰੀਰਿਕ ਸੁਰੱਖਿਆ ਲਈ ਜੁਲਾਹਾ, ਛੀਂਬਾ ਸਰੀਰਿਕ ਅਤੇ ਘਰ ਦੀ ਸਫ਼ਾਈ ਲਈ ਨਾਈ ਜਾਤੀ ਦਾ ਭਰਵਾਂ ਯੋਗਦਾਨ ਰਿਹਾ ਹੈ। ਘੁਮੀਆਰ ਘਰਾਂ ਖੇਤਾ ਲਈ ਭਾਂਡੇ ਤਿਆਰ ਕਰਦਾ ਰਿਹਾ ਹੈ। ਆਪਣੀਆਂ ਇਹਨਾਂ ਸੇਵਾਵਾਂ ਲਈ ਉਹ ਸਮੇਂ ਸਮੇਂ ਕਿਸਾਨ ਪਾਸੋਂ ਅਜ, ਲੀੜਾਂ ਕੱਪੜਾ ਨਕਦ ਰਾਸ਼ੀ, ਦੁੱਧ ਹਰਾ ਚਾਰਾ, ਤੂੜੀ ਆਦਿ ਵਸਤੂਆਂ ਨੂੰ ਪ੍ਰਾਪਤ ਕਰਦਾ ਰਿਹਾ ਹੈ। ਇਹਨਾਂ ਆਰਥਿਕ ਸੰਬੰਧਾ ਤੋਂ ਬਿਨਾ ਨੈਤਿਕ ਅਤੇ ਸਮਾਜਿਕ ਸੰਬੰਧਾਂ ਖੁਸ਼ੀ ਗਮੀ ਵਿਚ ਕਿਸਾਨੀ ਜਮਾਤ ਦਾ ਮੱਦਦਗਾਰ ਰਿਹਾ।

ਨਵੀਆਂ ਖੇਤੀ ਜੁਗਤਾ, ਨਵੀਆਂ ਆਰਥਿਕ ਨੀਤੀਆਂ ਅਤੇ ਵਿਸ਼ਵੀਕਰਨ ਅਧੀਨ ਉਦਯੋਗੀ ਕਰਨ, ਉਪਰੀਕ ਸਨ ਅਧੀਨ, ਨਵੇਂ ਆਧੁਨਿਕ ਕਿੱਤਿਆ ਨੂੰ ਜਨਮ ਲਿਆ ਹੈ। ਜਿਸ ਸਕਦੇ ਇਹਨਾਂ ਲਾਗੀ ਜਾਤਾਂ ਨੂੰ ਆਪਣੇ ਲੋਕ ਕਿੱਤਿਆ ਨੂੰ ਬਦਲ ਦਿੱਤਾ ਹੈ।

**ਲਾਗੀ ਜਾਤਾਂ ਦੀ ਸਮਾਜ-ਸਭਿਆਚਾਰਕ ਸਪੇਸ**

ਪੇਂਡੂ ਇਕਾਈ ਵਿਚ ਇਹਨਾਂ ਲਾਗੀ ਜਾਤਾਂ ਦੀ ਸਪੇਸ ਨਾਂ-ਮਾਤਰ ਹੀ ਗਿਣੀ ਜਾ ਸਕਦੀ ਹੈ। ਇਹਨਾਂ ਲਾਗੀ ਜਾਤਾਂ ਵਿੱਚੋਂ ਜਾਂਦਾ ਹੈ। ਜਿਹੜੇ ਪਰਿਵਾਰ ਆਰਥਿਕ ਪੱਖ ਤੋਂ ਸਾਧਨ ਸੰਪੰਨ ਹੋ ਗਏ। ਉਹਨਾਂ ਦੀ ਸਮਾਜਿਕ ਚੜਤ ਜਜਮਾਨੀ ਜਾਤਾਂ, ਕਿਸਾਨੀ ਜਾਤਾਂ ਦੇ ਨਾਲ ਮੇਲ ਖਾਣ ਲਗਦੀ ਹੈ। ਲਾਗੀ ਜਾਤਾਂ ਵਿੱਚੋਂ ਕਈ ਪਰਿਵਾਰਾਂ ਦੇ ਨਵੀਂ ਪੀੜੀ ਦੇ ਮੁੰਡੇ ਕੁੜੀਆਂ ਚੰਗੇ ਪੜ੍ਹ ਲਿਖ ਜਾਣ ਕਾਰਨ ਚੰਗੀਆਂ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ। ਕਈ ਨੌਜਵਾਨਾਂ ਨੇ ਅਰਬ ਦੇਸ਼ਾਂ ਅਤੇ ਪੱਛਮੀ ਦੇਸ਼ਾਂ ਵੱਲ ਉਡਾਰੀ ਮਾਰੀ ਅਤੇ ਆਪਣੀ ਆਰਥਿਕ ਅਤੇ ਸਮਾਜਿਕ ਪੱਧਰ ਤੇ ਦਸ਼ਾ ਨੂੰ ਸੁਧਾਰਿਆ ਹੈ। ਲਾਗੀ ਜਾਤਾਂ ਦੇ ਸਮਾਜਿਕ ਪੱਧਰ ਤੇ ਬਣਦੇ ਕਿਸਾਨੀ ਪਰਿਵਾਰਾਂ ਨਾਲ ਆਪਸੀ ਸੰਬੰਧਾਂ ਨੂੰ ਆਰਥਿਕ ਪੱਖ ਤੋਂ ਵਿਚਾਰ ਕੇ ਦੇਖਿਆ ਜਾ ਸਕਦਾ ਹੈ। ਇਹਨਾਂ ਲਾਗੀ ਜਾਤਾਂ ਦੀ ਚੰਗੀ ਆਰਥਿਕ ਹਾਲਤ ਕਰਕੇ ਕਈ ਕਿਸਾਨੀ ਪਰਿਵਾਰਾਂ $;ਨਾਲ ਚੰਗੇ ਸਮਾਜਿਕ ਸੰਬੰਧ ਸਥਾਪਿਤ ਹੁੰਦੇ ਦੇਖੇ ਜਾ ਸਕਦੇ ਹਨ। ਪੇਂਡੂ ਇਕਾਈ ਵਿਚ ਸਵੈ ਇੱਛਾ ਨਾਲ ਲੋਕ ਭਲਾਈ ਲਈ ਬਣੀਆਂ ਕਮੇਟੀਆਂ ਸਮਾਜਿਕ ਸੰਗਠਨਾ ਕਲੱਬਾਂ ਅਤੇ ਹੋਰ ਸਾਂਝੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸਮੇਂ-ਸਮੇਂ 'ਤੇ ਹੋਂਦ ਵਿਚ ਆਉਂਦੀਆਂ ਕਮੇਟੀਆਂ, ਸੰਗਠਨਾਂ ਵਿੱਚ ਇਹਨਾਂ ਲਾਗੀ ਜਾਤਾਂ ਦੀ ਭਾਗਦਾਰੀ ਨਾਂਹ-ਮਾਤਰ ਹੀ ਹੁੰਦੀ ਹੈ। ਪੇਂਡੂ ਸਮਾਜ ਵਿੱਚ ਕਿਸਾਨੀ ਧਿਰ ਵੱਲੋਂ ਇਹ ਜਾਤਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਹਨਾਂ ਜਾਤਾਂ ਵਿਚ ਹੀਣ-ਭਾਵਨਾ ਭਰ ਜਾਂਦੀ ਹੈ ਤੇ ਇਹ ਹੌਲੀ-ਹੌਲੀ ਪਿੰਡ ਪੱਧਰ ਦੇ ਸਮਾਜ-ਸਭਿਆਚਾਰਕ ਵਿਚ ਰਹਿੰਦੇ ਹੋਏ ਵੀ ਹਾਸ਼ੀਏ ਤੇ ਆ ਜਾਂਦੇ ਹਨ।

ਪਿੰਡ ਭੋਤਨਾ ਦੇ ਸੰਦਰਭ ਵਿਚ, ਸਾਂਝੇ ਕੰਮ ਕਰਦੇ ਕਲੱਬਾਂ, ਮੋੜੀ ਮੱਡ ਅਸਥਾਨ ਕਮੇਟੀ, ਸ਼ਮਸ਼ਾਨ ਘਾਟ ਕਮੇਟੀ, ਲਾਇਬਰੇਰੀ ਕਮੇਟੀ,ਅਤੇ ਸਰਬ ਸਾਂਝੇ ਅਸਥਾਨ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰਵਿਚ ਲਾਗੀ ਜਾਤਾਂ ਦੀ ਨੁਮਾਇੰਦਗੀ ਨਾਂਹ ਮਾਤਰ, ਕਈ ਵਾਰੀ ਬਿਲਕੁਲ ਵੀ ਨਹੀਂ ਹੁੰਦੀ। ਪ੍ਰਬਲ ਜਾਤੀ (ਜੱਟ ਕਿਸਾਨੀ ਜਾਂ ਆਰਥਿਕ ਪੱਖੋਂ ਸੰਪੰਨ ਵਰਗ) ਵੱਲੋਂ ਲਾਗੀ ਜਾਤਾਂ ਨੂੰ ਇਹਨਾਂ ਕਮੇਟੀਆ ਵਿੱਚ ਲੈਣ ਵੇਲੇ ਅਣਗੋਲਿਆਂ ਕਰ ਦਿੱਤਾ ਜਾਂਦਾ ਹੈ। ਗੁਰੂਦੁਆਰਾ ਪ੍ਰਬੰਧਕ ਕਮੇਟੀ ਵਿਚ ਸਿਰਫ਼ ਇੱਕ ਵਾਰ 'ਛੇ ਮਹੀਨੇ' ਲਈ ਤਰਖਾਣ ਜਾਤੀ ਵਿੱਚੋਂ ਇੱਕ ਵਿਅਕਤੀ ਨੂੰ ਪ੍ਰਧਾਨਗੀ ਦੇ ਅਹੁਦੇ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਪਿੰਡ ਵਿੱਚ ਦੋ

ਕਲੱਬ ਸ਼ਹੀਦ ਭਗਤ ਸਿੰਘ ਯਾਦਗਾਰੀ ਕਲੱਬ ਅਤੇ ਬਾਬਾ ਦੀਪ ਸਿੰਘ ਯੂਥ ਕਲੱਬ, ਕਾਰਜਸ਼ੀਲ ਹਨ। ਇਹਨਾਂ ਕਲੱਬਾਂ ਵਿੱਚ ਕਲੱਬ ਦੇ ਮੁੱਖ ਅਹੁਦਿਆਂ ਉੱਪਰ ਪ੍ਰਧਾਨ, ਖਜਾਨਚੀ ਅਤੇ ਸਕੱਤਰ ਦੇ ਅਹੁਦੇ ਤੇ ਅੱਜ ਤੱਕ ਇਹਨਾਂ ਲਾਗੀ ਜਾਤਾਂ ਨੂੰ ਨਿਯੁਕਤ ਨਹੀਂ ਕੀਤਾ ਗਿਆ। ਕਈ ਵਾਰੀ ਇਹਨਾਂ ਜਾਤਾਂ ਵਿਚੋਂ ਵੱਖ-ਵੱਖ ਕਮੇਟੀਆਂ ਵਿੱਚ ਮੈਂਬਰ ਵਜੋਂ ਕਿਸੇ ਵਿਅਕਤੀ ਨੂੰ ਨਾਮਜ਼ਦ ਕਰ ਲਿਆ ਜਾਂਦਾ ਹੈ। ਪਰ ਕਮੇਟੀ ਵੱਲੋਂ ਲਏ ਜਾਂਦੇ ਫੈਸਲਿਆਂ, ਪਾਏ ਜਾਂਦੇ ਮਤਿਆਂ ਵਿਚ ਇਹਨਾਂ ਲਾਗੀ ਜਾਤਾਂ ਦੇ ਮੈਂਬਰਾਂ ਦੀ ਬਹੁਤੀ ਪੁੱਛ-ਪ੍ਰਤੀਤ ਨਹੀਂ ਕੀਤੀ ਜਾਂਦੀ ਸਿੱਟੇ ਵਜੋਂ ਇਹ ਕਮੇਟੀ ਮੈਂਬਰ ਹੁੰਦੇ ਹੋਏ ਵੀ ਕਮੇਟੀ ਵੱਲੋਂ ਹਾਸ਼ੀਏ ਤੇ ਧੱਕ ਦਿੱਤੇ ਜਾਂਦੇ ਹਨ।

ਆਰਥਿਕ ਪੱਖੋਂ ਕਮਜ਼ੋਰ ਜਾਂ ਕਿਸਾਨੀ ਵਰਗ ਤੋਂ ਹੋਰ ਨਿੱਤ ਪੈਂਦੇ ਕੰਮਾਂ ਗਰਜਾਂ ਪੂਰੀਆਂ ਕਰਨ ਲਈ ਇਹ ਲਾਗੀ ਜਾਤਾਂ ਦੇ ਮੈਂਬਰ ਆਪਣੀ ਖੁੱਲ ਰਾਇ ਵੀ ਪ੍ਰਗਟਾ ਨਹੀਂ ਸਕਦੇ। ਕਮੇਟੀਆਂ ਵੱਲੋਂ ਲਏ ਜਾਂਦੇ ਫੈਸਲਿਆਂ, ਗਲਤ ਫੈਸਲਿਆਂ ਪ੍ਰਤੀ ਆਪਣਾ ਵਿਰੋਧ ਵੀ ਦਰਜ ਨਹੀਂ ਕਰਾਉਂਦੇ, ਸਰਗਰਮ ਹਿੱਸੇਦਾਰੀ ਨਾ ਹੋ ਕਰਕੇ ਕਮੇਟੀ ਮੈਂਬਰ ਇਹਨਾਂ ਦੀ ਰਾਇ ਲੈਣਾ ਉਚਿਤ ਹੀ ਨਹੀਂ ਸਮਝਦੇ। ਇਸ ਤਰ੍ਹਾਂ ਇਹ ਜਾਤਾਂ ਪਿੰਡ ਪੱਧਰ ਤੇ ਆਪਣੇ ਆਪ ਹਾਸੀਆਂ ਗ੍ਰਸ਼ਤ ਹੋ ਜਾਂਦੀਆਂ ਹਨ।

ਪ੍ਰਬਲ ਜਾਤੀ (ਜੱਟ ਕਿਸਾਨੀ ਜਾਤੀ) ਲਾਗੀ ਜਾਤਾਂ ਤੋਂ ਆਪਣੇ ਆਪ ਨੂੰ ਉੱਚਾ ਮੰਨਦੀ ਹੋਈ ਲਾਗੀ ਜਾਤਾਂ ਦੇ ਕਿਸੇ ਵੀ ਵਿਅਕਤੀ ਨੂੰ ਮੁੱਖ ਅਹੁਦੇਦਾਰੀ ਦੇ ਕੇ ਆਪਣੇ ਆਪ ਨੂੰ ਉਸ ਵਿਅਕਤੀ ਦੇ ਥੱਲੇ ਕੰਮ ਕਰਨ ਵਿੱਚ ਆਪਣੀ ਹੇਠੀ (ਬੇਇੱਜਤੀ) ਸਮਝਦੀ ਹੈ। ਕਮੇਟੀ ਦੇ ਫੈਸਲਿਆਂ ਦੇ ਵਿਰੋਧ ਵਿਚ ਕਈ ਵਾਰੀ ਪ੍ਰਬਲ ਜਾਤੀ ਦੇ ਲੋਕ ਇਕੱਠੇ ਹੋ ਕੇ ਲਾਗੀ ਜਾਤਾਂ ਦੇ ਮੈਂਬਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ।

ਪਿੰਡ ਪੱਧਰ ਸਮਾਜਿਕ ਢਾਂਚੇ ਵਿਚ ਕਿਸੇ ਵੀ ਸੰਗਠਨ ਦੇ ਉੱਚ ਅਹੁਦੇ ਲਈ ਭਾਵੇ ਲਾਗੀ ਜਾਤੀਆਂ ਵਿਚੋਂ ਕੋਈ ਵਿਅਕਤੀ ਚੁਣਿਆਂ ਵੀ ਜਾਵੇ, ਤਾਂ ਉਸ ਵਿਅਕਤੀ ਦੀ ਜਾਤੀ ਨੂੰ ਵਿਅੰਗਮਈ ਢੰਗ ਨਾਲ ਜਾਤੀ ਦਾ ਉਪਨਾਮ ਲੈ ਕੇ ਭੰਡਿਆ ਜਾਂਦਾ ਹੈ। ਭਾਵੇਂ ਪ੍ਰਬਲ ਜਾਤੀ ਦੇ ਲੋਕ ਇਹਨਾ ਜਾਤੀ ਦੇ ਮੈਂਬਰਾਂ ਦੇ ਮੂੰਹ ਤੇ ਗੱਲ ਕਹਿਣ ਦੀ ਹਿੰਮਤ ਨਹੀਂ ਜੁਟਾਉਦੇਂ ਹਨ।

ਲਾਗੀ ਜਾਤਾਂ ਵਿਚ ਆਰਥਿਕ ਪੱਖੋਂ ਖੁਸ਼ਹਾਲ, ਪਰਿਵਾਰਾ ਨਾਲ ਪ੍ਰਬਲ ਜਾਤੀ (ਉੱਚ ਜਾਤੀ) ਵੱਲੋਂ ਵਿਆਹ ਸ਼ਾਦੀਆਂ, ਖੁਸੀ ਗਮੀ ਵਿਚ ਅਤੇ ਹੋਰ ਖੁਸ਼ੀ ਗਮੀ ਦੇ ਕਾਰਜਾਂ ਵੇਲੇ ਵੱਧ ਚੜ੍ਹ ਵਰਤਿਆ ਜਾਂਦਾ ਹੈ। ਇਹਨਾਂ ਪਰਿਵਾਰਾਂ ਨੂੰ ਆਪਣੀ ਖੁਸ਼ੀ ਗਮੀ ਦੇ ਕਾਰਜਾਂ ਲਈ ਸੱਦਾ ਦਿੰਦੇ ਹਨ। ਪਰ ਲਾਗੀ ਪਰਿਵਾਰਾਂ ਦੇ ਸਾਧਨਹੀਣ ਪਰਿਵਾਰ ਇਹਨਾਂ ਵੱਲੋਂ ਅਣਗੋਲਿਆਂ ਹੀ ਕਰ ਦਿੱਤੇ ਜਾਂਦੇ ਹਨ।

ਕਿਸਾਨੀ ਅਤੇ ਲਾਗੀ ਜਾਤਾਂ ਦੇ ਆਪਸੀ ਸਮਾਜਿਕ ਸੰਬੰਧ ਕਈ ਵਾਰ ਸਵਾਰਥ ਹਿੱਤ ਉਸਰੇ ਦਿਖਾਈ ਦਿੰਦੇ ਹਨ। ਉਦਾਹਰਨ ਦੇ ਤੌਰ ਕਿਸੇ ਲਾਗੀ ਜਾਤੀ ਵਿਚੋਂ ਕੋਈ ਪਰਿਵਾਰਿਕ ਮੈਂਬਰ ਕਿਸੇ ਸਰਕਾਰੀ ਉੱਚ ਅਹੁਦੇ ਤੇ ਪਹੁੰਚ ਗਿਆ ਹੋਵੇ ਜਾਂ ਉਸ ਕੋਲ ਚੰਗਾ ਧਨ ਹੋਵੇ, ਗੱਡੀ ਕਾਰ ਹੋਵੇ ਜਾਂ ਸਰਕਾਰੀ ਤੰਤਰ ਵਿਚ ਉਸ ਦੀ ਪਹੁੰਚ ਹੋਵੇ ਆਦਿ। ਲਾਗੀ ਜਾਤਾਂ ਵਿਚੋਂ ਕਿਸੇ ਪਰਿਵਾਰਿਕ ਮੈਂਬਰ ਤੋਂ ਆਰਥਿਕ ਮੱਦਦ ਲੈਣਾ ਸੰਕਟ, ਬਿਮਾਰੀ ਵੇਲੇ, ਉਸਦੀ ਗੱਡੀ ਨੂੰ ਵਰਤਣਾ, ਆਦਿ ਕਈ ਮੌਕੇ ਅਜਿਹੇ ਹੁੰਦੇ ਹਨ ਜਦੋਂ ਲਾਗੀ ਜਾਤੀ ਦੇ ਨਾਲ ਉੱਚ ਜਾਤੀਆਂ ਵੱਲੋਂ ਆਪਸੀ ਸੰਬੰਧ ਸਥਾਪਿਤ ਕਰ ਲਏ ਜਾਂਦੇ ਹਨ।

ਲਾਗੀ ਜਾਤੀ ਦੇ ਆਰਥਿਕ ਪੱਖੋਂ ਖੁਸ਼ਹਾਲ ਪਰਿਵਾਰਾਂ ਦੇ ਘਰ ਖੁਸ਼ੀ ਗਮੀ ਵਿਚ ਉੱਚ ਜਾਤੀ ਦੇ ਲੋਕਾਂ ਵੱਲੋਂ ਸ਼ਾਮਿਲ ਹੋਇਆ ਜਾਂਦਾ। ਲਾਗੀ ਜਾਤੀ ਦੇ ਲੋਕ ਵੀ ਇਹਨਾਂ ਮੌਕਿਆਂ ਤੇ ਉੱਚ ਜਾਤੀ ਦੇ ਲੋਕਾਂ ਨੂੰ ਸੱਦਾ ਪੱਤਰ ਦੇ ਕੇ ਸਮਾਜਿਕ ਚੜ੍ਹਤ ਨੂੰ ਬਣਾਉਣ ਲਈ ਤਤਪਰ ਰਹਿੰਦੇ ਹਨ।

ਰਾਜਨੀਤਿਕ ਪੱਧਰ ਤੇ ਲਾਗੀ ਜਾਤਾਂ ਦੀ ਸਰਗਰਮ ਭੂਮਿਕਾਂ ਨਾ ਦੇ ਬਰਾਬਰ ਹੀ ਹੁੰਦੀ ਹੈ। ਕੋਈ ਵੀ ਰਾਜਨੀਤਿਕ ਪਾਰਟੀ ਆਪਣੀ ਪਾਰਟੀ ਲਈ ਪਿੰਡ ਪੱਧਰ ਦਾ ਮੁਖੀ ਉੱਚ ਜਾਤੀ ਦੇ ਮੈਂਬਰ ਨੂੰ ਹੀ ਨਿਯੁਕਤ ਕਰਦੀ ਹੈ। ਬਸਪਾ ਤੋਂ ਬਿਨਾਂ ਰਾਜਨੀਤਿਕ ਮੁਖੀ ਬਣਨ ਲਈ ਪਹਿਲੀ ਸ਼ਰਤ ਉਸਦਾ ਆਰਥਿਕ ਪੱਖੋਂ ਖੁਸ਼ਹਾਲ ਹੋਣਾ ਲਾਜ਼ਮੀ ਹੈ। ਤਾਂ ਜੋ ਉਹ ਆਪਣੇ ਪੱਧਰ ਤੇ ਖਰਚਾ ਕਰਕੇ ਪਾਰਟੀ ਦਾ ਪ੍ਰਚਾਰ ਕਰ ਸਕੇ ਅਤੇ ਪਿੰਡ ਵਿਚ ਚੰਗੀ ਚੜ੍ਹਤ ਹੋਵੇ।

ਪਿੰਡ ਵਿਚ ਘੱਟ ਗਿਣਤੀ ਹੋਣ ਕਰਕੇ ਇਹ ਜਾਤਾਂ ਆਪਣਾ ਸ਼ਕਤੀਸ਼ਾਲੀ ਗਰੁੱਪ ਖੜਾ ਨਹੀਂ ਕਰ ਪਾਉਂਦੀਆਂ। ਪਿੰਡ ਪੱਧਰ ਪੰਚਾਇਤੀ ਚੋਣਾ ਲਈ 1950 ਤੋਂ ਲੈ ਕੇ ਅੱਜ ਤੱਕ ਕੋਈ ਵੀ ਲਾਗੀ ਜਾਤਾਂ ਵਿਚੋਂ ਸਰਪੰਚ ਜਿੱਤਣਾ ਤਾਂ ਦੂਰ ਦੀ ਗੱਲ ਉਮੀਦਵਾਰ ਵੀ ਨਹੀਂ ਐਲਾਨਿਆ ਗਿਆ ਹੈ। ਪੰਚਾਇਤੀ ਵੋਟਾ ਵਿਚ 1956 ਤੋਂ ਅੱਜ ਤੱਕ ਦੋ ਵਾਰ ਤਰਖਾਣ ਜਾਤੀ ਅਤੇ ਝਿਊਰ ਜਾਤੀ ਵਿਚੋਂ ਉਮੀਦਵਾਰ ਐਲਾਨੇ ਗਏ, ਜੋ ਕਿ ਜਿੱਤ ਹਾਸਲ ਨਾ ਕਰ ਸਕੇ। ਪੰਚਾਇਤੀ ਚੋਣਾਂ ਵਾਰਡਬੰਦੀ ਅਧੀਨ ਲਾਗੀਆਂ ਜਾਤਾਂ ਦੀਆਂ ਵੋਟਾਂ ਖਿੰਡ ਜਾਦੀਆਂ ਹਨ। ਵੋਟਾਂ ਦੇ ਸਾਰੇ ਪਿੰਡ ਵਿਚ ਵੱਖ-ਵੱਖ ਵਾਰਡਾਂ ਵਿੱਚ ਵੰਡੇ ਜਾਣ ਕਾਰਨ ਲਾਗੀ ਜਾਤਾਂ ਆਪਣੀ ਵੋਟ ਸ਼ਕਤੀ ਕਰਕੇ ਉੱਚ ਜਾਤੀ ਤੇ ਕਿਸੇ ਪ੍ਰਕਾਰ ਦਾ ਦਬਾ ਨਹੀਂ ਪਾ ਸਕਦੀਆਂ।

ਲਾਗੀ ਜਾਤੀਆਂ ਦੇ ਪਰਿਵਾਰਾਂ ਦੀ ਆਰਥਿਕ ਹਾਲਤ ਬਹੁਤ ਸੁਖਾਵੀਂ ਨਾ ਹੋਣ ਕਰਕੇ ਉਹ ਆਪਣੀ ਰੋਜਾਨਾਂ ਦੀ ਗਰਜਾਂ/ਲੋੜਾਂ ਦੀ ਪੂਰਤੀ ਲਈ ਉਹਨਾਂ ਨੂੰ ਕਿਸਾਨੀ ਪ੍ਰਬਲ ਜਮਾਤ ਅੱਗੇ ਝੁਕਣਾ ਪੈਂਦਾ ਹੈ। ਉਹ ਆਪਣੀ ਰੋਜੀ ਰੋਟੀ ਲਈ ਦਿਹਾੜੀ, ਫੈਕਟਰੀ, ਆਪਣਾ ਸਵੈ ਰੁਜ਼ਗਾਰ ਦੇ ਧੰਦਿਆਂ ਵਿਚ ਰੁਝੇ ਰਹਿੰਦੇ ਹਨ। ਉਹਨਾਂ ਕੋਲ ਐਨੀ ਵਿਹਲ ਨਹੀਂ ਹੁੰਦੀ ਕਿ ਉਹ ਪਿੰਡ ਪੱਧਰ ਤੇ ਹੁੰਦੇ ਲੋਕ ਭਲਾਈ ਦੇ ਕੰਮਾਂ, ਪਿੰਡ ਪੱਧਰ ਦੇ ਸਮਾਜਿਕ ਧਾਰਮਿਕ, ਸੱਭਿਆਚਾਰਕ ਕੰਮਾਂ, ਜਿਵੇਂ

ਟੂਰਨਾਮੈਂਟ ਕਰਾਉਣਾ, ਸਾਂਝੇ ਥਾਂ ਤੇ ਅਖੰਡ ਪਾਠ ਦਾ ਪ੍ਰਕਾਸ਼ ਕਰਵਾਉਣ ਦਾ ਪ੍ਰਬੰਧ, ਯੱਗ ਕਰਨਾ ਆਦਿ ਸਾਂਝੇ ਕੰਮਾਂ ਵਿਚ ਸਰਗਰ ਹਿੱਸੇਦਾਰੀ ਪਾ ਸਕਣ। ਇਹਨਾਂ ਕੰਮਾਂ ਵਿਚ ਪਿੰਡ ਪੱਧਰ 'ਤੇ ਚਮਕ ਜਾਣ/ਛਾ ਜਾਣ ਦੇ ਮੌਕੇ ਹੱਥੋਂ ਖੁੰਝਦੇ ਜਾਂਦੇ ਹਨ।

ਵਿਅੰਗਤਮ ਭਾਸ਼ਾ, ਬੋਲੀ ਰਾਹੀਂ ਉਹਨਾਂ ਦਾ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਤਰ੍ਹਾ ਹਾਸ਼ੀਏ ਤੇ ਬੈਠੀਆਂ ਲਾਗੀ ਜਾਤਾਂ, ਕਈ ਵਾਰੀ ਪਿੰਡ ਛੱਡਕੇ ਸ਼ਹਿਰ ਵੱਸ ਜਾਂਦੀਆਂ ਹਨ। ਇਸ ਤਰ੍ਹਾਂ ਇਹ ਵਰਗ ਮਾਨਸਿਕ ਪੀੜਾ ਵਿਚੋਂ ਗੁਜਰਦਾ ਹੋਇਆ ਨਿਮਨ ਜਾਤ, ਵਿਅੰਗਤਮ ਭਾਸ਼ਾ, ਅਣਗੌਲਿਆ, ਆਰਥਿਕ ਨਾ ਬਰਾਬਰੀ, ਵੱਖ-ਵੱਖ ਪ੍ਰੋਗਰਾਮਾਂ ਵਿੱਚ ਪੁੱਛ-ਪ੍ਰਤੀਤ ਨਾ ਹੋਣ ਕਰਕੇ, ਆਪਣੇ ਆਪ ਮਾਨਸਿਕ ਪੀੜਾ ਸਹਿਣ ਕਰਦਾ "ਸਬਾਲਟਰਨ" ਵਰਗ ਬਣ ਜਾਂਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਡਾ. ਸੁਖਦੇਵ ਸਿੰਘ, ਪੇਂਡੂ ਸਮਾਜ ਅਤੇ ਪੇਂਡੂ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਉਧਰਿਤ, ਪੰਨਾ-5

2. ਉਹੀ, ਉਧਰਿਤ, ਪੰਨਾ-6

3. ਉਹੀ, ਉਧਰਿਤ, ਪੰਨਾ-6

4.https://punjabipedia.org/topic.aspx?txt=%E0%A8%B2%E0%A8%BE%E0%A8%97%E0%A9%80 4-05-2021

5. ਡਾ. ਹਰਕੀਰਤ ਸਿੰਘ, ਡਾ.ਮੇਵਾ ਸਿੰਘ, ਕਿਰਪਾਲ ਕਜ਼ਾਕ, ਕਿੱਤਾ ਸ਼ਬਦ ਕੋਸ਼, ਪੰਜਾਬੀ ਯੂੀਵਰਸਿਟੀ ,ਪਟਿਆਲਾ, 1999, ਪੰਨਾ-69

6.https://punjabipedia.org/topic.aspx?txt=%E0%A8%B2%E0%A8%BE%E0%A8%97%E0%A9%80 4-05-2021

7. ਉਹੀ

8. Dr. Sukanya Das SOCIAL STRUCTURE AND SOCIAL CHANGEUSI PUBLICATIONS Lovely Professional University

PHAGWARA,page-129

9. ਉਹੀ 129



**ਖੋਜਾਰਥੀ**
**ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ**
**ਪਟਿਆਲਾ।**


**(ਪੰਨਾ 44 ਦਾ ਬਾਕੀ)**

ਟੱਕਰ ਲੈਣ ਦੇ ਸਮਰੱਥ ਉਸ ਨੂੰ ਬਣਾ ਦਿੰਦੇ ਹਨ। ਬੰਦਾ ਸਿੰਘ ਬਹਾਦਰ ਦੀ ਸ਼ਖਸ਼ੀਅਤ ਅਜਿਹਾ ਹੀ ਪ੍ਰਭਾਵ ਸਿਰਜਦੀ ਹੈ।ਜਿਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਦੀ ਕੁਰਬਾਨੀ ਬਹੁਤ ਕੁਝ ਸਿਖਾ ਦਿੰਦੀ ਹੈ।ਇਹਨਾਂ ਦੋਹਾਂ ਦੀ ਕੁਰਬਾਨੀ ਤੋਂ ਅਜੋਕੇ ਸਿਆਸਤਦਾਨਾਂ ਤੇ ਆਮ ਲੋਕਾਂ ਨੂੰ ਸੇਧ ਦਿੰਦੀ ਹੈ ਕਿ ਉਹ ਆਪਣੇ ਪੁੱਤਰਾਂ, ਧੀਆਂ ਦਾ ਹਿੱਤ ਛੱਡ ਕੇ ਦੇਸ਼ ਲਈ ਕੁਰਬਾਨ ਹੋਣ ਦਾ ਜਜਬਾ ਲੈ ਕੇ ਜਿਉਣ। ਡਾ. ਸੁਰਜੀਤ ਬਰਾੜ ਦਾ ਕਹਿਣਾ ਹੈ ਕਿ ਬਲਦੇਵ ਸਿੰਘ ਨੇ ਤਤਕਾਲੀ ਯੁੱਗ ਦੀਆਂ ਮਾਨਤਾਵਾਂ ਨੂੰ ਅਭਿਵਿਅਕਤ ਨਹੀਂ ਕੀਤਾ ਸਗੋਂ ਉਸ ਯੁੱਗ ਦੇ ਤਿੱਖੇ ਜਮਾਤੀ ਦਵੰਦਾਂ, ਤਨਾਵਾਂ, ਟਕਰਾਓ, ਜਮਾਤੀ ਸੰਘਰਸ਼ ਨੂੰ ਪੇਸ਼ ਕੀਤਾ ਹੈ।5 ਬਲਦੇਵ ਸਿੰਘ ਨੇ ਇਸ ਨਾਵਲ ਚ ਗਲਪ ਤੇ ਇਤਿਹਾਸ ਸਬੰਧੀ ਦੂਹਰੀ ਜਿੰਮੇਵਾਰੀ ਨਿਭਾਈ ਹੈ।

### ਹਵਾਲੇ



1. ਬਲਦੇਵ ਸਿੰਘ, ਮਹਾਂਬਲੀ ਸੂਰਾ, ਲੋਕਗੀਤ, ਪ੍ਰਕਾਸ਼ਨ, ਚੰਡੀਗੜ੍ਹ, 2011 ਪੰ.67
2. ਡਾ. ਗੁਰਜੀਤ ਸਿੰਘ, ਬਲਦੇਵ ਸਿੰਘ ਦੇ ਨਾਵਲ:ਸਮਾਜ-ਸਭਿਆਚਾਰਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015 ਪੰ. 177 3. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪਟਿਆਲਾ, 2008, ਪੰ.141-142
4. ਜਗਜੀਤ ਸਿੰਘ, ਸਿੱਖ ਇਨਕਲਾਬ, ਪੰ. 115
5. ਸੁਰਜੀਤ ਬਰਾੜ, ਮਹਾਂਬਲੀ ਸੂਰਾ : ਜਮਾਤੀ ਸੰਘਰਸ਼ ਦਾ ਵਾਹਕ, ਪੰ.6



**ਖੋਜਾਰਥੀ**
**ਪੰਜਾਬੀ ਵਿਭਾਗ**
**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ**
**(ਬਠਿੰਡਾ)**






# ਪ੍ਰਤਿਮਾਨ ਦੇ ਲੇਖਕ ਦੋਸਤਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ




RNI NO. PUNPUN / 2006 / 16230 January-June 2021 ISSN: 2277-9930


## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ


































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS